New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 13 September, 2024 C ੨੯ ਭਾਦੋਂ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਚੋਣਾਂ 19 ਅਕਤੂਬਰ ਨੂੰ

## ਮੁੱਖ ਮੁਕਾਬਲਾ ਬੀ.ਸੀ. ਐਨ.ਡੀ.ਪੀ. ਅਤੇ ਬੀ.ਸੀ. ਕੰਜ਼ਰਵੇਟਿਵ ਪਾਰਟੀਆਂ ਦਰਮਿਆਨ, 21 ਸਤੰਬਰ ਤੋਂ ਹੋਵੇਗਾ ਚੋਣ ਪ੍ਰਚਾਰ ਸ਼ੁਰੂ

ਸਰੀ, (ਸਿਮਰਨਜੀਤ ਸਿੰਘ ਗਿੱਲ): ਬ੍ਰਿਟਿਸ਼ ਕੋਲੰਬੀਆ ਦੀਆਂ ਸੂਬਾਈ ਚੋਣਾਂ ਜੋ ਕਿ 19 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ ਅਤੇ ਇਸ ਵਾਰ ਮੁੱਖ ਮੁਕਾਬਲਾ ਸਿਰਫ਼ ਦੋ ਪਾਰਟੀਆਂ ਵਿੱਚ ਵੀ ਹੋਣ ਦੀ ਚਰਚਾ ਹੈ ਕਿਉਂਕਿ ਬੀਤੇ ਦਿਨੀਂ ਬੀ.ਸੀ. ਯੂਨਾਇਟਡ ਪਾਰਟੀ ਦੇ ਪ੍ਰਧਾਨ ਕੇਵਿਨ ਫਾਲਕਨ ਵਲੋਂ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਹੱਕ 'ਚ ਪ੍ਰਚਾਰ ਕਰਨ ਲਈ ਸਮਰਥਣ ਦੇ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਹੁਣ ਬੀ.ਸੀ. ਐਨ.ਡੀ.ਪੀ. ਅਤੇ ਬੀ.ਸੀ. ਕੰਜ਼ਰਵੇਟਿਵ ਪਾਰਟੀਆਂ ਦਰਮਿਆਨ ਹੀ ਮੁਖ ਚੋਣ ਮੁਕਾਬਲੇ




ਹੋਣਗੇ। ਚੋਣ ਪ੍ਰਚਾਰ ਦੀ ਸ਼ੁਰੂਆਤ 21 ਸਤੰਬਰ ਤੋਂ ਹੋਵੇਗੀ, ਉਮੀਦਵਾਰਾਂ ਵਲੋਂ ਨਾਮਜ਼ਦਗੀ ਦਾਖਲ ਕਰਨ ਦੀ ਆਖਰੀ ਤਰੀਕ 28 ਸਤੰਬਰ ਦੀ ਹੈ। ਪਹਿਲਾ ਮਤਦਾਨ (ਐਡਵਾਂਸ ਵੋਟਿੰਗ): 10-13, 15-16 ਅਕਤੂਬਰ, 2024 ਅਤੇ ਅੰਤਿਮ ਮਤਦਾਨ ਦਿਨ: 19 ਅਕਤੂਬਰ, 2024 ਨੂੰ ਹੋਵੇਗਾ। 2024 ਦੀਆਂ ਚੋਣਾਂ ਵਿੱਚ ਨਵੀਆਂ ਵੋਟਿੰਗ ਪ੍ਰਕਿਰਿਆਵਾਂ ਵਰਤੀਆਂ ਜਾਣਗੀਆਂ। ਹਾਲਾਂਕਿ ਪਹਿਲਾਂ ਹੱਥ ਨਾਲ ਤਿਆਰ

☛ ਬਾਕੀ ਸਫ਼ਾ 2 'ਤੇ

# ਜ਼ਿਆਦਾਤਰ ਕੈਨੇਡੀਅਨ ਸਮੇਂ ਤੋਂ ਪਹਿਲਾਂ ਫੈਡਰਲ ਚੋਣਾਂ ਨਹੀਂ ਚਾਹੁੰਦੇ

**ਸਰੀ, (ਸਿਮਰਨਜੀਤ ਸਿੰਘ):** ਇੱਕ ਨਵੇਂ ਸਰਵੇ ਦੇ ਮੁਤਾਬਕ ਜ਼ਿਆਦਾਤਰ ਕੈਨੇਡੀਅਨ ਚਾਹੁੰਦੇ ਹਨ ਕਿ ਵਿਰੋਧੀ ਪਾਰਟੀਆਂ ਲਿਬਰਲਾਂ ਨਾਲ ਮਿਲ ਕੇ ਕੰਮ ਕਰਨ, ਅਤੇ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦੇ ਹੱਕ 'ਚ ਨਹੀਂ ਹਨ।

6 ਤੋਂ 10 ਸਤੰਬਰ ਤੱਕ ਕੀਤੇ ਗਏ ਇੱਕ ਸਰਵੇ ਦੇ ਅਨੁਸਾਰ ਕੈਨੇਡੀਅਨ ਲੋਕਾਂ ਦੀ ਰਾਏ ਨੂੰ ਅੰਕਿਤ ਕੀਤਾ ਗਿਆ। ਇਹ ਸਰਵੇ ਐਨ.ਡੀ.ਪੀ. ਵਲੋਂ ਸਮਰਥਨ




ਅਤੇ ਸਮਝੌਤੇ ਨੂੰ ਖਤਮ ਕਰਨ ਦੇ ਤੁਰੰਤ ਬਾਅਦ ਕਰਵਾਇਆ ਗਿਆ, ਜੋ ਲਿਬਰਲ ਸਰਕਾਰ ਨੂੰ 2024 ਦੇ ਫਾਲ ਸੀਜ਼ਨ ਤੱਕ ਸੱਤਾ ਵਿੱਚ ਰੱਖਣ ਲਈ ਸੀ। ਐਨ. ਡੀ. ਪੀ. ਨੇਤਾ ਜਗਮੀਤ ਸਿੰਘ ਨੇ ਵੀ ਸਮਝੌਤਾ ਖਤਮ ਕਰਨ ਤੋਂ ਬਾਅਦ ਇਹ ਗੱਲ ਆਖੀ ਸੀ ਕਿ ਹੁਣ ਚੋਣਾਂ ਦਾ ਸੰਭਾਵਨਾ ਵਧ ਗਈ ਹੈ। ਪਰ ਕੈਨੇਡੀਅਨ ਮਾਹਰਾਂ ਦਾ ਕਹਿਣਾ ਹੈ ਕਿ ਅਜੇ ਚੋਣਾਂ ਸਮੇਂ ਤੋਂ ਪਹਿਲਾਂ ਹੋਣ ਦੀ ਬਹੁਤੀ

☛ ਬਾਕੀ ਸਫ਼ਾ 2 'ਤੇ

SK BASRA FURNITURE LTD.
All Kinds of custom made furniture
Sofa Set Box Bed, Folding Bed, Coffee Table
Foam Cushion, Mattress
Gift Items & Canvas Paintings
Punjabi Culture, Rajasthani, Running Horses
Waterfall, Landscape, Budhas, Religious etc.
ਅਸੀਂ ਡਿਲਵਰੀਆਂ ਵੀ ਕਰਦੇ ਹਾਂ।
604-751-4555
#2 - 7743 128 St. 77 Ave Surrey

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

PINE LIGHTING
WE CARRY ALL MAJOR BRANDS
WE HAVE MOVED
6878 King Gorge Blvd Same Building, Different Unit
ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।
604-591-8895

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call
604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

### ਜ਼ਿਆਦਾਤਰ ਕੈਨੇਡੀਅਨ ਸਮੇਂ ...

ਜ਼ਿਆਦਾ ਉਮੀਦ ਨਹੀਂ ਕੀਤੀ ਜਾ ਸਕੀ। ਇਸ ਸਮੇਂ, ਸਰਵੇਖਣਾਂ ਦੇ ਨਤੀਜੇ ਵੀ ਇਹ ਦਰਸਾਉਂਦੇ ਹਨ ਕਿ 56 ਫ਼ੀਸਦੀ ਕੈਨੇਡੀਅਨ ਅਜੇ ਚੋਣਾਂ ਨਹੀਂ ਚਾਹੁੰਦੇ, ਅਤੇ ਉਹ ਸਾਰੀਆਂ ਪਾਰਟੀਆਂ ਤੋਂ ਉਮੀਦ ਕਰ ਰਹੇ ਹਨ ਕਿ ਸਰਕਾਰ ਨਾਲ ਕੇਸ-ਟੂ-ਕੇਸ ਅਧਾਰ 'ਤੇ ਕੰਮ ਕਰਨ। ਸਿਰਫ਼ ਅਲਬਰਟਾ ਅਤੇ ਸਕਾਚੀਵਨ ਵਿੱਚ, ਜ਼ਿਆਦਾਤਰ ਲੋਕ ਇਹ ਚਾਹੁੰਦੇ ਹਨ ਕਿ ਜਲਦੀ ਤੋਂ

## ਸਫ਼ਾ 1 ਦਾ ਬਾਕੀ

ਜਲਦੀ ਸਰਕਾਰ ਨੂੰ ਹਟਾਇਆ ਜਾਵੇ।

ਜਦੋਂ ਕਿ ਵਿਰੋਧੀ ਪਾਰਟੀਆਂ ਨੇ ਟਰੂਡੋ ਦੀ ਅਗਵਾਈ 'ਤੇ ਨਿਰਾਸ਼ਾ ਜ਼ਾਹਰ ਕੀਤੀ ਹੈ, ਟਰੂਡੋ ਨੇ ਕਿਹਾ ਕਿ ਉਹ ਬਰਕਰਾਰ ਰਹਿਣਗੇ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਲਿਬਰਲਾਂ ਦੀ ਸਥਿਤੀ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕਰਨਗੇ। This report was written by Simranjit Singh as part of the Local Journalism Initiative.

### ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ

ਕੀਤੇ ਸੂਚੀਆਂ 'ਤੇ ਨਜ਼ਰ ਰੱਖੀ ਜਾਂਦੀ ਸੀ, ਇਸ ਵਾਰ ਇਲੈਕਟ੍ਰੋਨਿਕ ਤਰੀਕੇ ਨਾਲ ਵੋਟਰਾਂ ਦੀ ਜਾਣਕਾਰੀ ਨੂੰ ਲੈਪਟਾਪਾਂ ਵਿੱਚ ਐਕਸੈਸ ਕੀਤਾ ਜਾਵੇਗਾ, ਜਿਸ ਨਾਲ ਪ੍ਰਕਿਰਿਆ ਤੇਜ਼ ਹੋਵੇਗੀ।

# ਇੰਟਰਨੈਸ਼ਨਲ ਫਿਲਮ ਫੈਸਟੀਵਲ 'ਚ ਵਿਵਾਦਪੂਰਨ ਫਿਲਮ 'ਰਸ਼ੀਅਨਜ਼ ਐਟ ਵਾਰ' ਨੂੰ ਲੈ ਕੇ ਭਖੀ ਸਿਆਸਤ

## ਕੈਨੇਡਾ ਦੀ ਜਨਤਾ ਦੇ ਪੈਸਿਆਂ ਨਾਲ ਅਜਿਹੀ ਫਿਲਮ ਦਾ ਸਮਰੱਥਣ ਕਰਨਾ ਗਲਤ : ਕ੍ਰਿਸਟਿਆ ਫ੍ਰੀਲੈਂਡ




ਸਰੀ, (ਸਿਮਰਨਜੀਤ ਸਿੰਘ): ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟਿਆ ਫ੍ਰੀਲੈਂਡ ਨੇ ਇਕ ਵਿਵਾਦਪੂਰਨ ਫਿਲਮ 'ਰਸ਼ੀਅਨਜ਼ ਐਟ ਵਾਰ' ਲਈ ਕੈਨੇਡਾ ਦੇ ਸਰਵਜਨਿਕ ਫੰਡਾਂ ਦੀ ਵਰਤੋਂ 'ਤੇ ਸਖ਼ਤ ਟਿੱਪਣੀ ਕੀਤੀ ਹੈ। ਇਸ ਫਿਲਮ ਨੂੰ ਕੈਨੇਡਾ ਦੇ ਕੁਝ ਸਰਕਾਰੀ ਚੈਨਲਾਂ ਤੋਂ ਸਰਕਾਰੀ ਗ੍ਰਾਂਟਾਂ ਰਾਹੀਂ ਫੰਡ ਮਿਲਿਆ ਹੈ, ਅਤੇ ਇਸਨੂੰ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ (TIFF) ਵਿੱਚ ਮੰਗਲਵਾਰ ਨੂੰ ਪੇਸ਼ ਕੀਤਾ ਗਿਆ। ਫਰੀਲੈਂਡ ਨੇ ਕਿਹਾ ਕਿ "ਇਹ ਸਹੀ ਨਹੀਂ ਹੈ ਕਿ ਕੈਨੇਡਾ ਦੇ ਜਨਤਾ ਦੇ ਪੈਸੇ ਨਾਲ ਇਸ ਤਰ੍ਹਾਂ ਦੀ ਫਿਲਮ ਦਾ ਸਮਰਥਨ ਕੀਤਾ ਜਾਵੇ।"

ਫਿਲਮ, ਜਿਸਦੀ ਨਿਰਦੇਸ਼ਕ ਰੂਸੀ-ਕੈਨੇਡੀਅਨ ਅਨਾਸਤਾਸੀਆ ਟਰੋਫਿਮੋਵਾ ਹੈ, ਵਲੋਂ ਇਹ ਫਿਲਮ ਉੱਤਰ ਅਮਰੀਕਾ ਵਿੱਚ ਪਹਿਲੀ ਵਾਰ ਪੇਸ਼ ਕੀਤੀ ਗਈ। ਇਸ ਫਿਲਮ ਦੀ ਰੂਸੀ ਫੌਜੀਆਂ ਦੀ ਕਹਾਣੀ ਹੈ ਜੋ ਯੂਕਰੇਨ ਵਿੱਚ ਲੜ ਰਹੇ ਹਨ। ਇਸ ਫਿਲਮ ਨੇ ਵਿਵਾਦ ਖੜ੍ਹਾ ਕੀਤਾ ਹੈ ਕਿਉਂਕਿ ਇਸਨੂੰ ਕੁਝ ਲੋਕਾਂ ਨੇ "ਰੂਸੀ ਪ੍ਰਚਾਰ" ਕਰਾਰ ਦਿੱਤਾ ਹੈ। ਯੂਕਰੇਨੀ-ਕੈਨੇਡੀਅਨ ਕਾਂਗਰਸ ਨੇ ਇਸ ਫਿਲਮ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕੀਤੇ, ਅਤੇ ਯੂਕਰੇਨ ਦੇ ਕੌਂਸਲ ਜਨਰਲ ਤੇ ਵਿਦੇਸ਼ ਮੰਤਰਾਲੇ ਨੇ ਵੀ ਇਸ ਫਿਲਮ ਦੀ ਆਲੋਚਨਾ ਕੀਤੀ ਹੈ।

ਫਰੀਲੈਂਡ, ਜੋ ਕਿ ਯੂਕਰੇਨੀ ਮੂਲ ਦੀ ਕੈਨੇਡੀਅਨ ਵੀ ਹੈ, ਨੇ ਵੀ ਇਸ ਫਿਲਮ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ "ਯੂਕਰੇਨੀ ਕੈਨੇਡੀਅਨ ਕਮੇਟੀ ਨੇ ਅਤੇ ਯੂਕਰੇਨੀ ਰਾਜਨੀਤਿਕ ਨਮਾਇੰਦਿਆਂ ਨੇ ਇਸ ਫਿਲਮ ਬਾਰੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ ਅਤੇ ਮੈਂ ਵੀ ਉਹਨਾਂ ਨਾਲ ਸਹਿਮਤ ਹਾਂ।" ਉਨ੍ਹਾਂ ਇਹ ਵੀ ਕਿਹਾ ਕਿ ਕੈਨੇਡਾ ਵੱਲੋਂ ਅਜਿਹੀ ਫਿਲਮ ਲਈ ਸਰਕਾਰੀ ਪੈਸਾ ਦੇਣਾ ਗਲਤ ਹੈ। ਅਨਾਸਤਾਸੀਆ ਟਰੋਫਿਮੋਵਾ ਨੇ ਕਿਹਾ ਹੈ ਕਿ ਉਹ ਸੱਤ ਮਹੀਨੇ ਰੂਸੀ ਫੌਜੀ ਬਟਾਲੀਅਨ ਦੇ ਨਾਲ ਬਿਤਾਏ, ਜਿੱਥੇ ਉਹ ਮੁਸਕਿਲਾਂ ਦਾ ਸਾਹਮਣਾ ਕਰ ਰਹੇ ਸਨ। ਉਹ ਕਹਿੰਦੀ ਹੈ ਕਿ ਇਹ ਫਿਲਮ ਰੂਸੀ ਹਕੂਮਤ ਨੂੰ ਬਿਨਾਂ ਦੱਸੇ ਬਣਾਈ ਗਈ ਸੀ ਅਤੇ ਇਸਦਾ ਮਕਸਦ ਸਿਧੇ ਫੌਜੀਆਂ ਦੇ ਜੀਵਨ ਨੂੰ ਦਰਸਾਉਣਾ ਸੀ। ਟਰੋਫਿਮੋਵਾ ਨੇ ਕਿਹਾ ਕਿ ਫਿਲਮ 'ਚ ਰੂਸੀ ਫੌਜੀ ਆਪਣੀ ਲੜਾਈ 'ਤੇ ਭਰੋਸਾ ਖੋ ਬੈਠਦੇ ਹਨ। ਪਰ ਕ੍ਰਿਸਟਿਆ ਫਰੀਲੈਂਡ ਨੇ ਇਸ ਗੱਲ ਨੂੰ ਸਿਰਫ਼ ਰੂਸੀ ਫੌਜੀਆਂ ਪ੍ਰਤੀ ਸਮਝੁਤੀ ਬਣਾਉਣ ਦੀ ਕੋਸ਼ਿਸ਼ ਦੇ ਤੌਰ 'ਤੇ ਲਿਆ ਹੈ। ਫਰੀਲੈਂਡ ਨੇ ਕਿਹਾ, "ਇਸ ਲੜਾਈ ਵਿੱਚ ਕੋਈ ਨੈਤਿਕ ਸਮਾਨਤਾ ਨਹੀਂ ਹੈ। ਇਹ ਰੂਸ ਦੀ ਜ਼ਬਰਦਸਤੀ ਕੀਤੀ ਜੰਗ ਹੈ, ਜਿੱਥੇ ਰੂਸ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰ ਰਿਹਾ ਹੈ ਅਤੇ ਜੰਗੀ ਅਪਰਾਧ ਕਰ ਰਿਹਾ ਹੈ। ਇਸ ਲੜਾਈ ਵਿੱਚ ਸਾਫ਼ ਤੌਰ 'ਤੇ ਚੰਗਾ ਤੇ ਮੰਦਾ ਵੱਖ ਹੈ। ਯੂਕਰੇਨੀ ਆਪਣੀ ਖੁਦਮੁਖਤਿਆਰੀ ਲਈ ਅਤੇ ਦੁਨੀਆ ਭਰ ਦੀ ਲੋਕਤੰਤਰ ਲਈ ਲੜ ਰਹੇ ਹਨ।" This report was written by Simranjit Singh as part of the Local Journalism Initiative.

# ਨਵੇਂ ਕਾਨੂੰਨ ਲਾਗੂ ਹੋਣ ਦੇ ਬਾਵਜੂਦ ਕਿਰਾਏ ਵਾਲੇ ਮਕਾਨਾਂ ਦੀ ਸਮੱਸਿਆਵਾਂ ਬਰਕਰਾਰ



**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਕਿਹਾ ਹੈ ਕਿ ਉਹ ਸੂਬੇ ਵਿੱਚ ਛੋਟੀ ਮਿਆਦ ਵਾਲੇ ਕਿਰਾਏ ਦੇ ਮਕਾਨਾਂ ਨਾਲ ਜੁੜੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਭਾਵੇਂ ਨਵੇਂ ਕਾਨੂੰਨਾਂ ਦੇ ਤਹਿਤ ਪਿਛਲੇ ਬਸੰਤ ਵਿੱਚ ਸਖਤ ਨਿਯਮ ਲਾਗੂ ਹੋ ਚੁਕੇ ਹਨ। ਇਹ ਕਾਨੂੰਨ ਇਹਨਾਂ ਘਰਾਂ ਨੂੰ ਮਾਲਕਾਂ ਦੀ ਮੁੱਖ ਰਿਹਾਇਸ਼ ਵਾਲੇ ਘਰਾਂ ਤੱਕ ਸੀਮਿਤ ਕਰਦੇ ਹਨ, ਪਰ ਕਈ ਨਿਵਾਸੀਆਂ ਨੂੰ ਸ਼ਿਕਾਇਤ ਹੈ ਕਿ ਨਿਯਮਾਂ ਦਾ ਪਾਲਣ ਨਹੀਂ ਹੋ ਰਿਹਾ।

ਕੇਲੋਨਾ ਦੇ ਅੱਪਰ ਮਿਸ਼ਨ ਇਲਾਕੇ ਵਿੱਚ ਇੱਕ ਘਰ ਨੇ ਲੋਕਾਂ ਦੀਆਂ ਚਿੰਤਾਵਾਂ ਨੂੰ ਵਧਾਇਆ ਹੈ, ਜਿੱਥੇ ਸਥਾਨਕ ਲੋਕ ਤਿੰਨ ਸਾਲ ਤੋਂ ਲਗਾਤਾਰ ਕਿਰਾਏਦਾਰਾਂ ਤੋਂ ਪਰੇਸ਼ਾਨ ਹਨ। ਸਥਾਨਕ ਨਿਵਾਸੀਆਂ ਦੱਸਿਆ ਕਿ "ਘਰ ਵਿੱਚ ਪਾਰਟੀਆਂ ਲਗਾਤਾਰ ਹੁੰਦੀਆਂ ਹਨ। ਇੱਕ ਵਾਰ ਇੱਕ ਖਚਾ-ਖਚ ਭਰੀ ਟੂਰ ਬੱਸ ਲੋਕਾਂ ਨੂੰ ਛੱਡਣ ਆਈ, ਅਤੇ ਕੁਝ ਕਿਰਾਏਦਾਰ ਗਲਤ ਸ਼ਬਦਾਂ ਦਾ ਉਪਯੋਗ ਕਰਦੇ ਹੋਏ ਗੁਆਢੀਆਂ ਨੂੰ ਧਮਕਾ ਰਹੇ ਸਨ।

ਇਲਾਕੇ ਦੇ ਹੋਰ ਨਿਵਾਸੀਆਂ ਦਾ ਕਹਿਣਾ ਹੈ ਕਿ ਇਹ ਘਰ ਸੂਬਾਈ ਕਾਨੂੰਨਾਂ ਦੀ ਸ਼ਰੇਆਮ ਉਲੰਘਣ ਕਰ ਰਿਹਾ ਹੈ ਕਿਉਂਕਿ ਇਹ ਮਕਾਨ ਮੁੱਖ ਰਿਹਾਇਸ਼ ਦੇ ਤੌਰ 'ਤੇ ਵਰਤਿਆ ਨਹੀਂ ਜਾ ਰਿਹਾ। ਨਵੇਂ ਨਿਯਮਾਂ ਮੁਤਾਬਕ, ਮੁੱਖ ਰਿਹਾਇਸ਼ ਉਹ ਘਰ ਹੁੰਦਾ ਹੈ ਜਿੱਥੇ ਮਾਲਕ ਸਾਲ ਦੇ ਜ਼ਿਆਦਾਤਰ ਦਿਨ ਬਿਤਾਉਂਦਾ ਹੈ। ਟਰੇਵਰ ਬਿਗੇਲੋ, ਜੋ ਇਸੇ ਇਲਾਕੇ ਦਾ ਨਿਵਾਸੀ ਹੈ, ਨੇ ਦੱਸਿਆ ਕਿ "ਇਹ ਘਰ ਹਮੇਸ਼ਾ ਖਾਲੀ ਰਹਿੰਦਾ ਹੈ। ਜਦੋਂ ਕਿਰਾਏਦਾਰ ਨਹੀਂ ਹੁੰਦੇ, ਤਾਂ ਬਤੀਆਂ ਵੀ ਬੰਦ ਰਹਿੰਦੀਆਂ ਹਨ।"

ਰਵੀ ਕਾਹਲੋਂ ਨੇ ਬੁੱਧਵਾਰ ਨੂੰ ਕਿਹਾ ਕਿ ਇਸ ਮਕਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ "ਸਾਡੇ ਕੋਲ ਇੱਕ ਵਿਸ਼ੇਸ਼ ਯੂਨਿਟ ਹੈ ਜੋ ਇਸ ਜਾਇਦਾਦ ਦੀ ਜਾਂਚ ਕਰ ਰਿਹਾ ਹੈ" ਉਹਨਾਂ ਕਿਹਾ ਕਿ ਜੇ ਇਹ ਸਾਬਤ ਹੋ ਜਾਂਦਾ ਹੈ ਕਿ ਇਹ ਘਰ ਇੱਕ ਨਿਵੇਸ਼ ਜਾਇਦਾਦ ਹੈ, ਤਾਂ ਕਿਰਾਏ ਦੇ ਪਲੇਟਫਾਰਮਾਂ ਨੂੰ ਸੂਚੀ ਹਟਾਉਣ ਲਈ ਨੋਟੀਸ ਜਾਰੀ ਕੀਤਾ ਜਾਵੇਗਾ।

ਇਸਦੇ ਨਾਲ ਹੀ, ਜਨਵਰੀ 2024 ਵਿੱਚ ਸੂਬੇ ਵਿੱਚ ਇੱਕ ਨਵਾਂ ਰਜਿਸਟਰੀ ਸਿਸਟਮ ਸ਼ੁਰੂ ਹੋਵੇਗਾ ਜਿਸ ਨਾਲ ਛੋਟੀ ਮਿਆਦ ਵਾਲੇ ਕਿਰਾਏ ਦੇ ਘਰਾਂ ਨੂੰ ਬਿਹਤਰ ਢੰਗ ਨਾਲ ਪਤਾ ਲਗਾਇਆ ਜਾ ਸਕੇਗਾ। This report was written by Simranjit Singh as part of the Local Journalism Initiative.

JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਬੀ.ਸੀ. ਵਿੱਚ ਲਗਾਤਾਰ ਵੱਧ ਰਹੇ ਘਰਾਂ ਕਿਰਾਇਆਂ ਤੋਂ ਲੋਕ ਪ੍ਰੇਸ਼ਾਨ

### ਸਰੀ ਵਿੱਚ ਘਰਾਂ ਦੇ ਕਿਰਾਏ 8 ਫੀਸਦੀ ਵਧੇ

**ਸਰੀ, (ਸਿਮਰਨਜੀਤ ਸਿੰਘ):** ਸਰੀ, ਬੀ.ਸੀ. ਦੇ ਵੱਡੇ ਸ਼ਹਿਰਾਂ 'ਚ ਨਵੇਂ ਆਏ ਪ੍ਰਵਾਸੀਆਂ ਨੂੰ ਕਿਰਾਏ 'ਤੇ ਸਸਤੇ ਘਰ ਲੱਭਣੇ ਬੇਹੱਦ ਮੁਸ਼ਕਲ ਹੋ ਗਏ ਹਨ ਇਸ ਦੇ ਨਾਲ ਹੀ ਆਏ ਦਿਨ ਵੱਧ ਰਹੀਆਂ ਕਿਰਾਏ ਦੀਆਂ ਦਰਾਂ ਕਾਰਨ ਵੀ ਲੋਕ ਬੇਹੱਦ ਪ੍ਰੇਸ਼ਾਨ ਹੋ ਰਹੇ ਹਨ।




ਤਾਜ਼ਾ ਕਿਰਾਏ ਦੇ ਅੰਕੜੇ ਬੀ.ਸੀ. 'ਚ ਵੱਧ ਰਹੀਆਂ ਕਿਰਾਏ ਦੀਆਂ ਦਰਾਂ ਦੇ ਤਾਜ਼ੀ ਤਸਵੀਰ ਪੇਸ਼ ਕਰਦੇ ਹਨ।

ਵੈਨਕੂਵਰ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਮਹੀਨਾਵਾਰ ਕਿਰਾਏ ਬਹੁਤ ਸਾਰੇ ਲੋਕਾਂ ਦੀ ਤਨਖਾਹ ਦਾ ਵੱਡਾ ਹਿੱਸਾ ਖਾ ਰਹੇ ਹਨ। .ਏਨਟਓਲਸ.ਚਓ ਦੇ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਬੀ.ਸੀ. ਦੇ ਤੇਜ਼ੀ ਨਾਲ ਵਧਣ ਵਾਲਾ ਸ਼ਹਿਰ, ਸਰੀ ਵਿੱਚ ਕਿਰਾਏ ਦੀਆਂ ਦਰਾਂ ਸਾਲਾਨਾ ਆਠ ਫ਼ੀਸਦੀ ਦੀ ਵਾਧਾ ਦੇਖਣ ਨੂੰ ਮਿਲਿਆ ਹੈ।

ਅਗਸਤ ਵਿੱਚ, ਸਰੀ ਵਿੱਚ ਇੱਕ ਬੈੱਡਰੂਮ ਦਾ ਕਿਰਾਇਆ 2,100 ਡਾਲਰ ਤੋਂ ਵੱਧ ਪਹੁੰਚ ਗਿਆ ਹੈ। ਹਾਲਾਂਕਿ, ਸਰੀ ਅਜੇ ਵੀ ਵੈਨਕੂਵਰ ਨਾਲੋਂ ਕਾਫ਼ੀ ਕਿਫ਼ਾਇਤੀ ਹੈ, ਜਿੱਥੇ ਇੱਕ ਬੈੱਡਰੂਮ ਦਾ ਔਸਤਨ ਕਿਰਾਇਆ 2,700 ਡਾਲਰ ਹੈ।

ਅੰਕੜਿਆਂ ਅਨੁਸਾਰ ਇਸ ਸਮੇਂ ਬੀ.ਸੀ. ਦਾ ਸਭ ਤੋਂ ਕਿਫ਼ਾਇਤੀ ਵੱਡਾ ਸ਼ਹਿਰ ਐਬਟਸਫੋਰਡ ਹੈ, ਜਿੱਥੇ ਇੱਕ ਬੈੱਡਰੂਮ ਦਾ ਔਸਤ ਕਿਰਾਇਆ 1,830 ਡਾਲਰ ਦੇ ਕਰੀਬ ਹੈ।

ਸਟੈਟਸ ਕੈਨੇਡਾ ਦੇ ਅਨੁਸਾਰ 2022 ਵਿੱਚ, ਕੈਨੇਡਾ ਦੇ 22 ਫ਼ੀਸਦ ਲੋਕਾਂ ਨੇ ਆਪਣੀ ਆਮਦਨੀ ਦਾ 30 ਫ਼ੀਸਦ ਜਾਂ ਇਸ ਤੋਂ ਵੱਧ ਭਾਗ ਆਵਾਸ 'ਤੇ ਖਰਚ ਕੀਤਾ, ਜੋ ਕਿ 2018 ਵਿੱਚ ਦਰਜ ਕੀਤੇ ਗਏ ਅੰਕੜੇ ਦੇ ਬਰਾਬਰ ਹੈ।

ਬਿਜ਼ਨੈੱਸ ਇਨ ਵੈਂਕੂਵਰ ਦੇ ਟਾਈਲਰ ਆਰਟਨ ਨੇ ਦੱਸਿਆ, "ਕਿਰਾਏਦਾਰਾਂ ਦੀ ਸਥਿਤੀ ਮਾਲਕਾਂ ਨਾਲੋਂ ਦੋ ਗੁਣਾ ਬੁਰੀ ਹੈ। ਸਰਵੇਖਣ ਵਿੱਚ ਦਰਸਾਇਆ ਗਿਆ ਹੈ ਕਿ ਉਹ ਆਪਣੇ ਆਮਦਨ ਦੇ 30 ਫ਼ੀਸਦ ਤੋਂ ਵੱਧ ਖਰਚ ਕਰਨ ਦੀ ਸੰਭਾਵਨਾ ਦੋ ਗੁਣਾ ਵਧ ਗਈ ਹੈ, ਇਸ ਸਮੇਂ 245,000 ਤੋਂ ਵੱਧ ਘਰਾਂ ਦੇ ਮਾਲਕ ਸਬਸਿਡੀਡ ਆਵਾਸ ਲਈ ਵੇਟਲਿਸਟ 'ਤੇ ਹਨ।"

Rentals.ca ਦੇ ਅਨੁਸਾਰ, ਅਲਬਰਟਾ ਵਿੱਚ ਔਸਤ ਕਿਰਾਇਆ 11 ਫ਼ੀਸਦ ਵਧ ਕੇ 1,800 ਡਾਲਰ ਹੋ ਗਿਆ ਹੈ ਅਤੇ ਸਾਰੇ ਦੇਸ਼ ਵਿੱਚ ਸਭ ਤੋਂ ਵੱਡਾ ਵਾਧਾ ਸਸਕੈਚੁਅਨ ਵਿੱਚ ਹੋਇਆ ਹੈ, ਜਿੱਥੇ ਇੱਕ ਬੈੱਡਰੂਮ ਦਾ ਕਿਰਾਇਆ 21 ਫ਼ੀਸਦ ਵਧ ਕੇ 1,300 ਡਾਲਰ ਹੋ ਗਿਆ ਹੈ। This report was written by Simranjit Singh as part of the Local Journalism Initiative.

# ਕਾਮਿਆਂ ਦੀ ਆਮਦ ਵੱਧ ਕਾਰਨ ਵਧੀ ਬੇਰੁਜ਼ਗਾਰੀ ਦਰ : ਟਿਫ਼ ਮੈਕਲਮ

### ਅਰਥਵਿਵਸਥਾ 'ਚ ਸੁਧਾਰ ਜਾਰੀ ਰਿਹਾ ਤਾਂ ਵਿਆਜ਼ ਦਰਾਂ 'ਚ ਹੋਰ ਜਲਦ ਹੋਵੇਗੀ ਕਟੌਤੀ



**ਸਰੀ, (ਸਿਮਰਨਜੀਤ ਸਿੰਘ):** ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ਼ ਮੈਕਲਮ ਨੇ ਕਿਹਾ ਕਿ ਕੈਨੇਡੀਅਨ ਅਰਥਵਿਵਸਥਾ ਵਿੱਚ ਨੌਕਰੀਆਂ ਦਾ ਵਿੱਚ ਵਾਧਾ ਜਾਰੀ ਰਿਹਾ ਤਾਂ ਬਹੁਤ ਜਲਦ ਵਿਆਜ ਦਰਾਂ 'ਚ ਹੋਰ ਕੌਟਤੀ ਦੀ ਆਸ ਬਝ ਸਕਦੀ ਹੈ। ਮੈਕਲਮ ਨੇ ਇਹ ਬਿਆਨ ਮੰਗਲਵਾਰ ਨੂੰ ਲੰਡਨ, ਯੂ.ਕੇ. ਵਿੱਚ ਕੈਨੇਡਾ-ਯੂ.ਕੇ. ਚੈਂਬਰ ਆਫ ਕਾਮਰਸ ਨੂੰ ਸੰਬੋਧਨ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਦਿੱਤਾ। ਜਦੋਂ ਕਿ ਸਟੈਟਿਸਟਿਕਸ ਕੈਨੇਡਾ ਨੇ ਅਗਸਤ ਮਹੀਨੇ ਵਿੱਚ ਬੇਰੁਜ਼ਗਾਰੀ ਦਰ 6.6% ਤੱਕ ਵਧਣ ਦੀ ਰਿਪੋਰਟ ਜਾਰੀ ਕੀਤੀ ਹੈ, ਜੋ ਕਿ ਮਹਾਂਮਾਰੀ ਦੇ ਸਾਲਾਂ ਤੋਂ ਇਲਾਵਾ ਸੱਤ ਸਾਲਾਂ ਵਿੱਚ ਸਭ ਤੋਂ ਉੱਚੀ ਹੈ।

ਮੈਕਲਮ ਨੇ ਬੇਰੁਜ਼ਗਾਰੀ ਦੇ ਵਧਣ ਬਾਰੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ, "ਇਹ ਅਗਸਤ ਦਾ ਡਾਟਾ ਉਹੀ ਰੁਝਾਨ ਜਾਰੀ ਰੱਖਦਾ ਹੈ, ਜੋ ਅਸੀਂ ਪਿਛਲੇ ਕੁਝ ਮਹੀਨਿਆਂ ਤੋਂ ਦੇਖ ਰਹੇ ਹਾਂ।" ਉਨ੍ਹਾਂ ਕਿਹਾ ਕਿ ਕੈਨੇਡਾ 'ਚ ਕਾਮਿਆਂ ਆਮਦ ਤੇਜ਼ੀ ਨਾਲ ਵਧ ਰਹੀ ਹੈ, ਜਦਕਿ ਨਵੀਆਂ ਨੌਕਰੀ ਦੇ ਮੌਕੇ ਓਨੀ ਤੇਜ਼ੀ ਨਾਲ ਨਹੀਂ ਵਧ ਰਹੇ ਇਹੀ ਕਾਰਨ ਹੈ ਕਿ ਬੇਰੁਜ਼ਗਾਰੀ ਦਰ ਵਿੱਚ ਵਾਧਾ ਹੋ ਰਿਹਾ ਹੈ। ਮੈਕਲਮ ਨੇ ਕਿਹਾ, "ਹਾਂ ਪਰ ਇਹ ਵੀ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ ਕਿ ਕੈਨੇਡਾ 'ਚ ਵਪਾਰ ਨੌਕਰੀਆਂ ਦੇ ਰਹੇ ਹਨ, ਪਰ ਉਹ ਇਸ ਤੇਜ਼ੀ ਨਾਲ ਨਹੀਂ ਦੇ ਰਹੇ ਜਿਸ ਨਾਲ ਨਵੇਂ ਕਾਮਿਆਂ ਦੀ ਗਿਣਤੀ ਵਧੀ ਹੈ, ਇਸ ਕਾਰਨ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ।

ਉਹਨਾਂ ਨੇ ਕਿਹਾ ਕਿ ਇਸ ਰੁਝਾਨ ਨੇ ਖਾਸਕਰ ਕੈਨੇਡੀਅਨ ਨੌਜਵਾਨਾਂ ਅਤੇ ਨਵੇਂ ਆਏ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਨ੍ਹਾਂ ਨੂੰ ਰੁਜ਼ਗਾਰ ਲੱਭਣ ਲਈ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੈਨੇਡਾ ਦੀ ਸਰਕਾਰ ਵੱਲੋਂ ਅਸਥਾਈ ਨਿਵਾਸੀਆਂ ਦੀ ਆਮਦ ਨੂੰ ਰੋਕਣ ਦੀ ਯੋਜਨਾ ਨਾਲ, ਮੈਕਲਮ ਨੇ ਅੰਦਾਜ਼ਾ ਲਾਇਆ ਕਿ ਆਰਥਿਕਤਾ ਵਿੱਚ ਨਵੇਂ ਮਜ਼ਦੂਰਾਂ ਦੀ ਸ਼ਮੂਲੀਅਤ ਵਿੱਚ ਵੀ ਗਿਰਾਵਟ ਆਏਗੀ।

ਇਸਦੇ ਨਾਲ ਹੀ, ਬੈਂਕ ਆਫ ਕੈਨੇਡਾ ਨੇ ਜੂਨ ਤੋਂ ਵਿਆਜ਼ ਦਰਾਂ ਵਿੱਚ 25 ਅੰਕਾਂ ਦੀ ਤਿੰਨ ਵਾਰ ਕਟੌਤੀ ਕੀਤੀ ਹੈ। ਮੈਕਲਮ ਨੇ ਮੰਗਲਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਜੇਕਰ ਅਰਥਵਿਵਸਥਾ ਉਮੀਦਾਂ ਮੁਤਾਬਕ ਰੁਝਾਨ ਦਿਖਾਵੇਗੀ, ਤਾਂ ਹੋਰ ਕਟੌਤੀਆਂ ਦੀ ਸੰਭਾਵਨਾ ਹੋ ਸਕਦੀ ਹੈ। ਉਹਨਾਂ ਕਿਹਾ ਕਿ ਬੈਂਕ ਆਫ ਕੈਨੇਡਾ ਵਲੋਂ ਦੋ ਫ਼ੀਸਦੀ ਮਹਿੰਗਾਈ ਦਰ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਦਿੱਤਾ ਜਾ ਰਿਹਾ ਹੈ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

EYE GLASSES
CONTACT LENSES
SUNGLASSES



BHUPINDER OBEROI

ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey

ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।

ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey

FREE SIGHT TEST



ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ



MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈੱਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ

Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਪੀ.ਏ.ਯੂ. ਦੇ ਸਾਬਕਾ ਵਿਦਿਆਰਥੀਆਂ ਵਲੋਂ ਪੀਸ ਆਰਚ ਪਾਰਕ ਵਿੱਚ ਆਯੋਜਨ ਪਿਕਨਿਕ ਦੀਆਂ ਝਲਕੀਆਂ
















☛ ਸਬੰਧਤ ਖਬਰ ਵੇਖੋ ਸਫ਼ਾ 5 'ਤੇ


## ਫ਼ੋਨਾਂ ਨਾਲ ਧਿਆਨ ਭੰਗ ਹੁੰਦਾ ਹੈ, ਉਨ੍ਹਾਂ ਤੋਂ ਬਿਨਾਂ ਸਕੂਲ ਵਿੱਚ ਸਿੱਖਣਾ ਵਧੇਰੇ ਆਸਾਨ ਹੋ ਸਕਦਾ ਹੈ।

ਫੋਨਾਂ ਨੂੰ ਸਕੂਲਾਂ ਤੋਂ ਬਾਹਰ ਰੱਖਣ ਨਾਲ ਵਿਦਿਆਰਥੀਆਂ ਦੀ ਮਾਨਸਿਕ ਸਿਹਤ, ਅਤੇ ਸਮਾਜਿਕ ਸੰਬੰਧਾਂ ਦੀ ਸੰਭਾਲ ਵਿੱਚ ਸਹਾਇਤਾ ਮਿਲ ਸਕਦੀ ਹੈ। ਹੋ ਸਕਦਾ ਹੈ, ਉਨ੍ਹਾਂ ਦੁਆਰਾ ਐਲਜੈਬਰਾ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਵੀ ਮਦਦ ਮਿਲੇ।

ਹੋਰ ਜਾਣੋ:
**gov.bc.ca/PhonesAndSchools**

BRITISH COLUMBIA

# ਪੀਸ ਆਰਚ ਪਾਰਕ ਵਿੱਚ ਪੀ.ਏ.ਯੂ. ਦੇ ਸਾਬਕਾ ਵਿਦਿਆਰਥੀਆਂ ਪਿਕਨਿਕ ਦਾ ਆਯੋਜਨ




ਸਰੀ, (ਸਿਮਰਨਜੀਤ ਸਿੰਘ): ਕੈਨੇਡਾ-ਅਮਰੀਕਾ ਸਰਹੱਦ 'ਤੇ ਸਥਿਤ ਪੀਸ ਆਰਚ ਪਾਰਕ ਵਿਖੇ ਪੀ.ਏ.ਯੂ. ਦੇ ਸਾਬਕਾ ਵਿਦਿਆਰਥੀਆਂ ਵਲੋਂ ਪਿਕਨਿਕ ਦਾ ਆਯੋਜਨ ਡਾ. ਗੁਲਜ਼ਾਰ ਸਿੰਘ ਵਿਲਿੰਗ ਅਤੇ ਉਨ੍ਹਾਂ ਦੀ ਟੀਮ ਨੇ ਕੀਤਾ। ਇਸ ਮੌਕੇ 'ਤੇ 200 ਤੋਂ ਵੱਧ ਪੀ.ਏ.ਯੂ. ਦੇ ਸਾਬਕਾ ਵਿਦਿਆਰਥੀ ਅਤੇ ਰਿਟਾਇਰਡ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਹੋਏ।

ਇਸ ਸਮਾਗਮ ਵਿੱਚ ਪ੍ਰਮੁੱਖ ਤੌਰ 'ਤੇ ਅੰਮ੍ਰਿਤਪਾਲ ਐਸ ਰੰਧਾਵਾ, ਸੰਜੀਵ ਨੱਬ, ਅਮਰਜੀਤ ਐਸ ਸਰਨ, ਰਣਜੀਤ ਐਸ ਵਿਲਿੰਗ, ਡਾ. ਜੀਪੀਐਸ ਸੰਧੂ, ਹਰਪ੍ਰੀਤ ਐਸ ਕਲੇਰ, ਡਾ. ਪਰਮਿੰਦਰ ਐਸ ਚਹਿਲ, ਡਾ. ਜਸਵੀਰ ਐਸ ਬੱਸੀ, ਗੁਰਿੰਦਰ ਐਸ ਸੈਣੀ, ਰਾਣੀ ਮੰਗਟ, ਡਾ. ਰਵਿੰਦਰ ਐਸ ਗਰੇਵਾਲ, ਸਿਮਰਨ ਸਿੰਘ ਚਹਿਲ, ਅਮਰਜੀਤ ਐਸ ਉੱਬੀ, ਅਤੇ ਡਾ. ਮਲਹੋਤਰਾ ਸ਼ਾਮਲ ਸਨ। ਇਸ ਸਮਾਗਮ ਨੂੰ ਸ਼ਾਨਦਾਰ ਬਣਾਉਣ ਲਈ ਸਭ ਨੇ ਅਹਿਮ ਯੋਗਦਾਨ ਦਿੱਤਾ।

ਡਾ. ਜਗਜੀਤ ਸਿੰਘ, ਜੋ ਹੁਣ ਕੈਨੇਡੀਅਨ ਸਟੱਡੀ ਐਂਡ ਟੀਚਿੰਗ ਸੋਸਾਇਟੀ ਦੇ ਪ੍ਰਧਾਨ ਹਨ ਅਤੇ ਪੀ.ਏ.ਯੂ. ਦੇ ਸਾਬਕਾ ਵਿਦਿਆਰਥੀ ਵੀ ਹਨ, ਨੇ ਵੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਬਹੁਤ ਸਾਰੇ ਸਾਬਕਾ ਮੈਂਬਰ ਅਤੇ ਵਿਦਿਆਰਥੀ ਇਸ ਯਾਦਗਾਰ ਮੌਕੇ ਦਾ ਹਿੱਸਾ ਬਣੇ। ਡਾ. ਹੈਰੀ ਡੀ ਬਰਾੜ ਅਤੇ ਡਾ. ਹਰਮੀਤ ਐਸ ਕਿੰਗਰਾ, ਜੋ ਪੀ.ਏ.ਯੂ. ਅਧਿਆਪਕ ਐਸੋਸੀਏਸ਼ਨ ਦੇ ਪਿਛਲੇ ਪ੍ਰਧਾਨ ਰਹਿ ਚੁੱਕੇ ਹਨ, ਵੀ ਸਮਾਗਮ ਵਿੱਚ ਸ਼ਾਮਲ ਹੋਏ। ਇਸ ਸਮਾਗਮ ਵਿੱਚ ਕਈ ਖੇਡਾਂ ਜਿਵੇਂ ਕਿ ਰੱਸਾ-ਕੱਸੀ, ਵਾਲੀਬਾਲ ਮੈਚ, ਸ਼ੌਟ ਪੁੱਟ ਅਤੇ ਸੰਗੀਤ ਦਾ ਆਯੋਜਨ ਵੀ ਕੀਤਾ ਗਿਆ। ਇਹ ਸਭ ਸੀਨੀਅਰ ਡੇਅ ਦੀ ਖੁਸ਼ੀ ਮਨਾਉਣ ਲਈ ਕੀਤਾ ਗਿਆ। ਇਸ ਮੌਕੇ ਤੇ ਰਾਣੀ ਮੰਗਟ ਨੂੰ ਸਰਵੋਤਮ ਟੀਮ ਸਹਿਯੋਗੀ ਦੇ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ 70ਵੇਂ ਜਨਮਦਿਨ ਦਾ ਜਸ਼ਨ ਵੀ ਮਨਾਇਆ ਗਿਆ। ਇਸ ਦੇ ਨਾਲ ਹੀ, ਅੰਮ੍ਰਿਤਪਾਲ ਐਸ ਰੰਧਾਵਾ ਦੇ 65ਵੇਂ ਜਨਮਦਿਨ ਦਾ ਜਸ਼ਨ ਵੀ ਧੂਮਧਾਮ ਨਾਲ ਮਨਾਇਆ ਗਿਆ।

ਸਮਾਗਮ ਦੇ ਅੰਤ ਵਿੱਚ, ਡਾ. ਗੁਲਜ਼ਾਰ ਐਸ ਵਿਲਿੰਗ ਨੇ ਸਾਰੇ ਹਾਜ਼ਰੀਨ ਅਤੇ ਯੋਗਦਾਨ ਪਾਉਣ ਵਾਲੇ ਸਰੋਤਿਆਂ ਦਾ ਧੰਨਵਾਦ ਕੀਤਾ। ਪੀ.ਏ.ਯੂ. ਦੇ ਉਪਕੁਲਪਤੀ ਡਾ. ਸਤਬੀਰ ਐਸ ਗੋਸਲ ਨੇ ਇਸ ਪਿਕਨਿਕ ਦੀ ਸਫਲਤਾ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। This report was written by Simranjit Singh as part of the Local Journalism Initiative.

# ਏਅਰ ਕੈਨੇਡਾ ਦੇ ਪਾਇਲਟਾਂ ਦੀ ਹੜ੍ਹਤਾਲ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ : ਫੈਡਰਲ ਲੇਬਰ ਮੰਤਰੀ

## ਏਅਰ ਕੈਨੇਡਾ ਦੇ ਪਾਇਲਟਾਂ ਦੀ ਹੜ੍ਹਤਾਲ ਕਾਰਨ 110,000 ਯਾਤਰੀ ਹੋਣਗੇ ਪ੍ਰਭਾਵਿਤ




ਸਰੀ, (ਸਿਮਰਨਜੀਤ ਸਿੰਘ): ਫੈਡਰਲ ਲੇਬਰ ਮੰਤਰੀ ਨੇ ਕਿਹਾ ਕਿ ਉਹ ਅਜੇ ਵੀ ਪੂਰੀ ਉਮੀਦ ਨਾਲ ਇਹ ਕੋਸ਼ਿਸ਼ਾਂ ਕਰ ਰਹੇ ਹਨ ਏਅਰ ਕੈਨੇਡਾ ਦੇ ਪਾਇਲਟਾਂ ਵੱਲੋਂ ਹੜਤਾਲ, ਜੋ ਅਗਲੇ ਹਫ਼ਤੇ ਸ਼ੁਰੂ ਹੋ ਸਕਦੀ ਹੈ, ਨੂੰ ਗੱਲਬਾਤ ਰਾਹੀਂ ਰੋਕਿਆ ਜਾ ਸਕਦਾ ਹੈ।

ਸਟਿਵ ਮੈਕਕਿਨਨ ਨੇ ਨੈਨੇਮੋ, ਬ੍ਰਿਟਿਸ਼ ਕੋਲੰਬੀਆ ਵਿੱਚ ਲਿਬਰਲ ਕਾਕਸ ਰੀਟਰੀਟ ਤੋਂ ਬਾਹਰ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਕੁਝ ਗੰਭੀਰ ਮੁੱਦਿਆਂ 'ਤੇ ਗੱਲਬਾਤ ਅਜੇ ਜਾਰੀ ਹੈ ਪਰ ਏਅਰ ਕੈਨੇਡਾ ਅਤੇ ਏਅਰ ਲਾਈਨ ਪਾਇਲਟਸ ਐਸੋਸੀਏਸ਼ਨ ਯੂਨੀਅਨ ਦੇ ਵਿਚਕਾਰ ਗੱਲਬਾਤਾਂ ਵਿੱਚ ਪ੍ਰਗਤੀ ਹੋਈ ਹੈ, ਭਾਵੇਂ ਦੋਹਾਂ ਪੱਖਾਂ ਨੇ ਪਿਛਲੇ ਹਫ਼ਤਿਆਂ ਦੌਰਾਨ ਗੱਲਬਾਤਾਂ ਦੇ ਰੁਕਣ ਦੇ ਸੰਕੇਤ ਦਿੱਤੇ ਸਨ।

ਫੈਡਰਲ ਮੰਤਰੀ ਨੇ ਕਿਹਾ, "ਇਹਨਾਂ ਪਾਰਟੀਆਂ ਨੂੰ ਸਮਝੌਤੇ 'ਤੇ ਪਹੁੰਚਣ ਤੋਂ ਰੋਕਣ ਲਈ ਕੋਈ ਵਜ੍ਹਾ ਨਹੀਂ ਹੈ।" ਉਨ੍ਹਾਂ ਕਿਹਾ ਕਿ "ਮੇਰੀ ਮੰਨਣਾ ਹੈ ਕਿ ਉਨ੍ਹਾਂ ਨੂੰ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਕੈਨੇਡਾ ਵਾਸੀਆਂ ਨੂੰ ਯਾਤਰਾ ਅਤੇ ਆਰਥਿਕ ਮੁੱਦਿਆਂ ਦੇ ਸਬੰਧ ਵਿੱਚ ਜੋ ਅਨਿਸ਼ਚਿਤਤਾ ਪੈਦਾ ਨਾ ਹੋਵੇ ਅਤੇ ਲਗਾਤਾਰ ਚਲ ਰਹੀਆਂ ਅਫ਼ਵਾਹਾਂ ਤੋਂ ਰਾਹਤ ਮਿਲ ਸਕੇ। ਉਨ੍ਹਾਂ ਨੂੰ ਆਪਣਾ ਸਾਰਾ ਧਿਆਨ ਲਗਾ ਕੇ ਇੱਕ ਸਹਿਜ ਸਮਝੌਤਾ ਕਰਨਾ ਚਾਹੀਦਾ ਹੈ।"

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਏਅਰ ਕੈਨੇਡਾ ਨੇ ਕਿਹਾ ਸੀ ਕਿ ਉਹ ਇਕ ਸੰਭਾਵਿਤ ਹੜਤਾਲ ਜਾਂ ਲਾਕਆਊਟ ਤੋਂ ਪਹਿਲਾਂ ਆਪਣੀ ਸਰਵਿਸ ਨੂੰ ਰੋਕਣ ਦੀਆਂ ਯੋਜਨਾਵਾਂ 'ਤੇ ਕੰਮ ਕਰ ਰਿਹਾ ਹੈ, ਜੋ 18 ਸਤੰਬਰ ਤੋਂ ਸ਼ੁਰੂ ਹੋ ਸਕਦੀ ਹੈ। ਜੇਕਰ 15 ਸਤੰਬਰ ਤੱਕ ਸਮਝੌਤਾ ਨਹੀਂ ਹੁੰਦਾ ਤਾਂ 72 ਘੰਟਿਆਂ ਦੀ ਲਾਕਆਊਟ ਜਾਂ ਹੜਤਾਲ ਦੀ ਸੂਚਨਾ ਜਾਰੀ ਕੀਤੀ ਜਾ ਸਕਦੀ ਹੈ।

ਐਲ ਪੀ ਏ ਨੇ ਵੀ ਕਿਹਾ ਹੈ ਕਿ ਗੱਲਬਾਤ ਬਿਲਕੁਲ ਵੀ ਅੱਗੇ ਨਹੀਂ ਵਧ ਰਹੀ ਹਨ। ਉਹਨਾਂ ਨੇ ਹੜ੍ਹਤਾਲ ਲਈ ਟੋਰਾਂਟੋ ਵਿੱਚ ਆਪਣੇ ਦਫ਼ਤਰ ਖੋਲ੍ਹਣ ਦੀ ਵੀ ਯੋਜਨਾ ਬਣਾਈ ਹੈ। ਜ਼ਿਕਰਯੋਗ ਹੈ ਕਿ ਏਅਰ ਕੈਨੇਡਾ ਨੇ ਕਿਹਾ ਕਿ ਕੰਮਬੰਦ ਹੋਣ ਨਾਲ ਹਰ ਰੋਜ਼ 110,000 ਯਾਤਰੀ ਪ੍ਰਭਾਵਿਤ ਹੋ ਸਕਦੇ ਹਨ।

This report was written by Simranjit Singh as part of the Local Journalism Initiative.






# ਲਗਾਤਾਰ ਮੰਗ ਵੱਧਣ ਕਾਰਨ ਬੀ.ਸੀ. ਦੇ ਫੂਡ ਬੈਂਕਾਂ 'ਤੇ ਦਬਾਅ ਵਧਿਆ

## ਬੀ.ਸੀ. ਫੂਡ ਬੈਂਕਾਂ ਵਲੋਂ ਹਰ ਮਹੀਨੇ 10 ਹਜ਼ਾਰ ਤੋਂ ਵੱਧ ਲੋਕਾਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ਹੈ ਭੋਜਨ



ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਫੂਡ ਬੈਂਕਾਂ ਦਾ ਸੰਕਟ ਲਗਾਤਾਰ ਵੱਧ ਰਿਹਾ ਹੈ ਜਿੱਥੇ ਰਿਕਾਰਡ ਤੋੜ ਮੰਗ ਵੱਧਣ ਅਤੇ ਦਾਨੀਆਂ ਗਿਣਤੀ ਘਟਣ ਕਾਰਨ ਮੰਗ ਨੂੰ ਪੂਰਾ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ।

ਕੈਨੇਡਾ ਜਿਥੇ ਇੱਕ ਖੁਸ਼ਹਾਲ ਦੇਸ਼ ਵਜੋਂ ਦੁਨੀਆ ਭਰ ਵਿੱਚ ਮਸ਼ਹੂਰ ਹੈ ਉਥੇ ਹੀ ਹੁਣ ਇਥੇ ਲੋਕ ਮਹਿੰਗਾਈ, ਵਿਆਜ਼ ਦਰਾਂ, ਮਾਨਸਿਕ ਤਣਾਅ ਵਰਗੀਆਂ ਵੱਡੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਹੁਣ ਇੱਕ ਤਾਜ਼ਾ ਜਾਰੀ ਹੋਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਮੇਂ ਕੈਨੇਡਾ ਦੇ ਹਾਲਾਤ ਏਨੇ ਵਿਗੜ ਰਹੇ ਹਨ ਕਿ ਵੱਡੀ ਗਿਣਤੀ ਵਿੱਚ ਲੋਕ ਗ਼ਰੀਬੀ ਰੇਖਾ ਵੱਲ ਨੂੰ ਜਾ ਰਹੇ ਹਨ। ਲੋਕ ਆਪਣੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹੁੰਦੇ ਜਾ ਰਹੇ ਹਨ ਅਤੇ ਫੂਡ ਬੈਂਕਾਂ ਦੇ ਬਾਹਰ ਲੱਗ ਰਹੀਆਂ ਹਾਜ਼ਾਰਾਂ ਲੋਕਾਂ ਦੀਆਂ ਲੰਬੀਆਂ ਕਤਾਰਾਂ ਵੀ ਕੈਨੇਡਾ ਵਿੱਚ ਵੱਧ ਰਹੀ ਗ਼ਰੀਬੀ ਦੀ ਗਵਾਹੀ ਭਰ ਰਹੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਵਿੱਚ ਫੂਡ ਬੈਂਕ ਦੀ ਵਰਤੋਂ ਸਭ ਤੋਂ ਵੱਧ ਹੋਣ ਲੱਗੀ ਹੈ ਜਿਸ ਕਾਰਨ ਫੂਡ ਬੈਂਕਾਂ 'ਤੇ ਵੀ ਦਬਾਅ ਲਗਾਤਾਰ ਵੱਧ ਰਿਹਾ ਹੈ।

ਫੂਡ ਬੈਂਕ ਬੀ.ਸੀ. ਨੇ ਦੱਸਿਆ ਹੈ ਕਿ ਪਹਿਲੀ ਵਾਰ, ਇਸਦੇ ਮੈਂਬਰਾਂ ਨੇ ਇਕ ਹੀ ਮਹੀਨੇ ਵਿੱਚ 100,000 ਤੋਂ ਵੱਧ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ।

ਵੈਨਕੂਵਰ ਫੂਡ ਬੈਂਕ ਵੱਲੋਂ ਜਾਰੀ ਕੀਤੇ ਅੰਕੜਿਆਂ ਵਿੱਚ ਦਰਸਾਇਆ ਗਿਆ ਹੈ ਕਿ ਲੋਕਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਇਸ ਵਿੱਚ 30 ਪ੍ਰਤੀਸ਼ਤ ਵੱਡਿਆਂ ਵਿੱਚ, 24 ਪ੍ਰਤੀਸ਼ਤ ਪਰਿਵਾਰਾਂ ਵਿੱਚ ਅਤੇ 16 ਪ੍ਰਤੀਸ਼ਤ ਬਜ਼ੁਰਗਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸ ਨਾਲ ਸਪਸ਼ਟ ਹੁੰਦਾ ਹੈ ਕਿ ਬਸਤੀ ਦੇ ਲੋਕਾਂ ਦਾ ਫੂਡ ਬੈਂਕਾਂ 'ਤੇ ਨਿਰਭਰ ਹੋਣਾ ਬੇਹੱਦ ਵਧ ਗਿਆ ਹੈ।

ਫੂਡ ਬੈਂਕ ਦੀ ਇੱਕ ਏਜੰਸੀ ਵਲੋਂ ਇੱਕ ਤਾਜ਼ਾ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਾਲ 2024 ਵਿੱਚ ਕੈਨੇਡਾ ਭਰ ਦੇ ਲੋਕ ਆਪਣੇ ਵਿੱਤੀ ਹਾਲਾਤਾਂ ਨੂੰ ਪਿਛਲੇ ਸਾਲ ਨਾਲੋਂ ਵਧੇਰੇ ਕਮਜ਼ੋਰ ਹੋਣ ਦਾ ਦਾਅਵਾ ਕਰ ਰਹੇ ਹਨ ਜਿਸ ਕਾਰਨ ਉਨ੍ਹਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵਾਧੂ ਕੰਮ ਕਰਨਾ ਪੈ ਰਿਹਾ ਹੈ ਅਤੇ ਉਹ ਗਰੀਬੀ ਰੇਖਾਂ ਵੱਲ ਨੂੰ ਜਾ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਰ 5 ਕੈਨੇਡੀਅਨ ਵਿਚੋਂ ਇੱਕ ਕੈਨੇਡੀਅਨ ਵਿੱਤੀ ਹਾਲਾਤਾਂ ਨਾਲ ਜੂਝ ਰਿਹਾ ਹੈ। ਫੂਡ ਬੈਂਕ ਏਜੰਸੀ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਕੈਨੇਡਾ ਵਿੱਚ ਰਹਿਣ-ਸਹਿਣ ਦੀ ਲਾਗਤ ਲਗਾਤਾਰ ਵੱਧ ਰਹੀ ਹੈ ਜਿਸ ਕਾਰਨ ਲੋਕਾਂ ਨੂੰ ਆਪਣੇ ਖਰਚੇ ਪੂਰੇ ਕਰਨੇ ਬੇਹੱਦ ਮੁਸ਼ਕਲ ਹੁੰਦੇ ਜਾ ਰਹੇ ਹਨ।

ਕੋਵਿਡ-19 ਮਹਾਂਮਾਰੀ ਤੋਂ ਬਾਅਦ ਹੁਣ ਤੱਕ ਫੂਡ ਬੈਂਕਾਂ ਵਿੱਚ ਲੋਕਾਂ ਦਾ ਆਉਣਾ 50% ਤੱਕ ਵੱਧ ਗਿਆ ਹੈ। ਜਿਸ ਵਿੱਚ ਪਹਿਲਾਂ ਬਹੁਤੇ ਬਜ਼ੁਰਗ ਜਾਂ ਬੇਸਹਾਰਾ ਲੋਕ ਆਉਂਦੇ ਸਨ ਹੁਣ ਉਥੇ ਹੀ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ। ਇਸੇ ਕਰਕੇ ਪਿਛਲੇ ਜਿਹੇ ਓਨਟਾਰੀਓ ਦੇ ਇੱਕ ਫੂਡ ਬੈਂਕ ਨੂੰ ਇਹ ਲਿਖ ਕੇ ਲਗਾਉਣਾ ਪਿਆ ਕਿ ਉਹ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਭੋਜਨ ਨਹੀਂ ਦੇਣਗੇ। This report was written by Simranjit Singh as part of the Local Journalism Initiative.

# ਕੈਨੇਡਾ ਵਿੱਚ ਮੰਕੀਪੌਕਸ ਟੀਕੇ ਦੀ ਇਕ ਖੁਰਾਕ 58 ਫੀਸਦੀ ਹੋਈ ਫਾਇਦੇਮੰਦ ਸਾਬਤ




ਸਰੀ, (ਸਿਮਰਨਜੀਤ ਸਿੰਘ): ਇਕ ਨਵੇਂ ਕੈਨੇਡੀਅਨ ਅਧਿਐਨ 'ਚ ਦਰਸਾਇਆ ਗਿਆ ਹੈ ਕਿ ਮੰਕੀ ਪੌਕਸ ਦੇ ਟੀਕੇ ਦੀ ਇਕ ਖੁਰਾਕ ਇਸ ਵਾਇਰਸ ਵਿਰੁੱਧ ਦਰਮਿਆਨੀ ਰੋਕਥਾਮ ਮੁਹੱਈਆ ਕਰਦੀ ਹੈ। ਬੀਐਮਜੇ ਵਿੱਚ ਬੁੱਧਵਾਰ ਨੂੰ ਪ੍ਰਕਾਸ਼ਤ ਹੋਏ ਇਸ ਅਧਿਐਨ ਅਨੁਸਾਰ, ਮੰਕੀਪੌਕਸ ਟੀਕੇ ਦੀ ਇੱਕ ਖੁਰਾਕ 58 ਫ਼ੀਸਦੀ ਤੱਕ ਬਚਾਅ ਕਰਸਕਦੀ ਹੈ।

ਹਾਲਾਂਕਿ 58 ਫ਼ੀਸਦੀ ਦੀ ਰੋਕਥਾਮ ਦਰਮਿਆਨੀ ਹੈ, ਪਰ ਅਧਿਐਨ ਕਰਨ ਵਾਲੇ ਡਾਕਟਰਾਂ ਨੇ ਇਸ ਨਤੀਜੇ ਨੂੰ 'ਸ਼ਾਨਦਾਰ' ਕਿਹਾ ਹੈ ਅਤੇ ਉਮੀਦ ਜ਼ਾਹਰ ਕੀਤੀ ਹੈ ਕਿ ਵਧੇਰੇ ਲੋਕ ਜੋ ਇਸ ਬਿਮਾਰੀ ਦੇ ਵਧੇਰੇ ਖਤਰੇ ਵਿੱਚ ਹਨ, ਉਹ ਟੀਕਾ ਲਗਵਾਉਣ ਜਾਰੀ ਰੱਖਣਗੇ। ਜ਼ਿਕਰਯੋਗ ਹੈ ਕਿ ਮੰਕੀਪੌਕਸ ਇੱਕ ਅਜਿਹਾ ਵਾਇਰਸ ਹੈ ਜੋ 1958 ਵਿੱਚ ਬੰਦਰਾਂ ਵਿੱਚ ਪਛਾਣਿਆ ਗਿਆ ਸੀ। ਇਹ ਪਹਿਲਾਂ ਕੇਂਦਰੀ ਅਤੇ ਪੱਛਮੀ ਅਫ਼ਰੀਕਾ ਤੱਕ ਸੀਮਿਤ ਸੀ, ਪਰ 2022 ਵਿੱਚ ਇਹ ਯੂਰਪ, ਉੱਤਰੀ ਅਮਰੀਕਾ ਅਤੇ ਹੋਰ ਖੇਤਰਾਂ ਵਿੱਚ ਤੇਜ਼ੀ ਨਾਲ ਵਧ ਗਿਆ।

ਅਧਿਐਨ ਵਿੱਚ ਦੱਸਿਆ ਗਿਆ ਕਿ ਇਹ ਰੋਗ ਦੋ ਵੱਖਰੀਆਂ ਜੈਨੇਟਿਕ ਸ਼੍ਰੇਣੀਆਂ ਜਾਂ ਕਲੇਡਾਂ ਵੱਲੋਂ ਹੁੰਦਾ ਹੈ।

ਇਸ ਦਾ ਟੀਕਾ ਪਹਿਲਾਂ ਛੋਟੀ ਬਿਮਾਰੀ (ਸਮੌਲਪੌਕਸ) ਤੋਂ ਬਚਾਅ ਲਈ ਤਿਆਰ ਕੀਤਾ ਗਿਆ ਸੀ। ਪਰ ਕੈਨੇਡਾ ਵਿੱਚ ਮੰਕੀਪੌਕਸ ਟੀਕੇ ਦੀਆਂ ਦੋ ਖੁਰਾਕਾਂ ਦੀ ਸਿਫਾਰਿਸ਼ ਕੀਤੀ ਗਈ, ਪਰ ਪਿਛਲੇ ਸਾਲ ਦੇ ਗਲੋਬਲ ਮਹਾਂਮਾਰੀ ਦੌਰਾਨ ਮੌਜੂਦਾ ਸਪਲਾਈ ਨੂੰ ਦੇਖਦੇ ਹੋਏ ਓਨਟਾਰੀਓ ਵਿੱਚ ਸ਼ੁਰੂਆਤੀ ਦੌਰ ਵਿੱਚ ਸਿਰਫ ਇੱਕ ਖੁਰਾਕ ਦਿੱਤੀ ਗਈ।

ਇਸ ਦੇ ਅਧਿਐਨ ਦੌਰਾਨ 3,204 ਪੁਰਸ਼ ਟੀਕਾ ਲੈ ਚੁੱਕੇ ਹਨ, ਜਿਨ੍ਹਾਂ ਦਾ ਤੁਲਨਾਤਮਕ ਅਧਿਐਨ 3,204 ਅਣ-ਟੀਕਾਕਰਿਤ ਪੁਰਸ਼ਾਂ ਨਾਲ ਕੀਤਾ ਗਿਆ। ਅਧਿਐਨ ਵਿੱਚ 58 ਫ਼ੀਸਦੀ ਦੀ ਰੋਕਥਾਮ ਦਰਜ ਕੀਤੀ ਗਈ।


# ਖਾਲਸਾ ਸਕੂਲ ਨੂੰ ਹੈਂਡੀਮੈਨ ਦੀ ਤੁਰੰਤ ਲੋੜ ਹੈ

# Handyman for a Independent School

**WE ARE A SCHOOL LOOKING FOR A HANDYMAN WITH SIMPLE**
Electrical/plumbing work. Jobs that needs to be dealt with include, but are not limited to: carpentry, dry-wall, painting, flooring, simple electrical/plumbing jobs, lifting light or heavy stuff around the campus.

ਖਾਲਸਾ ਸਕੂਲ ਨੂੰ ਇਲੈਕਟ੍ਰੀਕਲ/ਪਲੰਬਿੰਗ ਦੇ ਕੰਮਾਂ ਲਈ ਇੱਕ ਹੈਂਡੀਮੈਨ ਦੀ ਭਾਲ ਹੈ। ਇਸ ਦੇ ਨਾਲ ਹੀ ਲੱਕੜ ਦਾ ਕੰਮ, ਡਰਾਈਵਾਲ, ਪੇਂਟਿੰਗ, ਫਲੋਰਿੰਗ, ਇਲੈਕਟ੍ਰੀਕਲ/ਪਲੰਬਿੰਗ ਦੇ ਕੰਮ, ਅਤੇ ਕੈਂਪਸ ਵਿੱਚ ਹਲਕਾ ਜਾਂ ਭਾਰੀ ਸਮਾਨ ਉਠਾਉਣ ਲਈ ਵੀ ਹੈਂਡੀਮੈਨ ਦੀ ਭਾਲ ਹੈ।

If you are a professional and reliable individual with handyman experience and have knowledge in any of the above areas, you may be a great fit for our school!

**Ideal candidate must be professional, reliable, show up on time & have a good work ethic!**

**MUST HAVE VALID DRIVING LICENSE**


**Working Hours : 8am - 5:30pm**

**If interested please email your resume at : akbehal@khalsaschool.ca**

**Khalsa School Old Yale Road, 10677 124 St, Surrey, BC V3V 0B1**

# ਸਰੀ ਦੇ ਲਕਸ਼ਮੀ ਨਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ ਵੱਲੋਂ ਲਿਖੀ ਚਿੱਠੀ ਲੀਕ ਹੋਣ ਮਗਰੋਂ ਮੰਗੀ ਮੁਆਫ਼ੀ

ਸਰੀ : ਸਰੀ ਦੇ ਲਕਸ਼ਮੀ ਨਰਾਇਣ ਮੰਦਰ ਵੱਲੋਂ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਐਵ ਨੂੰ ਲਿਖੀ ਗਈ ਚਿੱਠੀ ਨੇ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਪੈਦਾ ਕੀਤੀ ਹੈ। ਇਸ ਚਿੱਠੀ 'ਤੇ ਮੰਦਰ ਦੇ ਪ੍ਰੈਜ਼ੀਡੈਂਟ ਸਤੀਸ਼ ਕੁਮਾਰ ਦੇ ਡਿਜੀਟਲ ਦਸਤਖ਼ਤ ਹਨ। ਚਿੱਠੀ ਵਿੱਚ ਪੋਲੀਐਵ ਨੂੰ ਕੈਨੇਡਾ ਵਿੱਚ ਹਿੰਦੂ ਮੰਦਰਾਂ ਦੇ ਵਿਰੁੱਧ ਵਧ ਰਹੀਆਂ ਘਟਨਾਵਾਂ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਤੋਂ ਹਿੰਦੂ ਮੰਦਰਾਂ ਦੀ ਹਿਮਾਇਤ ਕਰਨ ਦੀ ਮੰਗ ਕੀਤੀ ਗਈ ਸੀ।



ਇਹ ਚਿੱਠੀ ਜਨਮਅਸ਼ਟਮੀ ਦੇ ਮੌਕੇ 'ਤੇ ਲਿਖੀ ਗਈ ਸੀ, ਜਿੱਥੇ ਕੰਜ਼ਰਵੇਟਿਵ ਪਾਰਟੀ ਦੇ ਟਿਮ ਉੱਪਲ, ਜਸਰਾਜ ਹੱਲਣ, ਹਰਜੀਤ ਗਿੱਲ ਅਤੇ ਜੈਸੀ ਸਹੋਤਾ ਸਮਾਰੋਹ ਵਿੱਚ ਸ਼ਾਮਿਲ ਹੋਏ ਸਨ। ਚਿੱਠੀ ਵਿੱਚ ਪੋਲੀਐਵ ਨੂੰ ਸਿੱਖ ਪਿਛੋਕੜ ਵਾਲੇ ਉਮੀਦਵਾਰਾਂ ਦੀ ਜਗ੍ਹਾ ਹਿੰਦੂ ਪਿਛੋਕੜ ਦੇ ਵਿਅਕਤੀਆਂ ਨੂੰ ਭੇਜਣ ਦੀ ਗੱਲ ਕੀਤੀ ਗਈ ਸੀ, ਜੋ ਹਿੰਦੂ ਭਾਈਚਾਰੇ ਦੇ ਮਸਲਿਆਂ ਨੂੰ ਬਿਹਤਰ ਸਮਝ ਸਕਣ।

ਸਤੀਸ਼ ਕੁਮਾਰ ਨੇ ਕਿਹਾ ਕਿ ਉਹਨਾਂ ਨੇ ਇਸ ਚਿੱਠੀ ਨੂੰ ਪੜ੍ਹੇ ਬਿਨਾਂ ਹੀ ਸਾਈਨ ਕਰ ਦਿੱਤਾ ਸੀ। ਉਨ੍ਹਾਂ ਦੇ ਅਨੁਸਾਰ ਚਿੱਠੀ ਲਿਖਣ ਵਾਲਾ ਵਿਅਕਤੀ ਮੰਦਰ ਦਾ ਇੱਕ ਮੈਂਬਰ ਸੀ, ਜਿਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਹਨਾਂ ਸਿੱਖ ਭਾਈਚਾਰੇ ਲਈ ਗਹਿਰੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਅਤੇ ਦੱਸਿਆ ਕਿ ਉਹਨਾਂ ਦੇ ਪਰਿਵਾਰ ਵਿੱਚ ਵੀ ਸਿੱਖ ਪਰੰਪਰਾਵਾਂ ਅਨੁਸਾਰ ਵਿਆਹ ਹੋਏ ਹਨ। ਇਹ ਪੁੱਛੇ ਜਾਣ 'ਤੇ ਕਿ ਕੀ ਸਿੱਖ ਭਾਈਚਾਰੇ ਦੇ ਮੈਂਬਰ , ਹਿੰਦੂ ਭਾਈਚਾਰੇ ਦੇ ਮਸਲਿਆਂ ਨੂੰ ਸਮਝਣ ਵਿੱਚ ਅਸਮਰਥ ਹਨ , ਬਾਰੇ ਸਤੀਸ਼ ਕੁਮਾਰ ਦਾ ਮੰਨਣਾ ਹੈ ਕਿ ਉਹ ਅਜਿਹਾ ਨਹੀਂ ਸੋਚਦੇ। ਸਤੀਸ਼ ਕੁਮਾਰ ਨੇ ਕਿਹਾ ਕਿ ਸਿੱਖ ਭਾਈਚਾਰੇ ਦੇ ਮੈਂਬਰ ਵੀ ਭਾਰਤ ਤੋਂ ਹੀ ਆਏ ਹਨ ਅਤੇ ਉਹ ਵੀ ਅਜਿਹੀਆਂ ਸਮੱਸਿਆਵਾਂ ਨੂੰ ਸਮਝਦੇ ਹਨ।



VEDIC HINDU CULTURAL SOCIETY
OF BRITISH COLUMBIA

Subject: **Request for a Hindu member of parliament to Address Our Community Concerns (Shri Lakshmi Narayan Mandir c/o Vedic Hindu Cultural Society).**

Dear Pierre Poilievre and CPC Team,

We hope your campaign is going well. On behalf of Shri Lakshmi Narayan Mandir c/o Vedic Hindu Cultural Society BC, a strong community of 50,000 Mandir Visitors and BC residents, We would like to let you know about our community's concerns about several important issues that directly affect Canadian Hindus. As citizens of the Canadian democratic process, we value our relationship with the Conservative Party of Canada and hope our voices will be heard and understood.

First of all, we Thank You for the support You and CPC have shown towards the ongoing program of the Bangladeshi Hindu community after the fall of PM Hasina's government.

We wanted to let you know about the recent visit of CPC leaders to our mandir last weekend.

Deputy Leader Tim Uppal, MP from Edmonton, Jasraj Hallan, MP from Calgary and Shadow Minister for Standing Committee on Finance, CPC Nominee from Surrey Harjot Gill and CPC Nominee Jessy Sahota visited our temple recently on the occasion of Lord Krishna's Janmashtami.

We are disheartened to see a lack of cultural sensitivity in your choice of sending opposing ideological persons to Canadian Hindu places of worship.

In light of recent events and ongoing discussions within our community, it would be highly beneficial for us to engage with MPs with a Hindu background or someone who understands the daily challenges Canadian Hindus face. The growing rise in Hinduphobia and attacks against Hindu leaders across Canada are essential issues to us and our people.

We expect maturity in communication as this is a serious matter. Your representative would uniquely understand the cultural, religious, and social nuances essential to Canadian Hindus. This perspective is crucial in addressing our community's challenges, ranging from human rights issues to justice and inclusion.


We request that you send Shuv Majumdar, MP, Calgary Heritage or Deputy Leader Melissa Lantsman, Thornhill MP. In the past, they have shown signs of willingness to hear and understand the issues of Canadian Hindus. This would significantly enhance the effectiveness of our dialogue and ensure that our concerns are communicated and addressed empathetically and informally.

We believe that a meeting or forum with MP Shuv Majumdar, who shares our cultural heritage and is a victim of the genocide of Bangladeshi Hindus, would help to build more vital bridges between our community and the Conservative Party. We want to start a meaningful dialogue with the Conservative Party of Canada and seek time for a meeting to listen to our concerns. We are eager to work together towards solutions that align with the values of equity, justice, and representation that we all hold dear.

Thank you for your attention to this matter. We look forward to your positive response and hope to arrange a meeting as soon as possible.

Sincerely,
Satish Kumar
**Satish Kumar, President**
Direct: 604.618.5114

LAKSHMI NARAYAN MANDIR
8321-140 STREET, Surrey, BC, CANADA, V3W 4B5
Phone: 604-596-4977 Fax: 604-596-4777
www.hindumandirsurrey.com



VEDIC HINDU CULTURAL SOCIETY
OF BRITISH COLUMBIA

Dated: Sep 12, 2024

The Honourable Pierre Poilievre

Leader CPC

Subject: Clarification regarding the letter that was sent to your office on Sep 04th, 2024

Dear Mr. Poillievre and the CPC Team,

It has been brought to our attention that our letter that was sent to your office on Sep 04th, 2024 had been circulated in the media and it has resulted in unwarranted and unintended controversy while creating a wedge between Indo-Canadian Hindus and Sikhs.

We further like to clarify that there was no malicious intent meant to offend any individuals or any particular community referred in the said letter. Vedic Hindu Cultural Society of BC has always been instrumental and has always stood for the unity and integrity of both communities.

If our letter has hurt any particular group's, individual's or community's sentiments, we sincerely apologize, and further clarify that we always stand by our commitment of creating a harmonious environment and we welcome all communities and groups in our hearts and our temple.

We believe that this letter should bring all the controversies to an end and we can still work together towards building stronger and unified community. We would still like to keep our ongoing communications and discussions open for meaningful results.

Yours Sincerely

Satish Kumar, President
Vedic Hindu Cultural Society of BC

LAKSHMI NARAYAN MANDIR
8321-140 STREET, Surrey, BC, CANADA, V3W 4B5
Phone: 604-596-4977 Fax: 604-596-4777
www.hindumandirsurrey.com

# ਜ਼ਿਮਨੀ ਚੋਣਾਂ ਸਬੰਧੀ ਰਣਨੀਤੀ ਲਈ ਐਨ.ਡੀ.ਪੀ. ਕਾਕਸ ਨੇ ਬੁਲਾਈ ਬੈਠਕ

**ਸਰੀ, (ਸਿਮਰਨਜੀਤ ਸਿੰਘ):** ਮੋਂਟਰੀਆਲ ਵਿੱਚ ਨਿਊ ਡੈਮੋਕ੍ਰਿਟਿਕ ਪਾਰਟੀ (NDP) ਦੇ ਮੈਂਬਰ ਆਪਣੀ ਤਿੰਨ ਦਿਨ ਦੀ ਸੰਸਦੀ ਰਣਨੀਤੀ ਬੈਠਕ ਬੁਲਾਈ, ਇਸ ਦੌਰਾਨ ਜਿੱਥੇ ਉਨ੍ਹਾਂ ਸੰਸਦ ਦੇ ਆਉਣ ਵਾਲੇ ਦੌਰ ਦੇ ਲਈ ਰਣਨੀਤੀਆਂ 'ਤੇ ਵਿਚਾਰ-ਵਟਾਂਦਰਾ ਕੀਤਾ। ਐਨ.ਡੀ.ਪੀ. ਵਲੋਂ ਇਹ ਬੈਠਕ ਲਿਬਰਲ ਸਰਕਾਰ ਨਾਲ ਆਪਣਾ ਸਪਲਾਈ ਅਤੇ ਭਰੋਸੇ ਦਾ ਸਮਝੌਤਾ ਨੂੰ ਖਤਮ ਕੀਤੇ ਜਾਣ ਤੋਂ ਤੁਰੰਤ ਬਾਅਦ ਬੁਲਾਈ ਗਈ ਹੈ।

ਇਸ ਮੌਕੇ ਐਨ.ਡੀ.ਪੀ. ਸੰਸਦ ਮੈਂਬਰ ਅਤੇ ਕਾਕਸ ਚੇਅਰ ਐਲਿਸਟੇਅਰ ਮੈਕਗ੍ਰੇਗਰ ਨੇ ਕਿਹਾ ਕਿ ਉਨ੍ਹਾਂ ਦੇ ਇਲਾਕੇ ਦੇ ਲੋਕ ਖ਼ੁਸ਼ ਹਨ ਕਿ ਪਾਰਟੀ ਨੇ ਆਪਣੇ ਲਿਬਰਲਾਂ ਦੂਰੀ ਬਣੀ ਹੈ। ਐਨ.ਡੀ.ਪੀ. ਦੇ ਸੰਸਦ ਮੈਂਬਰ ਡਾਨ ਡੇਵੀਸ ਨੇ ਵੀ ਕਿਹਾ ਕਿ ਉਹਨਾਂ ਦੇ ਚੁਣਾਵੀ ਖੇਤਰ ਦੇ ਵੋਟਰ ਪੂਰੀ ਤਰ੍ਹਾਂ ਸਮਝਦੇ ਹਨ ਕਿ ਪਾਰਟੀ ਨੇ ਲਿਬਰਲਾਂ ਨਾਲ ਸਮਝੌਤਾ ਖਤਮ ਕਰਨ ਦਾ ਸਹੀ ਫ਼ੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਐਨ.ਡੀ.ਪੀ. ਨੇ ਅਚਾਨਕ ਹੀ ਉਸ ਸਮਝੌਤੇ ਨੂੰ ਰੱਦ ਕਰ ਦਿੱਤਾ ਸੀ, ਜੋ



ਲਿਬਰਲ ਘੱਟਗਿਣਤੀ ਸਰਕਾਰ ਨੂੰ ਸਮਰਥਨ ਦੇਣ ਲਈ ਕੀਤਾ ਗਿਆ ਸੀ। ਮੋਂਟਰੀਆਲ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਐਨ.ਡੀ.ਪੀ. ਸੰਸਦ ਮੈਂਬਰ ਡਾਨ ਡੇਵੀਸ ਨੇ ਕਿਹਾ, "ਟਰੂਡੋ ਦੀ ਸਰਕਾਰ ਉਹ ਬਦਲਾਵ ਨਹੀਂ ਲਿਆ ਰਹੀ ਜੋ ਲੋਕਾਂ ਨੂੰ ਚਾਹੀਦਾ ਹੈ, ਅਤੇ ਨਾ ਹੀ ਪੀਅਰ ਪੋਲੀਏਵਰ ਇਸ ਵਿੱਚ ਕੁਝ ਕਰ ਸਕਦੇ ਹਨ।"

ਪਾਰਟੀ ਇਹ ਬੈਠਕ ਉਸ ਸਮੇਂ ਵੀ ਬੁਲਾਈ ਗਈ ਹੈ ਜਦੋਂ ਕੈਨੇਡਾ ਵਿੱਚ 16 ਸਤੰਬਰ ਨੂੰ ਦੋ ਮਹੱਤਵਪੂਰਨ ਬਾਈ-ਇਲੈਕਸ਼ਨ ਹੋਣ ਜਾ ਰਹੇ ਹਨ। ਐਨ.ਡੀ.ਪੀ. ਵਿੰਨੀਪੈਗ ਦੇ ਐਲਮਵੁੱਡ-ਟ੍ਰਾਂਸਕੋਨਾ ਸੀਟ 'ਤੇ ਜਿੱਤ ਪ੍ਰਾਪਤ ਕਰਨ ਲਈ ਇਥੇ ਇਕੱਠੇ ਹੋਏ, ਜਦੋਂਕਿ ਮੋਂਟਰੀਆਲ ਦੇ ਲਾਸਾਲ-ਏਮਰਡ-ਵਰਦਨ ਵਿੱਚ ਲਿਬਰਲਾਂ ਦੀ ਮਜ਼ਬੂਤ ਕਿਲ੍ਹੇ ਨੂੰ ਹਾਸਲ ਕਰਨ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ। ਐਨ.ਡੀ.ਪੀ. ਦੇ ਮੌਜੂਦਾ ਇੱਕੋ ਇੱਕ ਕਬਜ਼ੇ ਵਾਲੇ ਕਿਊਬੈਕ ਤੋਂ ਸੰਸਦ ਮੈਂਬਰ ਅਲੈਗਜ਼ੈਂਡਰ ਬੌਲਰੀਸ ਨੇ ਕਿਹਾ ਕਿ ਲਿਬਰਲਾਂ ਨਾਲ ਨਾਤਾ ਤੋੜਨਾ ਬਾਈ-ਇਲੈਕਸ਼ਨ 'ਚ ਐਨ.ਡੀ.ਪੀ. ਨੂੰ ਮਜ਼ਬੂਤੀ ਪ੍ਰਦਾਨ ਕਰੇਗਾ।

ਅਲੈਗਜ਼ੈਂਡਰ ਬੌਲਰੀਸ ਨੇ ਕਿਹਾ, "ਲਿਬਰਲ ਲੋਕਾਂ ਨੂੰ ਸਮਰਥਨ ਮਹਿਸੂਸ ਨਹੀਂ ਕਰਵਾ ਰਹੇ। ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀਆਂ ਪਿੱਠਾਂ 'ਤੇ ਸਰਕਾਰ ਦਾ ਹੱਥ ਨਹੀਂ ਹੈ। ਐਨ.ਡੀ.ਪੀ. ਆਗੂ ਜਗਮੀਤ ਸਿੰਘ ਦੀ ਰਣਨੀਤੀ ਨੇ ਪਾਰਟੀ ਨੂੰ ਲਿਬਰਲਾਂ ਤੋਂ ਦੂਰ ਕਰਕੇ ਇੱਕ ਮਜ਼ਬੂਤ ਵਿਸ਼ਵਾਸ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਕਿ ਉਹਨਾਂ ਦੇ ਵੋਟਰਾਂ ਵਿੱਚ ਐਨ.ਡੀ.ਪੀ. ਦੀ ਅਲੱਗ ਪਛਾਣ ਬਣਾਉਣ 'ਤੇ ਧਿਆਨ ਕੇਂਦਰਤ ਦਿੰਦਾ ਹੈ। This report was written by Simranjit Singh as part of the Local Journalism Initiative.






ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

- Brar Bhagta Bhai Ka
  Editor
  604-751-1113

Funded by the Government of Canada | Financé par le gouvernement du Canada | Canada

ADVISORY BOARD

- Dr. Puran Singh
  Vancouver, Canada
- S. Jarnail Singh
  Surrey, Canada
- Simranjit Singh
  News Reporter
- Gora Sandhu Khurd
  News Reporter (Punjab)
- Paramjit Singh
  Graphic Designer

Ishpreet Kaur as part of the Local Journalism Initiative.

Distributed in B.C., Greater Vancouver, Fraser Valley,
Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**

**Please Note:**
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨਡਾ-ਅਮਰੀਕਾ ਵਿਚ ਪੰਜਾਬੀਆਂ ਦਾ ਬੁਢਾਪਾ

ਲੇਖਕ : ਸੁਰਿੰਦਰ ਗੀਤ

ਕੈਨੇਡਾ-ਅਮਰੀਕਾ ਵਿਚ ਪੰਜਾਬੀਆਂ ਦਾ ਬੁਢਾਪਾ ਸਾਹਮਣੇ ਆਉਂਦੇ ਸਾਰ ਹੀ ਫਰੀਮੌਂਟ ਕੈਲੀਫੋਰਨੀਆ ਦਾ ਸਮੁੰਦਰ ਦਾ ਕਿਨਾਰਾ, ਹਰਾ ਭਰਾ ਘਾਹ ਅਤੇ ਲੱਕੜ ਦੇ ਬਣੇ ਬੈਂਚ 'ਤੇ ਬੈਠੇ ਬਜ਼ੁਰਗ ਪੰਜਾਬੀ ਜੋੜੇ ਦਾ ਖਿਆਲ ਆਇਆ ਜੋ ਕਾਫ਼ੀ ਲੰਬੇ ਸਮੇਂ ਤੋਂ ਮੇਰੀ ਚੇਤਨਾ ਵਿਚ ਵਸਿਆ ਹੋਇਆ ਸੀ। ਬਜ਼ੁਰਗ ਔਰਤ ਨੇ ਸਲਵਾਰ ਕਮੀਜ਼ ਪਾਈ ਸੀ ਤੇ ਸਿਰ ਉੱਪਰ ਪੰਜਾਬੀ ਤਰੀਕੇ ਨਾਲ ਚੁੰਨੀ ਲਈ ਹੋਈ ਸੀ। ਬਜ਼ੁਰਗ ਮਰਦ ਨੇ ਪੈਂਟ ਕਮੀਜ਼ ਅਤੇ ਸਿਰ ਉੱਪਰ ਪੇਂਡੂ ਲਹਿਜੇ ਨਾਲ ਦਸਤਾਰ ਸਜਾਈ ਹੋਈ ਸੀ। ਦੂਰੋਂ ਹੀ ਉਨ੍ਹਾਂ ਦੇ ਪੰਜਾਬੀ ਹੋਣ ਦਾ ਪਤਾ ਲੱਗਦਾ ਸੀ। ਜਿਵੇਂ ਹੀ ਮੇਰੀ ਨਜ਼ਰ ਉਨ੍ਹਾਂ ਉੱਪਰ ਗਈ ਤਾਂ ਤਰ੍ਹਾਂ ਤਰ੍ਹਾਂ ਦੇ ਖਿਆਲ ਮਨ 'ਚ ਆਉਣੇ ਸ਼ੁਰੂ ਹੋ ਗਏ। ਸਭ ਤੋਂ ਪਹਿਲਾ ਖਿਆਲ ਜੋ ਮੇਰੇ ਮਨ 'ਚ ਆਇਆ ਉਹ ਇਹ ਸੀ ਕਿ ਇਹ ਕਿੰਨੀ ਚੰਗੀ ਕਿਸਮਤ ਵਾਲੇ ਹਨ ਜੋ ਏਨੇ ਸੋਹਣੇ ਸਾਫ਼ ਸੁਥਰੇ ਵਾਤਾਵਰਣ 'ਚ ਤੇ ਖ਼ਾਸ ਕਰਕੇ ਸਮੁੰਦਰ ਦੇ ਕਿਨਾਰੇ ਬੈਠੇ ਹਨ। ਮੇਰਾ ਜੀਅ ਕਰਦਾ ਸੀ ਕਿ ਮੈਂ ਕੋਲ ਜਾਵਾਂ, ਪਰ ਮਜਬੂਰੀ ਸੀ ਅਤੇ ਬੇਗਾਨੇ ਵੱਸ ਸਾਂ। ਮੈਂ ਆਪਣੀ ਸਹੇਲੀ ਨਾਲ ਕੈਲੀਫੋਰਨੀਆ ਗਈ ਸੀ ਅਤੇ ਰਿਸ਼ਤੇਦਾਰਾਂ ਨਾਲ ਬਾਹਰ ਕਿਤੇ ਘੁੰਮਣ ਜਾਣ ਲਈ ਨਿਕਲੇ ਸਾਂ। ਕਾਰ ਵਿਚ ਹੋਣ ਕਾਰਨ ਸਿਰਫ਼ ਦੋ ਕੁ ਮਿੰਟ ਹੀ ਮੈਂ ਉਨ੍ਹਾਂ ਨੂੰ ਉੱਥੇ ਬੈਠੇ ਦੇਖ ਸਕੀ ਸਾਂ। "ਇਹ ਕੀ ਸੋਚ ਰਹੇ ਹੋਣਗੇ?" ਮੈਂ ਸੋਚਣ ਲੱਗੀ। ਸ਼ਾਇਦ ਸਮੁੰਦਰ ਦੀਆਂ ਲਹਿਰਾਂ ਨਾਲ ਗੱਲਬਾਤ ਕਰ ਰਹੇ ਹੋਣਗੇ, ਦੂਰ ਜਾਂਦੇ ਸਮਾਨ ਨਾਲ ਲੱਦੇ ਜਹਾਜ਼ਾਂ ਵੱਲ ਦੇਖ ਰਹੇ ਹੋਣਗੇ, ਉਨ੍ਹਾਂ ਦੇ ਲੰਬੇ ਸਫ਼ਰ ਬਾਰੇ ਸੋਚ ਰਹੇ ਹੋਣਗੇ? ਅਜਿਹੇ ਅਣਗਿਣਤ ਖਿਆਲਾਂ ਨੇ ਮੈਨੂੰ ਘੇਰ ਲਿਆ। ਉੱਥੇ ਕੁਝ ਦਿਨ ਰਹਿ ਕੇ ਅਸੀਂ ਵਾਪਸ ਆ ਗਏ ਅਤੇ ਕੰਮਾਂ ਕਾਰਾਂ 'ਤੇ ਜਾਣਾ ਸ਼ੁਰੂ ਹੋ ਗਿਆ। ਉਸ ਬਜ਼ੁਰਗ ਜੋੜੇ ਦੀ ਤਸਵੀਰ ਅੱਜ ਤਕ ਮੇਰੇ ਜ਼ਿਹਨ 'ਚ ਵਸੀ ਹੋਈ ਹੈ। ਇਕ ਦਿਨ ਮੈਂ ਕੰਮ ਤੋਂ ਘਰ ਵਾਪਸ ਆ ਰਹੀ ਸਾਂ। ਬੱਸ ਵਿਚ ਮੇਰੇ ਨਾਲ ਦੀ ਸੀਟ 'ਤੇ ਇਕ ਬਜ਼ੁਰਗ ਆ ਕੇ ਬਹਿ ਗਿਆ। ਉਸ ਨਾਲ ਥੋੜ੍ਹੀ ਬਹੁਤ ਜਾਣ ਪਹਿਚਾਣ ਸੀ। ਮੈਂ ਸਤਿ ਸ੍ਰੀ ਅਕਾਲ ਬੁਲਾਈ ਅਤੇ ਗੱਲਬਾਤ ਤੋਰਨ ਲਈ ਪੁੱਛਣ ਲੱਗੀ ਕਿ ਅੰਕਲ ਜੀ ਕਿਧਰੋਂ ਆ ਰਹੇ ਹੋ? ਉਸ ਬਜ਼ੁਰਗ ਨੇ ਡੂੰਘਾ ਸਾਹ ਲਿਆ ਤੇ ਕਹਿਣ ਲੱਗਾ ਕੀ ਦੱਸਾਂ ਬੀਬੀ, ਜੇਕਰ ਘਰੇ ਰਹਿੰਦਾ ਹਾਂ ਤਾਂ ਨੂੰਹ ਸਾਰਾ ਦਿਨ ਬੁੜ ਬੁੜ ਕਰਦੀ ਹੈ, ਅਖੇ ਸੋਫੇ ਤੋੜਦਾ ਹੈ। ਇਸ ਕਰਕੇ ਮੈਂ ਸਵੇਰੇ ਹੀ ਘਰੋਂ ਨਿਕਲ ਜਾਂਦਾ ਹਾਂ ਅਤੇ ਸ਼ਾਮ ਨੂੰ ਵਾਪਸ ਆ ਜਾਂਦਾ ਹਾਂ। ਇਹ ਸੁਣ ਕੇ ਮੈਂ ਕੰਬ ਜਿਹੀ ਗਈ ਅਤੇ ਕੈਲੀਫੋਰਨੀਆ ਵਾਲੇ ਬਜ਼ੁਰਗ ਜੋੜੇ ਦਾ ਖਿਆਲ ਆ ਗਿਆ। ਸ਼ਾਇਦ ਉਹ ਬਜ਼ੁਰਗ ਜੋੜਾ ਵੀ ਏਸੇ ਕਾਰਨ ਉੱਥੇ ਬੈਠਾ ਹੋਵੇ। ਆਪਣਾ ਵਕਤ ਲੰਘਾਉਂਦਾ ਹੋਵੇ। ਘਰ 'ਚ ਕੋਈ ਝੱਲਦਾ ਨਾ ਹੋਵੇ। ਬਜ਼ੁਰਗ ਮਰਦ ਤਾਂ ਬਾਹਰ ਸਮਾਂ ਬਤੀਤ ਕਰ ਆਉਂਦੇ ਹਨ, ਪਰ ਬਜ਼ੁਰਗ ਔਰਤਾਂ ਸਾਰਾ ਸਮਾਂ ਘਰ ਰਹਿਣ ਕਰਕੇ ਇਸ ਤਰ੍ਹਾਂ ਦੀਆਂ ਵਧੀਕੀਆਂ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ।





ਉਨ੍ਹਾਂ ਦਿਨਾਂ 'ਚ ਮੈਂ ਕੈਲਗਰੀ ਪੁਲੀਸ ਦੇ ਪ੍ਰਬੰਧਕੀ ਢਾਂਚੇ ਦੇ ਦਫ਼ਤਰ 'ਚ ਨੌਕਰੀ ਕਰਦੀ ਸਾਂ। ਉੱਥੇ ਮੈਂ ਗਿਆਰਾਂ ਸਾਲ ਕੰਮ ਕੀਤਾ ਅਤੇ ਪੰਜਾਬੀਆਂ ਦੇ ਬੁਢਾਪੇ ਦੀ ਅਸਲੀ ਤਸਵੀਰ ਦੇਖੀ।

ਉਦਾਹਰਣ ਵਜੋਂ ਇਕ ਘਟਨਾ ਦਾ ਜ਼ਿਕਰ ਕਰਦੀ ਹਾਂ। ਸਵੇਰ ਦਾ ਵੇਲਾ ਸੀ। ਦਫ਼ਤਰ ਗਿਆਂ ਅਜੇ ਦੋ ਕੁ ਘੰਟੇ ਹੀ ਹੋਏ ਸਨ ਕਿ ਪੁਲੀਸ ਕਰਮਚਾਰੀ ਆਇਆ ਤੇ ਕਹਿਣ ਲੱਗਾ ਕਿ ਮੈਂ ਇਕ ਬਜ਼ੁਰਗ ਪੰਜਾਬੀ ਔਰਤ ਨੂੰ ਬੰਦੀ ਬਣਾ ਕੇ ਲਿਆਇਆ ਹਾਂ। ਇੰਟਰਪਰੇਟਰ ਦੀ ਲੋੜ ਹੈ ਤੂੰ ਹੀ ਚਲੀ ਜਾ। ਕੁਝ ਦੇਰ ਬਾਅਦ ਮੈਂ ਉੱਪਰਲੀ ਮੰਜ਼ਿਲ 'ਤੇ ਚਲੀ ਗਈ ਜਿੱਥੇ ਲੋਕਾਂ ਨੂੰ ਬੰਦੀ ਬਣਾ ਕੇ ਲਿਆਇਆ ਜਾਂਦਾ ਸੀ। ਉਸ ਬਜ਼ੁਰਗ ਔਰਤ ਨੂੰ ਬਾਹਰ ਲਿਆਂਦਾ ਗਿਆ ਕਿਉਂਕਿ ਜੱਜ ਦੇ ਪੇਸ਼ੀ ਸੀ। ਜ਼ਮਾਨਤ ਹੋਣੀ ਸੀ। ਸੱਤਰ ਕੁ ਸਾਲ ਦੀ ਉਸ ਔਰਤ ਨੇ ਸਾਧਾਰਨ ਜਿਹੀ ਸਲਵਾਰ ਕਮੀਜ਼ ਪਾਈ ਸੀ। ਉਸ ਕੋਲ ਚੁੰਨੀ ਨਹੀਂ ਸੀ। ਉਹ ਬਚਾਓ ਦੇ ਪੱਖੋਂ ਜਮ੍ਹਾਂ ਕਰਵਾ ਲਈ ਗਈ ਸੀ। ਉਹ ਔਰਤ ਆਪਣੀਆਂ ਦੋਵਾਂ ਬਾਹਾਂ ਨੂੰ ਆਪਣੀ ਹਿੱਕ ਨਾਲ ਲਾਈ ਬੈਠੀ ਸੀ ਜਿਵੇਂ ਬਾਹਾਂ ਨਾਲ ਆਪਣਾ ਨੰਗੇਜ਼ ਢਕ ਰਹੀ ਹੋਵੇ। ਮੈਂ ਪਿਆਰ ਨਾਲ ਬੀਜੀ ਕਹਿ ਕੇ ਉਸ ਕੋਲ ਬੈਠ ਗਈ। ਉਹ ਰੋਣ ਲੱਗ ਪਈ। ਉਸ ਬੀਬੀ ਨੇ ਸਭ ਤੋਂ ਪਹਿਲੀ ਗੱਲ ਜੋ ਮੈਨੂੰ ਆਖੀ ਉਹ ਇਹ ਸੀ ਕਿ ਮੇਰੀ ਚੁੰਨੀ ਮੇਰੇ ਕੋਲ ਨਹੀਂ। ਮੇਰੀ ਚੁੰਨੀ ਲੈ ਕੇ ਆ। ਮੈਂ ਬੜੇ ਪਿਆਰ ਨਾਲ ਉਸ ਨੂੰ ਸਮਝਾਇਆ ਕਿ ਚੁੰਨੀ ਘਰੇ ਜਾਣ ਲੱਗਿਆਂ ਹੀ ਮਿਲੇਗੀ। ਉਹ ਜ਼ਿੱਦ ਕਰ ਰਹੀ ਸੀ ਕਿ ਚੁੰਨੀ ਬਗੈਰ ਉਹ ਜੱਜ ਦੇ ਸਾਹਮਣੇ ਕਿਵੇਂ ਜਾਵੇ। ਮੇਰਾ ਨਹੀਂ ਖਿਆਲ ਕਿ ਉਹ ਬੀਬੀ ਕਦੇ ਚੁੰਨੀ ਬਗੈਰ ਕਿਸੇ ਦੇ ਸਾਹਮਣੇ ਹੋਈ ਹੋਵੇ। ਕਦੇ ਪੁਲੀਸ ਥਾਣੇ ਦੇ ਅੱਗੋਂ ਦੀ ਲੰਘੀ ਹੋਵੇ। ਥਾਣੇ ਅੰਦਰ ਜਾਣਾ ਤਾਂ ਦੂਰ ਦੀ ਗੱਲ ਸੀ। ਅਸਲ ਮੁੱਦੇ ਦੀ ਗੱਲ ਇਹ ਹੈ ਕਿ ਬੀਬੀ ਥਾਣੇ ਕਿਵੇਂ ਪੁੱਜੀ? ਉਸ ਦੇ ਦੱਸਣ ਮੁਤਾਬਕ ਜਾਂ ਪੁਲੀਸ ਦੀ ਰਿਪੋਰਟ ਮੁਤਾਬਕ ਸਵੇਰੇ ਜਦੋਂ ਉਸ ਦੇ ਨੂੰਹ ਪੁੱਤ ਦੋਵਾਂ ਨੇ ਕੰਮ 'ਤੇ ਜਾਣਾ ਸੀ ਤਾਂ ਨੂੰਹ ਆਪਣੇ ਡੇਢ ਕੁ ਸਾਲ ਦੇ ਬੱਚੇ ਨੂੰ ਬੀਬੀ ਨੂੰ ਫੜਾਉਣ ਆਈ ਤਾਂ ਦੋਵਾਂ ਵਿਚਕਾਰ ਤੂੰ ਤੂੰ ਮੈਂ ਮੈਂ ਹੋ ਗਈ। ਨੂੰਹ ਨਹੀਂ ਸੀ ਚਾਹੁੰਦੀ ਕਿ ਉਹ ਲਾਈਟ ਜਗਾਵੇ ਜਿਸ ਨਾਲ ਬੱਚੇ ਦੀ ਨੀਂਦ ਖ਼ਰਾਬ ਹੋਵੇ, ਪਰ ਬੀਬੀ ਦੇ ਪਾਠ ਕਰਨ ਦਾ ਸਮਾਂ ਸੀ, ਬੱਤੀ ਜਗਾਉਣੀ ਪੈਣੀ ਸੀ। ਨੌਬਤ ਏਥੋਂ ਤਕ ਪੁੱਜ ਗਈ। ਨੂੰਹ ਦਾ ਇਲਜ਼ਾਮ ਸੀ ਕਿ ਉਸ ਦੀ ਸੱਸ ਨੇ ਉਸ ਦੇ ਘਸੁੰਨ ਮਾਰੇ ਹਨ। ਬੀਬੀ ਦੇ ਵੀ ਨਹੁੰਆਂ ਦੇ ਨਿਸ਼ਾਨ ਸਨ ਜੋ ਉਸ ਨੇ ਮੈਨੂੰ ਆਪਣੀ ਖਿੱਚ ਕੇ ਪਾੜੀ ਕਮੀਜ਼ ਦੇ ਗਲੇ ਥਾਣੀਂ ਦਿਖਾਏ। ਮੈਂ ਕਿਹਾ ਬੀਜੀ ਤੁਸੀਂ ਇਹ ਪੁਲੀਸ ਅਫ਼ਸਰ ਨੂੰ ਕਿਉਂ ਨਹੀਂ ਦਿਖਾਇਆ ਤਾਂ ਉਹ ਆਖਣ ਲੱਗੀ "ਕੀ ਦੱਸਾਂ ਧੀਏ ਮੈਂ ਤਾਂ ਸੋਚਿਆ ਸੀ ਢਕੀ ਰਿੱਝੀ ਜਾਵੇ।" ਮੁੱਕਦੀ ਗੱਲ ਬੀਬੀ ਦੀ ਜ਼ਮਾਨਤ ਹੋ ਗਈ। ਨੂੰਹ ਨਾਲੋਂ ਅਲੱਗ ਰਹਿਣ ਦੀ ਪਾਬੰਦੀ ਲਾ ਕੇ ਅਤੇ ਅਗਲੀ ਤਰੀਕ ਦੇ ਕੇ ਜੱਜ ਨੇ ਛੱਡ ਦਿੱਤਾ। ਮੈਂ ਬੀਬੀ ਦਾ ਸਾਰਾ ਸਾਮਾਨ ਜਿਸ ਵਿਚ ਬੀਬੀ ਦੀ ਚੁੰਨੀ, ਗੁਟਕਾ ਸਾਹਿਬ ਅਤੇ ਛੋਟਾ ਲੱਕੜ ਦਾ ਕੰਘਾ ਸੀ, ਬੀਬੀ ਨੂੰ ਦਵਾ ਕੇ ਬਾਹਰ ਉਸ ਦੇ ਪੁੱਤਰ ਕੋਲ ਛੱਡਣ ਚਲੀ ਗਈ। ਉਸ ਦਾ ਪੁੱਤਰ ਉਸ ਨੂੰ ਲੈਣ ਆਇਆ ਸੀ। ਪੜ੍ਹਿਆ ਲਿਖਿਆ ਸੋਹਣਾ ਸੁਨੱਖਾ ਨੌਜਵਾਨ, ਮਾਂ ਨੇ ਰੀਝਾਂ ਨਾਲ ਪਾਲਿਆ ਲੱਗਦਾ ਸੀ। ਹੈਰਾਨੀ ਦੀ ਗੱਲ ਇਹ ਹੋਈ ਕਿ ਉਹ ਮੈਨੂੰ ਇਹ ਕਹਿਣ ਲੱਗ ਪਿਆ ਕਿ ਪੁਲਸੀਏ ਨੇ ਇਕ ਪਾਸੇ ਦੀ ਕਹਾਣੀ ਸੁਣੀ ਤੇ ਮੇਰੀ ਮਾਂ ਨੂੰ ਫੜ ਕੇ ਲੈ ਆਇਆ। ਅਸਲ ਗੱਲ ਇਹ ਸੀ ਕਿ ਉਸ ਨੇ ਆਪਣੀ ਪਤਨੀ ਦੇ ਸਾਹਮਣੇ ਆਪਣੀ ਮਾਂ ਦੇ ਵਿਰੁੱਧ ਗਵਾਹੀ ਭਰੀ ਸੀ। ਮੇਰੀ ਇਸ ਲੰਬੀ ਕਹਾਣੀ ਤੋਂ ਉੱਤਰੀ ਅਮਰੀਕਾ ਵਿਚ ਵੱਸਦੇ ਬਜ਼ੁਰਗ ਪੰਜਾਬੀਆਂ ਦੇ ਰਹਿਣ ਸਹਿਣ ਦਾ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੀ ਸੰਤਾਨ ਵੱਲੋਂ ਕਿਵੇਂ ਉਨ੍ਹਾਂ ਨਾਲ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਜ਼ੁਲਮ ਢਾਇਆ ਜਾਂਦਾ ਹੈ। ਮਹੱਤਵਪੂਰਨ ਗੱਲ ਜੋ ਮੈਂ ਆਖਣਾ ਚਾਹੁੰਦੀ ਹਾਂ ਉਹ ਇਹ ਕਿ ਬਹੁਤੇ ਘਰਾਂ ਵਿਚ ਮਾਂ ਬਾਪ ਨੂੰ ਬੱਚੇ ਸਾਂਭਣ ਅਤੇ ਘਰ ਦੇ ਕੰਮਕਾਜ ਲਈ ਹੀ ਵਰਤਿਆ ਜਾਂਦਾ ਹੈ। ਬੱਚਿਆਂ ਨੂੰ ਸਾਂਭਣਾ, ਘਰ ਦੇ ਕੰਮਕਾਜ ਵਿਚ ਆਪਣੇ ਵਿਤ ਅਨੁਸਾਰ ਮਦਦ ਕਰਨੀ ਕੋਈ ਮਿਹਣੇ ਵਾਲੀ ਗੱਲ ਨਹੀਂ, ਪਰ ਮਿਹਣੇ ਵਾਲੀ ਗੱਲ ਓਦੋਂ ਬਣਦੀ ਹੈ ਜਦੋਂ ਬਜ਼ੁਰਗਾਂ ਨੂੰ ਘਰਾਂ 'ਚ ਕੇਵਲ ਤੇ ਕੇਵਲ ਇਸੇ ਮੰਤਵ ਨਾਲ ਰੱਖਿਆ ਜਾਂਦਾ ਹੈ। ਬੁੱਢੇ ਮਾਂ-ਬਾਪ ਕੰਮ ਕਰਦੇ ਹਨ। ਪੈਸੇ ਕਮਾਉਂਦੇ ਹਨ, ਪਰ ਉਨ੍ਹਾਂ ਦੀ ਕਮਾਈ 'ਤੇ ਪੁੱਤ-ਨੂੰਹ ਹੀ ਕਬਜ਼ਾ ਕਰ ਲੈਂਦੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਇਨ੍ਹਾਂ ਨੂੰ ਰੋਟੀ ਕੱਪੜਾ ਤੇ ਸਿਰ ਢੱਕਣ ਲਈ ਛੱਤ ਮਿਲਦੀ ਹੈ ਤਾਂ ਇਨ੍ਹਾਂ ਨੇ ਪੈਸੇ ਕੀ ਕਰਨੇ ਹਨ? ਏਥੋਂ ਤਕ ਕਿ ਸਰਕਾਰ ਵੱਲੋਂ ਮਿਲਦੀ ਬੁਢਾਪਾ ਪੈਨਸ਼ਨ ਵੀ ਔਲਾਦ ਦੇ ਕੰਮ ਆਉਂਦੀ ਹੈ।

ਹੁਣ ਉਸ ਸਮੇਂ 'ਤੇ ਆਉਂਦੇ ਹਾਂ ਜਦੋਂ ਮਾਂ ਬਾਪ ਤੁਰਨ ਫਿਰਨ ਤੋਂ ਆਹਰੀ ਹੋ ਜਾਂਦੇ ਹਨ। ਰੋਜ਼ਾਨਾ ਜੀਵਨ ਦੀਆਂ ਕਿਰਿਆਵਾਂ ਸੋਧਣ ਲਈ, ਖਾਣ ਪੀਣ, ਉੱਠਣ ਬੈਠਣ ਲਈ ਉਹ ਆਪਣੇ ਬੱਚਿਆਂ ਵੱਲ ਤੱਕਦੇ ਰਹਿੰਦੇ ਹਨ। ਅਜਿਹੇ ਸਮੇਂ ਉਨ੍ਹਾਂ ਨੂੰ ਬਜ਼ੁਰਗਾਂ ਲਈ ਬਣੇ ਨਰਸਿੰਗ ਹੋਮਾਂ 'ਚ ਛੱਡ ਆਉਂਦੇ ਹਨ। ਇਹ ਠੀਕ ਹੈ ਕਿ ਇਨ੍ਹਾਂ ਮੁਲਕਾਂ ਦੀ ਤੇਜ਼ ਤਰਾਰ ਜ਼ਿੰਦਗੀ ਵਿਚ ਮਾਂ-ਬਾਪ ਨੂੰ ਸਾਂਭਣ ਦਾ ਸਮਾਂ ਨਹੀਂ ਹੁੰਦਾ, ਪਰ ਨੌਬਤ ਏਥੋਂ ਤਕ ਵੀ ਨਹੀਂ ਹੁੰਦੀ ਕਿ ਨਰਸਿੰਗ ਹੋਮ 'ਚ ਮਾਂ-ਬਾਪ ਦਾ ਪਤਾ ਸੁਤਾ ਲੈਣ ਜਾਇਆ ਹੀ ਨਾ ਜਾਵੇ। ਬੁੱਢੇ ਮਾਂ-ਬਾਪ ਆਪਣੇ ਜਾਇਆਂ ਨੂੰ ਦੇਖਣ ਲਈ ਤਰਸਦੇ ਰਹਿੰਦੇ ਹਨ। ਕਈ ਕਈ ਮਹੀਨੇ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਦੇਖਣ ਹੀ ਨਹੀਂ ਜਾਂਦੇ। ਜਦੋਂ ਸਵਾਸ ਤਿਆਗ ਦਿੰਦੇ ਹਨ ਤਾਂ ਪੁੱਜ ਜਾਂਦੇ ਹਨ ਮੁਰਦਾ ਦੇਹ ਦਾ ਕਬਜ਼ਾ ਲੈਣ। ਉਨ੍ਹਾਂ ਦੇ ਪੁੱਤ-ਧੀ ਹੋਣ ਦਾ ਸਬੂਤ ਦੇਣ ਲਈ। ਇਹ ਬੜਾ ਹੀ ਸ਼ਰਮਨਾਕ ਵਰਤਾਰਾ ਹੈ।

ਦੂਸਰੇ ਪਾਸੇ ਆਉਂਦੇ ਹਾਂ। ਕਈ ਬਜ਼ੁਰਗ ਵੀ ਇਨ੍ਹਾਂ ਮੁਲਕਾਂ ਦੀਆਂ ਖੁੱਲ੍ਹਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਇਹ ਗੱਲ ਬੜੀ ਕੌੜੀ ਅਤੇ ਸ਼ਰਮਨਾਕ ਹੈ, ਪਰ ਹੈ ਸੱਚੀ। ਬਜ਼ੁਰਗ ਮਰਦਾਂ ਦਾ ਆਪਣੀਆਂ ਨੂੰਹਾਂ ਪ੍ਰਤੀ ਗ਼ਲਤ ਵਰਤਾਰਾ, ਸਕੂਲਾਂ ਕੋਲ ਜਾ ਕੇ ਬੈਠਣਾ, ਜਵਾਨ ਕੁੜੀਆਂ ਵੱਲ ਗ਼ਲਤ ਨਜ਼ਰਾਂ ਨਾਲ ਤੱਕਣਾ, ਮੌਕਾ ਆਉਣ 'ਤੇ ਭੱਦਾ ਵਰਤਾਰਾ ਕਰਨਾ, ਬੱਸ ਜਾਂ ਟਰੇਨ ਵਿਚ ਨਾਲ ਦੀ ਸੀਟ 'ਤੇ ਬੈਠੀ ਗੋਰੀ-ਕਾਲੀ ਭਾਵ ਕਿਸੇ ਵੀ ਨਸਲ ਦੀ ਕੁੜੀ ਨਾਲ ਜਾਣ ਬੁੱਝ ਕੇ ਖਹਿਣਾ ਆਦਿ। ਇਸ ਪ੍ਰਕਾਰ ਦਾ ਵਤੀਰਾ ਉਨ੍ਹਾਂ ਨੂੰ ਤਾਂ ਕੀ ਸਮੁੱਚੇ ਭਾਈਚਾਰੇ ਨੂੰ ਬਹੁਤ ਪਿਛਾਂਹ ਲੈ ਜਾਂਦਾ ਹੈ। ਬਦਨਾਮੀ ਦਾ ਕਾਰਨ ਬਣਦਾ ਹੈ। ਕਈ ਮਾਮਲਿਆਂ 'ਚ ਪੁਲੀਸ ਵਿਚ ਆ ਜਾਂਦੀ ਹੈ। ਇਹ ਬੜਾ ਹੀ ਸ਼ਰਮਨਾਕ ਵਰਤਾਰਾ ਹੈ। ਬਜ਼ੁਰਗਾਂ ਦੇ ਵਰਤਾਰੇ ਵਿਚ ਇਕ ਹੋਰ ਗੱਲ ਆ ਜੁੜਦੀ ਹੈ। ਉਨ੍ਹਾਂ ਦਾ ਛੇ ਮਹੀਨੇ ਏਥੇ ਰਹਿਣਾ ਅਤੇ ਛੇ ਮਹੀਨੇ ਪੰਜਾਬ ਜਾ ਕੇ ਰਹਿਣਾ। ਸਰਕਾਰ ਵੱਲੋਂ ਮਿਲੀਆਂ ਸਹੂਲਤਾਂ ਦਾ ਨਾਜਾਇਜ਼ ਫਾਇਦਾ ਉਠਾਉਣਾ। ਅਸਲ 'ਚ ਇਨ੍ਹਾਂ ਸਹੂਲਤਾਂ ਨੂੰ ਕੋਈ ਹੋਰ ਹੀ ਮਾਣਦਾ ਹੈ। ਪਹਿਲਾਂ ਪਹਿਲ ਜਦੋਂ ਸਾਡੀ ਪੰਜਾਬੀ ਭਾਈਚਾਰੇ ਦੀ ਗਿਣਤੀ ਘੱਟ ਸੀ ਤਾਂ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਸਨ। ਸਿਰ 'ਤੇ ਦਸਤਾਰ ਸਜਾ ਕੇ ਜਾਂ ਦੇਸੀ ਸਲਵਾਰ ਕਮੀਜ਼ ਪਾ ਕੇ ਬਾਹਰ ਅੰਦਰ ਜਾਣਾ ਔਖਾ ਹੋ ਜਾਂਦਾ ਸੀ। ਬੜੀਆਂ ਓਪਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਸੀ ਅਤੇ ਬਹੁਤ ਵਾਰ ਨਸਲਵਾਦ ਦਾ ਸ਼ਿਕਾਰ ਵੀ ਬਣਨਾ ਪੈਂਦਾ ਸੀ, ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ। ਅੱਜਕੱਲ੍ਹ ਹਰ ਛੋਟੇ ਵੱਡੇ ਸ਼ਹਿਰ ਵਿਚ ਪੰਜਾਬ ਦਾ ਇਕ ਟੋਟਾ ਵੱਸਦਾ ਹੈ।

ਬਜ਼ੁਰਗਾਂ ਲਈ ਸਭਾ ਸੁਸਾਇਟੀਆਂ ਬਣੀਆਂ ਹਨ ਜਿੱਥੇ ਜਾ ਕੇ ਉਹ ਮਨਪ੍ਰਚਾਵਾ ਕਰ ਲੈਂਦੇ ਹਨ। ਤਾਸ਼ ਖੇਡ ਲੈਂਦੇ ਹਨ, ਗੱਪਾਂ ਮਾਰ ਲੈਂਦੇ ਹਨ। ਬਜ਼ੁਰਗ ਔਰਤਾਂ ਲਈ ਵੀ ਅਜਿਹੀਆਂ ਸਹੂਲਤਾਂ ਹਨ। ਮਨਪ੍ਰਚਾਵੇ ਦੇ ਨਾਲ ਨਾਲ ਉਸਾਰੂ ਗੱਲਾਂ ਬਾਤਾਂ ਕਰਦੀਆਂ ਹਨ, ਦੁੱਖ ਸੁੱਖ ਦੀ ਸਾਂਝ ਪਾਉਂਦੀਆਂ ਹਨ। ਸ਼ਾਮ ਵੇਲੇ ਸਾਫ਼ ਸੁਥਰੇ ਪਾਰਕਾਂ 'ਚ ਬੈਠ ਸਾਫ਼ ਸੁਥਰੀ ਹਵਾ 'ਚ ਸਾਹ ਲੈਂਦੀਆਂ ਬਜ਼ੁਰਗ ਜ਼ਿੰਦਗੀਆਂ ਨੂੰ ਦੇਖ ਖੁਸ਼ੀ ਹੁੰਦੀ ਹੈ। ਪੰਜਾਬ 'ਚ ਅੱਜਕੱਲ੍ਹ ਅਜਿਹਾ ਵਾਤਾਵਰਣ ਕਿੱਥੇ? ਇਨ੍ਹਾਂ ਸਹੂਲਤਾਂ ਅਤੇ ਖੁੱਲ੍ਹਾਂ ਨੂੰ ਮਾਣਨ ਦੇ ਨਾਲ ਨਾਲ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਜਿਸ ਦੇਸ਼ ਦਾ ਖਾਂਦੇ ਹਾਂ, ਜਿਸ ਦੇਸ਼ ਨੇ ਸਾਨੂੰ ਰੁਜ਼ਗਾਰ ਬਖ਼ਸ਼ਿਆ ਹੈ, ਉਸ ਦੇਸ਼ ਦੇ ਕਾਨੂੰਨ, ਅਨੁਸ਼ਾਸਨ ਅਤੇ ਸਫ਼ਾਈ ਦਾ ਧਿਆਨ ਰੱਖੀਏ। ਕੇਵਲ ਪੰਜਾਬੀਆਂ ਦਾ ਹੀ ਨਹੀਂ ਸਗੋਂ ਹਰ ਨਾਗਰਿਕ ਦਾ ਸਨਮਾਨ ਕਰੀਏ। ਆਪਣੀ ਲੋਹੜੀ, ਦੀਵਾਲੀ ਦੇ ਨਾਲ ਨਾਲ ਬਾਕੀ ਲੋਕਾਂ ਦੇ ਵੀ ਤਿਉਹਾਰਾਂ ਦਾ ਮਾਣ ਸਨਮਾਨ ਕਰੀਏ। ਜਿਸ ਦੇਸ਼ ਨੇ ਸਾਨੂੰ ਵਧੀਆ ਜ਼ਿੰਦਗੀ ਜਿਉਣ ਦੇ ਮੌਕੇ ਪ੍ਰਦਾਨ ਕੀਤੇ ਹੋਣ, ਉਸ ਦੇਸ਼ ਦੇ ਪਾਸਪੋਰਟ ਦਾ ਹੀ ਆਨੰਦ ਨਾ ਮਾਣੀਏ ਸਗੋਂ ਉਸ ਦੇਸ਼ ਦੇ ਵਧੀਆ ਨਾਗਰਿਕ ਹੋਣ ਦਾ ਵੀ ਸਬੂਤ ਦਈਏ।

# ਅਮਰੀਕਾ ਚੋਣਾਂ : ਕਮਾਲਾ ਹੈਰਿਸ ਅਤੇ ਡੋਨਾਲਡ ਟਰੰਪ ਦੀ ਹੋਈ ਡਿਬੇਟ



ਵਾਸ਼ਿੰਗਟਨ : ਅਮਰੀਕਾ ਵਿੱਚ ਰਾਸ਼ਟਰਪਤੀ ਅਹੁਦੇ ਦੇ ਚੋਣ ਪ੍ਰਚਾਰ ਤਹਿਤ ਬੁੱਧਵਾਰ ਨੂੰ ਕਮਾਲਾ ਹੈਰਿਸ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਚਕਾਰ ਪਹਿਲੀ ਪ੍ਰੈਸਿਡੈਂਸ਼ਲ ਡਿਬੇਟ ਹੋਈ। ਇਹ ਡਿਬੇਟ 90 ਮਿੰਟ ਤੱਕ ਚੱਲੀ, ਜਿਸ ਦੌਰਾਨ ਦੋਵੇਂ ਆਗੂਆਂ ਨੇ ਆਪਣੇ ਵਿਚਾਰ ਅਤੇ ਨੀਤੀਆਂ 'ਤੇ ਸਖਤ ਤਰਕ ਦਿੱਤੇ। ਡਿਬੇਟ ਦੀ ਸ਼ੁਰੂਆਤ ਤੋਂ ਪਹਿਲਾਂ, ਕਮਾਲਾ ਹੈਰਿਸ ਟਰੰਪ ਦੇ ਪੋਡੀਅਮ ਤਕ ਗਈਆਂ ਅਤੇ ਟਰੰਪ ਨਾਲ ਹੱਥ ਮਿਲਾਇਆ।

ਡਿਬੇਟ ਦੌਰਾਨ, ਟਰੰਪ ਨੇ ਕਮਾਲਾ ਹੈਰਿਸ 'ਤੇ ਨਿੱਜੀ ਹਮਲੇ ਕੀਤੇ। ਟਰੰਪ ਨੇ ਕਿਹਾ, "ਕਮਾਲਾ ਵਾਮਪੰਥੀ ਹਨ, ਉਨ੍ਹਾਂ ਦੇ ਪਿਤਾ ਕਮਿਊਨਿਸਟ ਹਨ, ਅਤੇ ਉਨ੍ਹਾਂ ਨੇ ਕਮਾਲਾ ਨੂੰ ਇਹ ਵਿਚਾਰ ਸਿਖਾਏ ਹਨ।" ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਕਿਤੇ ਪੜ੍ਹਿਆ ਸੀ ਕਿ ਕਮਾਲਾ ਦਾ ਅਸਲ ਮੂਲ ਕੁਝ ਹੋਰ ਹੈ। ਇਨ੍ਹਾਂ ਹਮਲਿਆਂ 'ਤੇ ਕਮਾਲਾ ਨੇ ਕੁਝ ਨਾ ਕਿਹਾ ਅਤੇ ਸਿਰਫ ਮੁਸਕੁਰਾਈ। ਕਮਾਲਾ ਨੇ 37 ਮਿੰਟ 36 ਸੈਕਿੰਡ ਬੋਲੇ, ਜਦਕਿ ਟਰੰਪ ਨੇ 42 ਮਿੰਟ 52 ਸੈਕਿੰਡ ਤੱਕ ਆਪਣੀਆਂ ਗੱਲਾਂ ਰੱਖੀਆਂ। ਡਿਬੇਟ ਦੇ ਅੰਤ 'ਤੇ ਦੋਨੋਂ ਨੇ ਹੱਥ ਨਹੀਂ ਮਿਲਾਇਆ ਅਤੇ ਸਿੱਧੇ ਹੀ ਮੰਚ ਤੋਂ ਵਾਪਸ ਚਲੇ ਗਏ। ਅਮਰੀਕਾ ਦੇ ਚਾਰ ਵੱਡੇ ਮੀਡੀਆ ਹਾਊਸਾਂ ਅਤੇ ਬੀਬੀਸੀ ਦੇ ਸਰਵੇ ਦੇ ਮੁਤਾਬਕ, ਕਮਾਲਾ ਹੈਰਿਸ ਨੂੰ ਇਸ ਡਿਬੇਟ ਵਿੱਚ ਜਿੱਤ ਮਿਲੀ ਹੈ। ਦਰਸ਼ਕਾਂ ਨੇ ਕਿਹਾ ਕਿ ਕਮਾਲਾ ਨੇ ਸਵਾਲਾਂ ਦਾ ਵਧੀਆ ਜਵਾਬ ਦਿੱਤਾ। ਇਮੀਗ੍ਰੇਸ਼ਨ ਅਤੇ ਬਾਡਰ ਸੁਰੱਖਿਆ ਡਿਬੇਟ ਵਿੱਚ ਮੁੱਖ ਮੰਦਾ ਰਹੇ। ਕਮਾਲਾ ਨੇ ਟਰੰਪ ਦੇ ਪ੍ਰਸ਼ਾਸਨ 'ਤੇ ਦੋਸ਼ ਲਾਏ ਕਿ ਉਹਨਾਂ ਨੇ ਇਮੀਗ੍ਰੇਸ਼ਨ ਨਾਲ ਸਬੰਧਤ ਬਿੱਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਸਮੱਸਿਆ ਜਾਰੀ ਰਹੀ। ਟਰੰਪ ਨੇ ਇਸ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਪ੍ਰਵਾਸੀ ਅਮਰੀਕਾ ਵਿੱਚ ਕਈ ਅਪਰਾਧ ਕਰਦੇ ਹਨ। ਇਸ ਦੌਰਾਨ, ਮੋਡਰੇਟਰ ਨੇ ਟਰੰਪ ਦੀ ਇਕ ਗੱਲ ਨੂੰ ਕੱਟਦਿਆਂ ਕਿਹਾ ਕਿ ਉਸਦਾ ਕੋਈ ਸਬੂਤ ਨਹੀਂ । ਇਸ 'ਤੇ ਕਮਾਲਾ ਹੱਸ ਪਈ ਅਤੇ ਕਿਹਾ, "ਟਰੰਪ ਦੇ ਮੁਤਾਬਕ ਪ੍ਰਵਾਸੀ ਬਿੱਲੀਆਂ ਅਤੇ ਕੁੱਤੇ ਖਾਂਦੇ ਹਨ। ਇਹ ਤਾਂ ਹੱਦ ਹੋ ਗਈ।" ਇਹ ਡਿਬੇਟ ਕਮਾਲਾ ਹੈਰਿਸ ਅਤੇ ਡੋਨਾਲਡ ਟਰੰਪ ਵਿਚਕਾਰ ਪਹਿਲੀ ਸੀ, ਅਤੇ ਅਗਲੀ ਡਿਬੇਟ ਵਿੱਚ ਹੋਰ ਗੰਭੀਰ ਮੁੱਦਿਆਂ 'ਤੇ ਵੀ ਚਰਚਾ ਹੋਣ ਦੀ ਉਮੀਦ ਹੈ।

# ਬਰਤਾਨੀਆ ਦੇ ਸਿੱਖ ਸਾਂਸਦ ਤਨਮਨਜੀਤ ਸਿੰਘ ਢੇਸੀ ਨੂੰ ਨਵੀਂ ਸੰਸਦ ਦੀ ਰੱਖਿਆ ਕਮੇਟੀ ਦਾ ਚੇਅਰਮੈਨ ਚੁਣਿਆ

### 563 ਵੋਟਾਂ ਵਿੱਚੋਂ 320 ਵੋਟਾਂ ਜਦਕਿ ਵਿਰੋਧੀ ਧਿਰ ਨੂੰ 243 ਵੋਟਾਂ ਮਿਲੀਆਂ

ਲੰਡਨ: ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਨਵੀਂ ਸੰਸਦ ਦੀ ਰੱਖਿਆ ਕਮੇਟੀ ਦਾ ਚੇਅਰਮੈਨ ਚੁਣ ਲਿਆ ਗਿਆ ਹੈ। ਢੇਸੀ ਨੂੰ ਬੁੱਧਵਾਰ ਨੂੰ ਵੋਟਿੰਗ ਤੋਂ ਬਾਅਦ ਚੁਣਿਆ ਗਿਆ। ਸਲੋਹ ਖੇਤਰ ਤੋਂ ਲੇਬਰ ਸੰਸਦ ਮੈਂਬਰ ਨੂੰ 563 ਜਾਇਜ਼ ਵੋਟਾਂ ਵਿੱਚੋਂ 320 ਵੋਟਾਂ ਮਿਲੀਆਂ।

ਉਨ੍ਹਾਂ ਦੇ ਵਿਰੋਧੀ ਲੇਬਰ ਸੰਸਦ ਮੈਂਬਰ ਡੇਰੇਕ ਟਵਿਗ ਨੂੰ 243 ਵੋਟਾਂ ਮਿਲੀਆਂ। ਢੇਸੀ ਨੇ ਕਿਹਾ ਹੈ ਕਿ ਮੈਂ ਰੱਖਿਆ ਕਮੇਟੀ ਦਾ ਚੇਅਰਮੈਨ ਚੁਣੇ



ਜਾਣ 'ਤੇ ਖੁਸ਼ ਹਾਂ। ਮੈਂ ਸਦਨ ਵਿੱਚ ਆਪਣੇ ਸਾਥੀਆਂ ਦਾ ਮੇਰੇ ਵਿੱਚ ਭਰੋਸਾ ਜਤਾਉਣ ਲਈ ਧੰਨਵਾਦ ਕਰਨਾ ਚਾਹਾਂਗਾ।

ਉਨ੍ਹਾਂ ਨੇ ਕਿਹਾ ਹੈ ਕਿ ਦੇਸ਼ ਅਤੇ ਵਿਦੇਸ਼ਾਂ ਵਿੱਚ ਸਾਡੇ ਸਾਹਮਣੇ ਖਤਰੇ ਪੈਮਾਨੇ ਅਤੇ ਜਟਿਲਤਾ ਵਿੱਚ ਵਧ ਰਹੇ ਹਨ। ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਮੈਂ ਇਹ ਯਕੀਨੀ ਬਣਾਉਣ 'ਤੇ ਧਿਆਨ ਦੇਵਾਂਗਾ ਕਿ ਸਾਡਾ ਦੇਸ਼ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਸਕੇ। ਮੈਂ ਹਥਿਆਰਬੰਦ ਬਲਾਂ ਦੇ ਜਵਾਨਾਂ ਅਤੇ ਬਜ਼ੁਰਗਾਂ (ਸਾਡੀ ਸੁਰੱਖਿਆ ਅਤੇ ਸੁਰੱਖਿਆ ਲਈ ਅਮੁੱਲ ਯੋਗਦਾਨ ਪਾਉਣ ਵਾਲੇ ਬਹਾਦਰ ਲੋਕ) ਲਈ ਸੰਸਦ ਵਿੱਚ ਆਪਣੀ ਆਵਾਜ਼ ਬੁਲੰਦ ਕਰਾਂਗਾ।

# ਆਸਟ੍ਰੇਲੀਆ ਦੀ ਸਰਕਾਰ ਬੱਚਿਆਂ ਨੂੰ ਸ਼ੋਸ਼ਲ ਮੀਡੀਆ ਤੋਂ ਰੋਕਣ ਲਈ ਲਿਆਵੇਗੀ ਨਵੇਂ ਨਿਯਮ

ਸਿਡਨੀ : ਆਸਟ੍ਰੇਲੀਆ ਦੀ ਸਰਕਾਰ ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਰੱਖਣ ਲਈ ਕੁਝ ਸਖ਼ਤ ਕਦਮ ਚੁੱਕਣ ਬਾਰੇ ਸੋਚ ਰਹੀ ਹੈ। ਆਸਟ੍ਰੇਲੀਆ 'ਚ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਲਈ ਬੱਚਿਆਂ ਦੀ ਉਮਰ 14 ਤੋਂ 16 ਸਾਲ ਤੈਅ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅੱਜਕੱਲ੍ਹ ਲਗਭਗ ਸਾਰੇ ਮਾਪੇ ਆਪਣੇ ਬੱਚਿਆਂ ਦੇ ਮੋਬਾਈਲ ਦੀ ਲਤ ਤੋਂ ਪ੍ਰੇਸ਼ਾਨ ਹੋ ਚੁੱਕੇ ਹਨ।

ਬੱਚੇ ਮੋਬਾਈਲ ਫੋਨ ਦੇ ਇੰਨੇ ਆਦੀ ਹੋ ਗਏ ਹਨ ਕਿ ਕੁਝ ਬੱਚੇ ਇਸ ਨੂੰ ਦੇਖੇ ਬਿਨਾਂ ਖਾਣਾ ਤੱਕ ਵੀ ਨਹੀਂ ਖਾਂਦੇ। ਮੋਬਾਈਲ 'ਤੇ ਚਿੱਪਕੇ ਰਹਿਣ ਕਾਰਨ ਬੱਚੇ ਨਾ ਤਾਂ ਪੜ੍ਹਾਈ 'ਤੇ ਧਿਆਨ ਦੇ ਪਾ ਰਹੇ ਹਨ ਅਤੇ ਨਾ ਹੀ ਸਰੀਰਕ ਗਤੀਵਿਧੀਆਂ ਕਰ ਪਾ ਰਹੇ ਹਨ। ਬੱਚੇ ਨੂੰ ਮੋਬਾਈਲ ਤੋਂ ਦੂਰ ਰੱਖਣ ਲਈ ਮਾਤਾ-ਪਿਤਾ ਨੂੰ ਆਪਣੇ ਵੱਲੋਂ ਕੁਝ ਖਾਸ ਕਦਮ ਚੁੱਕਣੇ ਚਾਹੀਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਈਲ ਨਾ ਦੇਣ। ਬੱਚੇ ਨੂੰ ਮੋਬਾਈਲ ਦੇਖਣ ਤੋਂ ਰੋਕਣ ਲਈ ਮਾਪਿਆਂ ਨੂੰ ਖ਼ੁਦ ਮੋਬਾਈਲ ਤੋਂ ਦੂਰ ਰਹਿਣਾ ਪਵੇਗਾ। ਜੇਕਰ ਤੁਹਾਡਾ ਬੱਚਾ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਮਾਂ ਬਿਤਾ ਰਿਹਾ ਹੈ ਤਾਂ ਉਸ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਦੱਸੋ। ਬੱਚੇ ਨੂੰ ਪੜ੍ਹਨ ਲਈ ਘੰਟੇ ਨਿਰਧਾਰਤ ਕਰੋ ਅਤੇ ਇਸਦੇ ਨਾਲ ਨਾਲ ਮੋਬਾਈਲ ਦੇਖਣ ਯਾਨੀ ਸਕ੍ਰੀਨ ਲਿਮਿਟ ਦਾ ਵੀ ਸਮਾਂ ਤੈਅ ਕਰ ਦਿਓ ।


TRIPLE N BERRY FARM LTD

ਸਾਨੂੰ ਬੇਰੀ ਤੋੜਨ ਵਾਲੇ

ਵਰਕਰਾਂ ਦੀ ਲੋੜ ਹੈ।



- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਦਿੱਤੀ ਜਾਵੇਗੀ।
- ਫਾਰਮ ਸਾਫ਼ ਸੁਥਰੇ ਅਤੇ ਸਰੀ, ਕਲੌਵਰਡੇਲ ਅਤੇ ਰਿਚਮੰਡ ਵਿੱਚ ਹਨ।

-: ਸੰਪਰਕ ਕਰੋ :-

604-594-0616

# ਸਨਾਤਨ ਵਿਚਾਰਧਾਰਾ ਖਿਲਾਫ ਜੰਗ ਅਤੇ ਵਿਵਾਦ ਦੇ ਹੋਰ ਮਸਲੇ

ਲੇਖਕ : ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ
ਫੋਨ: +91-99150-91063

ਸਿੱਖੀ ਨਾਲ ਸਬੰਧਿਤ ਕੁਝ ਮਸਲਿਆਂ ਬਾਰੇ ਵਿਵਾਦ ਅਕਸਰ ਅਤੇ ਅਚਾਨਕ ਸਿਰ ਚੁੱਕ ਖਲੋਂਦੇ ਹਨ। ਅਸਲ ਵਿਚ ਧੜਿਆਂ ਵਿਚ ਵੰਡੇ ਸਿੱਖ ਵਿਦਵਾਨ ਆਪੋ-ਆਪਣੇ ਧੜੇ ਅਨੁਸਾਰ ਪੈਂਤੜੇ ਮੱਲਣ ਵਿਚ ਵੱਧ ਦਿਲਚਸਪੀ ਦਿਖਾਉਂਦੇ ਜਾਪਦੇ ਹਨ। ਪਿਛਲੇ ਦਿਨੀਂ ਇਕ ਇੰਟਰਵਿਊ ਦੌਰਾਨ ਪ੍ਰਭਸ਼ਰਨਦੀਪ ਸਿੰਘ ਨੇ ਸਨਾਤਨ ਵਿਚਾਰਧਾਰਾ ਬਾਰੇ ਵਿਚਾਰ ਪ੍ਰਗਟ ਕੀਤੇ ਪਰ ਇੰਟਰਵਿਊ ਵਿਚ ਵਿਵਾਦ ਦਸਮ ਗ੍ਰੰਥ ਅਤੇ ਸ਼ਹੀਦ ਮਨੀ ਸਿੰਘ ਦੇ ਜ਼ਿਕਰ 'ਤੇ ਉਠ ਖੜ੍ਹਾ ਹੋਇਆ। ਇਸ ਬਾਰੇ ਟਿੱਪਣੀ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।

ਸਿੱਖ ਵਿਦਵਾਨ ਪ੍ਰਭਸ਼ਰਨਦੀਪ ਸਿੰਘ ਦੀ ਤਾਜ਼ਾ ਵੀਡੀਓ ਸੁਣੀ। ਉਨ੍ਹਾਂ ਸਿੱਖ ਧਰਮ ਦਾ ਸਨਾਤਨ ਵਿਚਾਰਧਾਰਾ ਨਾਲੋਂ ਸਿਧਾਂਤਕ ਨਿਖੇੜਾ ਕੀਤਾ ਅਤੇ ਨਿੱਗਰ ਦਲੀਲਾਂ ਨਾਲ ਆਪਣੀ ਗੱਲ ਰੱਖੀ; ਨਿਖੇੜਾ ਹੀ ਨਹੀਂ ਕੀਤਾ ਸਗੋਂ ਸਨਾਤਨ ਅਤੇ ਸਨਾਤਨੀਆਂ ਨਾਲੋਂ ਪੱਕੀ ਤੇ ਗੂੜ੍ਹੀ ਲਕੀਰ ਖਿੱਚ ਕੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਨ੍ਹਾਂ ਉਤੇ ਕਿੰਨੇ ਵੱਡੇ ਖਤਰੇ ਮੰਡਰਾ ਰਹੇ ਹਨ। ਉਂਝ, ਜਦੋਂ ਉਨ੍ਹਾਂ ਨੇ ਦਸਮ ਗ੍ਰੰਥ ਦਾ ਜ਼ਿਕਰ ਕਰਦਿਆਂ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਰੋਲ ਬਾਰੇ ਜੋ ਗੱਲ ਕਹੀ, ਉਹ ਨਹੀਂ ਸੀ ਕਹਿਣੀ ਚਾਹੀਦੀ ਕਿਉਂਕਿ ਸਮਾਂ ਅਤੇ ਦਰਪੇਸ਼ ਸੰਕਟ ਅਜਿਹੀਆਂ ਗੱਲਾਂ ਦੀ ਇਜਾਜ਼ਤ ਨਹੀਂ ਦਿੰਦੇ।

ਪ੍ਰਭਸ਼ਰਨਦੀਪ ਸਿੰਘ ਲਈ ਇੱਕ ਸਵਾਲ ਅਜੇ ਵੀ ਜਿਉਂ ਦਾ ਤਿਉਂ ਹੈ ਜਿਸ ਲਈ ਸਾਡੇ ਵਿਦਵਾਨ ਜਵਾਬਦੇਹ ਹਨ ਅਤੇ ਨਾਲ ਹੀ ਟਰੋਲਿੰਗ ਕਰਨ ਵਾਲੀ ਫੌਜ ਵੀ ਜਵਾਬਦੇਹ ਹੈ ਜੋ ਆਪਣੀ ਨਿੱਜੀ ਕਿੜ ਜਾਂ ਛੋਟੇ ਮੋਟੇ ਵਿਰੋਧ ਕਰਕੇ ਹੀ ਇਸ ਮੌਕੇ ਦਾ ਫਾਇਦਾ ਉਠਾ ਰਹੀ ਹੈ। ਇਸ ਤੋਂ ਇਲਾਵਾ ਪਿਛਲੇ ਅਰਸੇ ਤੋਂ ਸਿੱਖਾਂ ਅੰਦਰ ਉਭਰੇ ਨਵੇਂ-ਨਵੇਂ ਸਨਾਤਨੀ ਵੀ ਜਵਾਬਦੇਹ ਹਨ ਜਿਨ੍ਹਾਂ ਨੂੰ ਪ੍ਰਭਸ਼ਰਨਦੀਪ ਸਿੰਘ ਨੇ ਠੋਸ ਦਲੀਲਾਂ ਦੇ ਕੇ ਇਸ ਵੀਡੀਓ ਵਿਚ ਲੱਕੋਂ ਫੜਿਆ ਹੈ। ਗਿਆਨੀ ਸ਼ੇਰ ਸਿੰਘ ਜੀ ਇਸ ਦੀ ਮਿਸਾਲ ਹਨ ਜੋ ਸਿੱਖੀ ਨੂੰ ਸਨਾਤਨ ਨਾਲ ਜੋੜਨ ਦਾ ਵੱਡਾ ਗੁਨਾਹ ਕਰਦੇ ਹਨ।

ਸਵਾਲ ਹੈ: ਜੇ ਭਾਈ ਮਨੀ ਸਿੰਘ ਹੋਰਾਂ ਕੋਈ ਤਬਦੀਲੀ ਕੀਤੀ ਵੀ ਹੈ ਤਾਂ ਕੀ ਕਿਸੇ ਵਿਦਵਾਨ ਨੂੰ ਇਸ ਗੰਭੀਰ ਵਿਚਾਰਧਾਰਕ ਭੁੱਲ ਦਾ ਜ਼ਿਕਰ ਕਰਨ ਦਾ ਹੱਕ ਮਿਲਦਾ ਹੈ ਜਾਂ ਨਹੀਂ? ਜਾਂ ਫਿਰ ਖਾਮੋਸ਼ ਰਹਿਣ ਦੀ ਸਿਆਣਪ ਤੇ ਸਿਆਸਤ ਵਰਤਣੀ ਚਾਹੀਦੀ ਹੈ? ਦਹਾਕਿਆਂ ਤੋਂ ਗੁਰਦੁਆਰਿਆਂ ਅੰਦਰ ਗੁਰਬਾਣੀ ਅਤੇ ਇਤਿਹਾਸ ਦੇ ਕਥਾ ਵਾਚਕਾਂ ਤੇ ਸੰਤਾਂ ਮਹਾਂਪੁਰਸ਼ਾਂ ਨੇ ਇਹੋ ਉਪਦੇਸ਼ ਸਾਨੂੰ ਦ੍ਰਿੜ ਕਰਾਇਆ ਹੈ ਕਿ ਗੁਰੂ ਅਤੇ ਕਰਤਾਰ ਤੋਂ ਬਿਨਾਂ ਸਭ ਭੁੱਲਣਹਾਰ ਦੇ ਵਰਗ ਵਿਚ ਆਉਂਦੇ ਹਨ। ਫਿਰ ਬੜੇ ਸਤਿਕਾਰ ਨਾਲ ਇਹ ਪੁੱਛਣਾ ਬਣਦਾ ਹੈ ਕਿ ਭਾਈ ਮਨੀ ਸਿੰਘ ਵੀ ਉਸੇ ਵਰਗ ਵਿਚ ਆਉਂਦੇ ਹਨ ਜਾਂ ਨਹੀਂ? ਮੇਰਾ ਖਿਆਲ ਹੈ ਕਿ ਹਰ ਜ਼ਮੀਰ ਇਸ ਦਾ ਜਵਾਬ 'ਹਾਂ' ਵਿਚ ਦੇਵੇਗੀ। ਫਿਰ ਅਸੀਂ ਸਾਰੇ ਇਸ ਸਵਾਲ ਦਾ ਜਵਾਬ ਤਾਂ ਲੱਭੀਏ ਕਿ ਪ੍ਰਭਸ਼ਰਨਦੀਪ ਸਿੰਘ ਨੇ ਸਿੱਖੀ ਸਿਧਾਂਤ ਦੀ ਕੋਈ ਉਲੰਘਣਾ ਕੀਤੀ ਹੈ? ਜੇ ਨਹੀਂ ਕੀਤੀ ਤਾਂ ਫਿਰ ਸਿੱਖ ਵਿਦਵਾਨ ਪ੍ਰਭਸ਼ਰਨਦੀਪ ਸਿੰਘ ਦੇ ਹੱਕ ਵਿਚ ਖਲੋਣ ਦੀ ਹਿੰਮਤ ਅਤੇ ਹੌਸਲਾ ਕਿਉਂ ਨਹੀਂ ਦਿਖਾਉਂਦੇ? ਕੀ ਉਹ ਰੋਗ ਵੱਡਾ ਬਣ ਚੁੱਕਾ ਹੈ ਜੋ ਹਰ ਸਿੱਖ ਵਿਦਵਾਨ ਨੂੰ ਕਿਸੇ ਧੜੇ ਨਾਲ ਲੱਗ ਕੇ ਪੈਦਾ ਹੁੰਦਾ ਹੈ? ਹੁਣ ਜੇ ਟਰੋਲਿੰਗ ਆਰਮੀ ਦੀ ਗੱਲ ਕਰੀਏ ਤਾਂ ਇਉਂ ਲੱਗਦਾ ਹੈ ਜਿਵੇਂ ਉਹ ਤਾਂ ਬਸ ਉਡੀਕ ਹੀ ਕਰ ਰਹੇ ਸਨ ਕਿ ਉਨ੍ਹਾਂ ਦਾ ਸ਼ਰੀਕ ਵਿਦਵਾਨ ਕਦੋਂ ਕੋਈ ਮਾੜੀ ਜਿਹੀ ਵੀ ਭੁੱਲ ਕਰੇ ਤੇ ਇਸ ਭੁੱਲ ਨੂੰ ਖੰਭਾਂ ਦੀਆਂ ਡਾਰਾਂ ਬਣਾ ਕੇ ਅੱਗੇ ਤੋਰ ਦਿੱਤਾ ਜਾਵੇ ਤੇ ਸਨਾਤਨ ਦੇ ਖਤਰਨਾਕ ਰੁਝਾਨ ਅਤੇ ਪ੍ਰਮੁੱਖ ਮੁੱਦੇ ਉਤੇ ਪਰਦਾ ਪਾ ਕੇ ਉਸ ਨੂੰ ਅੱਖੋਂ ਪਰੋਖੇ ਹੀ ਕਰ ਦਿੱਤਾ ਜਾਵੇ।

ਪ੍ਰਭਸ਼ਰਨਦੀਪ ਸਿੰਘ ਨੇ ਇਕ ਘੰਟਾ 43 ਮਿੰਟ ਲੰਮੀ ਵੀਡੀਓ ਵਿਚ ਸਵਾ ਘੰਟੇ ਤੋਂ ਵੀ ਉਪਰ ਵਿਚ ਸਨਾਤਨ ਵਿਚਾਰਧਾਰਾ ਨੂੰ ਹਰ ਪੱਖ ਤੋਂ ਲਿਆ ਹੈ। ਕਥਾ ਵਾਚਕਾਂ ਅਤੇ ਦਾਨਸ਼ਵਰਾਂ ਨੂੰ ਖਾਸ ਕਰਕੇ ਬੇਨਤੀ ਹੈ ਕਿ ਉਹ ਸਨਾਤਨ ਦੇ ਸੂਖਮ ਹਮਲਿਆਂ ਨੂੰ ਸਮਝਣ ਲਈ ਇਸ ਵੀਡੀਓ ਨੂੰ ਧਿਆਨ ਨਾਲ ਸੁਣਨ/ਦੇਖਣ।

ਪ੍ਰਭਸ਼ਰਨਦੀਪ ਸਿੰਘ ਇੱਕ ਪਾਸੇ ਵੇਦਾਂ, ਸਿਮਰਤੀਆਂ ਤੇ ਉਪਨਿਸ਼ਦਾਂ ਦੇ ਹਵਾਲਿਆਂ ਨਾਲ ਸਨਾਤਨ ਦੀ ਵਿਆਖਿਆ ਕਰਦਾ ਹੈ ਅਤੇ ਫਿਰ ਮੁਕਾਬਲੇ ਵਿਚ ਸਿੱਖ ਧਰਮ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਹਵਾਲੇ ਦੇ ਕੇ ਸਨਾਤਨ ਨਾਲੋਂ ਨਿਖਾਰ ਕੇ ਨਿਖੇੜਦਾ ਹੈ ਅਤੇ ਸਿੱਧ ਕਰਦਾ ਹੈ ਕਿ ਸਾਡਾ ਤਾਂ ਸਨਾਤਨ ਨਾਲ ਕੋਈ ਦੂਰ ਦਾ ਵੀ ਰਿਸ਼ਤਾ ਨਹੀਂ ਬਣਦਾ। ਅਸੀਂ ਬਚਪਨ ਤੋਂ ਹੀ ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਅਤੇ ਹੋਰ ਸ਼ਾਇਰਾਂ ਤੇ ਕਥਾਵਾਚਕਾਂ ਤੋਂ ਸੁਣਦੇ ਰਹੇ ਹਾਂ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ਸਾਡੇ ਅਤੀਤ ਨਾਲੋਂ ਅਰਥਾਤ ਸਨਾਤਨ ਵਿਚਾਰਧਾਰਾ ਨਾਲੋਂ ਸਭ ਰਿਸ਼ਤੇ ਖਤਮ ਕਰ ਦਿੱਤੇ ਗਏ ਸਨ ਜਿਨਾਂ ਵਿਚ ਕਰਮ ਨਾਸ, ਧਰਮ ਨਾਸ, ਕਿਰਤ ਨਾਸ,ਭਰਮ ਨਾਸ ਤੇ ਕੁਲ ਨਾਸ ਸ਼ਾਮਿਲ ਹਨ। ਪ੍ਰਭਸ਼ਰਨਦੀਪ ਸਿੰਘ ਨੇ ਵੀ ਇਨ੍ਹਾਂ ਦੀ ਆਪਣੇ ਢੰਗ ਨਾਲ ਮੌਲਿਕ ਅਤੇ ਸੁੰਦਰ ਵਿਆਖਿਆ ਕੀਤੀ ਹੈ; ਇਹ ਪਹਿਲੀ ਵਾਰ ਹੈ ਜਦੋਂ ਕਿਸੇ ਵਿਦਵਾਨ ਨੇ ਸਨਾਤਨ ਨੂੰ ਵੱਡੀ ਚੁਣੌਤੀ ਦਿੱਤੀ।

ਕੁਝ ਹਕੀਕਤਾਂ ਯਾਦ ਕਰਵਾਉਣਾ ਚਾਹੁੰਦਾ ਹਾਂ ਜੋ ਸਾਡੇ ਸਾਹਮਣੇ ਹਨ। ਡਾਕਟਰ ਜਗਬੀਰ ਸਿੰਘ ਸਿੱਖ ਹਨ ਪਰ ਸਨਾਤਨ ਦੇ ਵਿਦਵਾਨ ਹਨ। 'ਸਨਾਤਨ' ਦੀ ਸਰਕਾਰ ਨੇ ਇਸ ਸ਼ਖਸ ਨੂੰ ਬਠਿੰਡਾ ਦੀ ਸੈਂਟਰਲ ਯੂਨੀਵਰਸਿਟੀ ਵਿਚ ਸਭ ਤੋਂ ਉਚੇ ਅਹੁਦੇ 'ਤੇ ਨਿਵਾਜਿਆ। ਹਾਲ ਵਿਚ ਹੀ ਅਮਰੀਕਾ ਸਥਿਤ ਵੱਡੇ ਧਨਾਢ ਦਰਸ਼ਨ ਸਿੰਘ ਧਾਲੀਵਾਲ ਦੀ ਇੰਟਰਵਿਊ ਛਪੀ ਹੈ। ਉਨ੍ਹਾਂ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਨਾਲ ਗੂੜ੍ਹੇ ਸਬੰਧ ਹਨ; ਇਨ੍ਹਾਂ ਦੇ ਸੁਖਬੀਰ ਸਿੰਘ ਬਾਦਲ ਨਾਲ ਵੀ ਗੂੜ੍ਹੇ ਰਿਸ਼ਤੇ ਹਨ। ਇੰਟਰਵਿਊ ਦੌਰਾਨ ਧਾਲੀਵਾਲ ਜੀ ਨੇ ਮੰਨਿਆ ਕਿ ਅਮਿਤ ਸ਼ਾਹ ਨਾਲ ਜੋ ਗੂੜ੍ਹਾ ਰਿਸ਼ਤਾ ਹੈ ਅਤੇ ਜੋ ਮੋਦੀ ਜੀ ਨਾਲ ਗੂੜ੍ਹਾ ਰਿਸ਼ਤਾ ਹੈ, ਉਹ ਸਤਨਾਮ ਸਿੰਘ ਨਾਂ ਦੇ ਸ਼ਖਸ ਦੀ ਵਿਚੋਲਗਿਰੀ ਨਾਲ ਬਣਿਆ। ਇਹ ਉਹੀ ਸਤਨਾਮ ਸਿੰਘ ਹਨ (ਜੋ ਆਪਣੀ ਚੰਡੀਗੜ੍ਹ ਯੂਨੀਵਰਸਿਟੀ ਦਾ ਚਾਂਸਲਰ ਹੈ) ਜਿਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਹੈ। ਜਦੋਂ ਪਾਰਲੀਮੈਂਟ ਚੋਣਾਂ ਵਿਚ ਸੀਟਾਂ ਦਾ ਲੈਣ ਦੇਣ ਚੱਲ ਰਿਹਾ ਸੀ ਕਿ ਕਿੰਨੀਆਂ ਸੀਟਾਂ ਕਿਸ ਨੂੰ ਮਿਲਣ, ਇਸ ਬਾਰੇ ਸਮਝੌਤਾ ਕਰਾਉਣ (ਜੋ ਹੋ ਨਹੀਂ ਸਕਿਆ) ਦੇ ਸਿਲਸਿਲੇ ਵਿਚ ਧਾਲੀਵਾਲ ਸਾਹਿਬ ਦੇ ਕਹਿਣ ਮੁਤਾਬਿਕ ਉਨ੍ਹਾਂ ਨੇ ਹੀ ਰੋਲ ਨਿਭਾਇਆ ਸੀ।

ਹੋਰ ਵੀ ਬਹੁਤ ਮਿਸਾਲਾਂ ਹਨ ਜਿੱਥੇ ਸਨਾਤਨ ਦੇ ਪੈਰੋਕਾਰ ਵਿਦਿਆ ਦੇ ਖੇਤਰ ਵਿਚ ਦਾਖਲ ਹੋ ਚੁੱਕੇ ਹਨ। ਹੁਣ ਉਨ੍ਹਾਂ ਦੀਆਂ ਲਲਚਾਈਆਂ ਨਜ਼ਰਾਂ ਸਿੱਖਾਂ ਦੀ ਮਿਨੀ ਪਾਰਲੀਮੈਂਟ ਅਰਥਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਹਨ ਤਾਂ ਜੋ ਸਿੱਖਾਂ ਦੇ ਆਖਰੀ ਕਿਲੇ ਨੂੰ ਹਿੰਦੂਤਵ ਦੇ ਖਾਰੇ ਸਮੁੰਦਰ ਵਿਚ ਡੋਬ ਦਿੱਤਾ ਜਾਵੇ। ਉਘੇ ਵਿਦਵਾਨ ਸਿਰਦਾਰ ਕਪੂਰ ਸਿੰਘ ਨੇ ਕਈ ਦਹਾਕੇ ਪਹਿਲਾਂ ਸਾਨੂੰ ਇਸ ਖਤਰੇ ਤੋਂ ਆਗਾਹ ਕੀਤਾ ਸੀ। ਅਸਲ ਵਿਚ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੀ ਉਦੋਂ ਹੀ ਪੈਣਗੀਆਂ ਜਦੋਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਲਈ ਪੱਕੇ ਸਨਾਤਨੀ ਲੱਭ ਗਏ। ਇਸ ਲਈ ਸਾਨੂੰ ਹੁਣ ਤੋਂ ਹੀ ਚੌਕਸ ਹੋ ਜਾਣਾ ਚਾਹੀਦਾ ਹੈ ਅਤੇ ਪ੍ਰਭਸ਼ਰਨਦੀਪ ਸਿੰਘ ਸਾਨੂੰ ਇਹੋ ਯਾਦ ਕਰਵਾ ਰਿਹਾ ਹੈ।

ਪ੍ਰਭਸ਼ਰਨਦੀਪ ਸਿੰਘ ਕੀ ਕਰ ਰਿਹਾ ਹੈ? ਉਹ ਗਿਆਨ ਦੀ ਖੜਗ ਲੈ ਕੇ ਸਿੱਖ ਸੰਸਥਾਵਾਂ ਵਿਚ ਸਨਾਤਨ ਦੀ ਤੂਫਾਨੀ ਘੁਸਪੈਠ ਅਤੇ ਚੁੱਪ-ਚੁਪੀਤੇ ਢੰਗ ਨਾਲ ਹੋ ਰਹੀ ਘੁਸਪੈਠ ਤੋਂ ਸਿੱਖਾਂ ਨੂੰ ਚੌਕਸ ਕਰ ਰਿਹਾ ਹੈ। ਉਂਝ, ਇੱਕ ਘੰਟਾ 43 ਮਿੰਟ ਦੀ ਵੀਡੀਓ ਸੁਣਨ ਲਈ ਕਿੰਨੇ ਕੁ ਵਿਦਵਾਨਾਂ ਨੇ ਵਿਹਲ ਕੱਢੀ ਹੈ? ਕਿੰਨੇ ਕੁ ਗੰਭੀਰ ਸਿੱਖ ਸਿਆਸਤਦਾਨਾਂ ਨੂੰ ਇਸ ਗੱਲ ਦੀ ਚਿੰਤਾ ਹੈ? ਆਜ਼ਾਦੀ ਦੇ ਸੰਘਰਸ਼ ਨਾਲ ਜੁੜੀਆਂ ਜਥੇਬੰਦੀਆਂ, ਵਿਅਕਤੀਆਂ ਅਤੇ ਦੂਰ ਦੀ ਰੇਸ ਵਾਲੇ ਬੌਧਿਕ ਘੋੜਿਆਂ ਨੇ ਸਨਾਤਨ ਨੂੰ ਸਮਝ ਕੇ ਆਪਣੀਆਂ ਨੀਤੀਆਂ ਵਿਚ ਹਮਲਾਵਰ ਪਹੁੰਚ ਅਪਨਾਉਣ ਅਤੇ ਸਨਾਤਨ ਵਿਰੁੱਧ ਸੰਘਰਸ਼ ਦੀ ਕਦੇ ਚਿਤਾਵਨੀ ਦਿੱਤੀ ਹੈ? ਇਹ ਸਵਾਲ ਸਾਡੀਆਂ ਜ਼ਮੀਰਾਂ ਨੂੰ ਕਿਉਂ ਨਹੀਂ ਝੰਜੋੜ ਰਹੇ?

ਇਸ ਇੰਟਰਵਿਊ ਵਿਚ ਪ੍ਰਭਸ਼ਰਨਦੀਪ ਸਿੰਘ ਨਾਲ ਨਿੱਜੀ ਕਿੜ ਕੱਢਣ ਵਾਲਿਆਂ ਅਤੇ ਟਰੋਲਿੰਗ ਬਟਾਲੀਅਨ ਨੇ ਉਹ ਹਿੱਸਾ ਚੁੱਕ ਲਿਆ ਜਿਸ ਵਿਚ ਐਂਕਰ ਯਾਦਵਿੰਦਰ ਕਰਫਿਊ ਨੇ ਦਸਮ ਗ੍ਰੰਥ ਬਾਰੇ ਕੁਝ ਸਵਾਲ ਪੁੱਛੇ ਸਨ, ਜਿਸ ਹਿੱਸੇ ਵਿਚ ਸ਼ਹੀਦ ਭਾਈ ਮਨੀ ਸਿੰਘ ਦਾ ਜ਼ਿਕਰ ਆਇਆ ਅਤੇ ਜਿਸ ਵਿਚ ਪ੍ਰਭਸ਼ਰਨਦੀਪ ਸਿੰਘ ਨੇ ਭਾਈ ਮਨੀ ਸਿੰਘ ਬਾਰੇ ਟਿੱਪਣੀ ਕੀਤੀ। ਪਹਿਲਾਂ ਵੀ ਕਈ ਵਾਰ ਲਿਖਿਆ ਹੈ ਕਿ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਸਿੱਖ ਦੋ ਹਿੱਸਿਆਂ ਵਿਚ ਵੰਡੇ ਹੋਏ ਹਨ। ਦੋਹਾਂ ਹਿੱਸਿਆਂ ਕੋਲ ਬਾਕਾਇਦਾ ਮੰਨਣਯੋਗ ਦਲੀਲਾਂ ਅਤੇ ਤੱਥ ਹਨ। ਇਸ ਲਈ ਫਿਲਹਾਲ ਉਸੇ ਫੈਸਲੇ ਉਤੇ ਹੀ ਪਹਿਰਾ ਦਿੱਤਾ ਜਾਵੇ ਜਿਹੜਾ ਰਹਿਤ ਮਰਿਆਦਾ ਬਣਨ ਸਮੇਂ ਸਿੱਖ ਵਿਦਵਾਨਾਂ ਨੇ ਲੰਮੀਆਂ ਬਹਿਸਾਂ ਅਤੇ ਕਰੜੀ ਘਾਲਣਾ ਮਗਰੋਂ ਕੀਤਾ ਸੀ। ਅਕਾਲ ਤਖਤ ਸਾਹਿਬ ਨੇ ਵੀ ਵਿਦਵਾਨਾਂ ਨੂੰ ਅਪੀਲ ਕੀਤੀ ਸੀਪਰ ਦੋਵਾਂ ਧਿਰਾਂ ਦੇ ਵਿਦਵਾਨਾਂ ਨੇ ਸ਼ਾਇਦ ਸਾਂਝਾ ਫੈਸਲਾ ਕੀਤਾ ਹੋਇਆ ਹੈ ਕਿ ਉਨ੍ਹਾਂ ਨੇ ਅਕਾਲ ਤਖਤ ਦੀ 'ਸੁਣਨੀ' ਤਾਂ ਹੈ ਪਰ 'ਮੰਨਣੀ' ਨਹੀਂ। ਇਸ ਲਈ ਸੋਸ਼ਲ ਮੀਡੀਆ ਅਤੇ ਅਖਬਾਰਾਂ ਵਿਚ ਦਸਮ ਗ੍ਰੰਥ ਦੇ ਹੱਕ ਤੇ ਵਿਰੋਧ ਵਿਚ ਹਰ ਦੂਜੇ ਤੀਜੇ ਮਹੀਨੇ ਲਿਖਤਾਂ ਆ ਜਾਂਦੀਆਂ ਹਨ; ਕਈ ਵਾਰੀ ਇਹ ਬਹਿਸ ਕੁੜਿੱਤਣ ਵਿਚ ਬਦਲ ਜਾਂਦੀ ਹੈ।

ਹੁਣ ਜੇ ਵਿਦਵਾਨ ਹੀ ਸਹਿਮਤ ਨਹੀਂ ਤਾਂ ਸਿਆਸਤਦਾਨ ਵਿਦਵਾਨਾਂ ਨਾਲੋਂ ਦੋ ਕਦਮ ਅੱਗੇ ਚੱਲ ਰਹੇ ਹਨ। ਦੇਖਿਆ ਹੀ ਹੈ ਕਿ ਸਿਰਸਾ ਦੇ ਡੇਰਾ ਮੁਖੀ ਰਾਮ ਰਹੀਮ ਵਿਰੁੱਧ ਅਕਾਲ ਤਖਤ ਨੇ ਹੁਕਮਨਾਮਾ ਜਾਰੀ ਕੀਤਾ ਸੀ ਪਰ ਉਸ ਹੁਕਮਨਾਮੇ ਦੀ ਸਭ ਤੋਂ ਵੱਧ ਉਲੰਘਣਾ ਵੱਡੇ ਤੇ ਛੋਟੇ ਬਾਦਲ ਨੇ ਸਾਧ ਦੇ ਚਰਨਾਂ ਵਿਚ ਬੈਠ ਕੇ ਕੀਤੀ। ਉਹ ਤਸਵੀਰਾਂ ਸਿੱਖਾਂ ਦੇ ਸਾਹਮਣੇ ਹਨ ਪਰ ਕਿਸੇ ਜਥੇਦਾਰ ਨੇ ਕਦੇ ਵੀ ਉਨ੍ਹਾਂਤੋਂ ਪੁੱਛ-ਗਿੱਛ ਕਰਨ ਦੀ ਹਿੰਮਤ ਨਹੀਂ ਕੀਤੀ। ਹਾਲ ਵਿਚ ਹੀ 'ਸਪੋਕਸਮੈਨ' ਅਖਬਾਰ ਦੇ ਸੰਪਾਦਕ ਜੋਗਿੰਦਰ ਸਿੰਘ ਜਿਸ ਨੂੰ ਦਸਮ ਗ੍ਰੰਥ ਦੇ ਸਵਾਲ ਤੇ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਦੀ ਅੰਤਿਮ ਅਰਦਾਸ ਮੌਕੇ ਵਿਦਵਾਨ ਤੇ ਸਿਆਸਤਦਾਨ ਛੇਕੇ ਹੋਏ ਸੰਪਾਦਕ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ ਕਰ ਰਹੇ ਸਨ। ਦਰਦਨਾਕ ਹਕੀਕਤ ਇਹ ਹੈ ਕਿ ਪੰਜਾਬ ਅਸੈਂਬਲੀ ਵਿਚ ਜੁਝਾਰੂ ਲਹਿਰ ਉਤੇ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਅਕਾਲ ਤਖਤ ਸਾਹਿਬ ਵੱਲੋਂ ਸ਼ਹੀਦ ਕਰਾਰ ਦਿੱਤੇ ਜਾਣ ਦੇ ਫੈਸਲੇ ਮਗਰੋਂ ਵੀ ਸੰਤ ਜਰਨੈਲ ਸਿੰਘ ਜੀ ਨੂੰ ਕਾਂਗਰਸ ਦਾ ਬੰਦਾ ਕਿਹਾ। ਮੈਂ ਉਸ ਬਹਿਸ ਵੇਲੇ ਹਾਜ਼ਰ ਸਾਂ ਪਰ ਜਿਸ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਸਨ, ਉਸੇ ਟਕਸਾਲ ਦੇ ਅਗਲੇ ਮੁਖੀ ਨੇ ਬਾਦਲ ਖਿਲਾਫ ਬੋਲਣ ਦੀ ਜੁਰਅਤ ਨਹੀਂ ਕੀਤੀ ਸਗੋਂ ਇਕ ਉਹ ਸਮਾਂ ਵੀ ਆਇਆ ਜਦੋਂ ਇਸੇ ਟਕਸਾਲ ਦੇ ਮੁਖੀ ਨੇ ਬਾਦਲ ਪਰਿਵਾਰ ਦੀ ਚੜ੍ਹਦੀ ਕਲਾ ਲਈ ਦਰਬਾਰ ਸਾਹਿਬ ਸਾਹਮਣੇ ਘੰਟਾ ਘਰ ਅੱਗੇ ਅਰਦਾਸ ਕੀਤੀ। ਰਤਾ ਦੇਖੋ ਤਾਂ ਸਹੀ, ਅਸੀਂ ਕਿੱਥੇ ਖੜ੍ਹੇ ਹਾਂ?

ਹੁਣ ਹੋਇਆ ਕੀ? ਸਾਰੀ ਬਹਿਸ ਸਨਾਤਨ ਵਿਚਾਰਧਾਰਾ ਉਤੇ ਚੱਲ ਰਹੀ ਸੀ, ਇਸ ਦੇ ਇੱਕ ਹਿੱਸੇ ਵਿਚ ਦਸਮ ਗ੍ਰੰਥ ਦਾ ਮੁੱਦਾ ਆ ਗਿਆ ਅਤੇ ਉਸਦੇ ਨਾਲ ਹੀ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਰੋਲ ਆ ਗਿਆ। ਪ੍ਰਭਸ਼ਰਨਦੀਪ ਸਿੰਘ ਬਿਨਾਂ ਸ਼ੱਕ ਸਾਡੇ ਵਿਦਵਾਨ ਹਨ, ਸਿੱਖ ਸਿਆਸਤ ਅਤੇ ਚਲੰਤ ਸਿਆਸਤ ਦੇ ਖਿਡਾਰੀਆਂ ਦੀਆਂ ਲੁਕਣਮੀਚੀਆਂ, ਉਨ੍ਹਾਂ ਦੇ ਸਵਾਰਥਾਂ ਤੇ ਤਿਲਕਣਬਾਜ਼ੀਆਂ ਬਾਰੇ ਮੇਰੇ ਨਾਲੋਂ ਕਿਤੇ ਵੱਧ ਜਾਣਦੇ ਹਨ। ਪੱਛਮੀ ਦੁਨੀਆ ਵਿਚ ਸਾਹਿਤ, ਰਾਜਨੀਤੀ, ਧਰਮ ਤੇ ਕੌਮ ਬਾਰੇ ਚੱਲ ਰਹੀਆਂ ਵੱਡੀਆਂ ਬਹਿਸਾਂ ਨਾਲ ਉਨ੍ਹਾਂ ਦਾ ਨੇੜਲਾ ਸੰਪਰਕ ਹੈ। ਕਈ ਵਾਰ ਉਹ ਬਹਿਸਾਂ ਵਿਚ ਹਿੱਸਾ ਵੀ ਲੈਂਦੇ ਹਨ ਅਤੇ ਧੜਲੇ ਨਾਲ ਸਿੱਖਾਂ ਦਾ ਪੱਖ ਵੀ ਰੱਖਦੇ ਹਨ। ਪੰਜਾਬ ਦੀ ਖੱਬੇ ਪੱਖੀ ਰਾਜਨੀਤੀ ਦੀਆਂ ਪੰਜਾਬ ਨਾਲ ਕੀਤੀਆਂ ਬੇਵਫਾਈਆਂ ਅਤੇ ਉਨ੍ਹਾਂ ਦੀ ਸੌੜੀ ਸਮਝ ਉਤੇ ਸਵਾਲ ਖੜ੍ਹੇ ਕਰਦੇ ਹਨ, ਜੁਝਾਰੂ ਲਹਿਰ ਦੇ ਵਿਚਾਰਧਾਰਕ ਸਮਰਥਕ ਹਨ, ਖਾਲਿਸਤਾਨ ਦੇ ਮੁੱਦੇ ਤੇ ਜਦੋਂ ਖਾਲਿਸਤਾਨ ਦੇ ਹੱਕ ਵਿਚ ਦਲੀਲਾਂ ਤੇ ਹਵਾਲੇ ਪੇਸ਼ ਕਰਦੇ ਹਨ ਤਾਂ ਉਹ ਤੱਥ ਵਿਦਵਤਾ ਵਿਚ ਰੰਗੇ ਹੋਣ ਕਰਕੇ ਵਿਰੋਧੀ ਵੀ ਨਿਰਉਤਰ ਹੋ ਜਾਂਦੇ ਹਨ। ਹਾਲ ਵਿਚ ਹੀ ਸਿੰਘ ਸਭਾ ਲਹਿਰ ਉਤੇ ਹੋ ਰਹੇ ਹਮਲਿਆਂ ਦਾ ਉਨ੍ਹਾਂ ਨੇ ਵੀਡੀਓ ਰਾਹੀਂ ਮੋੜਵਾਂ ਜਵਾਬ ਦਿੱਤਾ ਅਤੇ ਸਿੱਖਾਂ ਅੰਦਰ ਹੀ ਕੁਝ ਲੋਕਾਂ ਵੱਲੋਂ ਸਿੱਖ ਧਰਮ ਦੀ ਪਛਾਣ ਨੂੰ ਖੋਰਨ ਅਤੇ ਪੇਤਲਾ ਕਰਨ ਵਾਲਿਆਂ ਨਾਲ ਜਿਵੇਂ ਸਿੱਧੀ ਟੱਕਰ ਲਈ, ਉਸ ਨਾਲ ਪੰਥਕ ਹਲਕਿਆਂ ਨੂੰ ਮਾਣ ਮਹਿਸੂਸ ਹੋਇਆ ਕਿ ਇਹ ਵਿਦਵਾਨ ਜਜ਼ਬਿਆਂ ਤੇ ਸਿਧਾਂਤਾਂ ਦੀ ਪੱਧਰ ਉਤੇ ਸਿੱਖਾਂ ਦਾ ਪੱਖ ਪੇਸ਼ ਕਰਦਾ ਹੈ।

ਕੀ ਪ੍ਰਭਸ਼ਰਨਦੀਪ ਸਿੰਘ ਨੇ ਦਸਮ ਗ੍ਰੰਥ ਦਾ ਜ਼ਿਕਰ ਕਰਦਿਆਂ ਭਾਈ ਮਨੀ ਸਿੰਘ ਜੀ ਬਾਰੇ ਜੋ ਟਿੱਪਣੀ ਕੀਤੀ, ਉਹ ਠੀਕ ਸੀ? ਮੇਰੇ ਖਿਆਲ ਵਿਚ ਉਹ ਠੀਕ ਨਹੀਂ ਸੀ। ਸਮਾਂ ਤੇ ਦਰਪੇਸ਼ ਸੰਕਟ ਇਹੋ ਮੰਗ ਕਰਦੇ ਹਨ। ਉਨ੍ਹਾਂ ਕੋਲ ਭਾਵੇਂ ਦਲੀਲਾਂ ਤੇ ਹਵਾਲੇ ਵੀ ਹਨ ਤਾਂ ਵੀ ਬੰਦ-ਬੰਦ ਕਟਵਾਉਣ ਦਾ ਅਨੋਖਾ ਤੇ ਵਿਕੋਲਿਤਰਾ ਇਤਿਹਾਸ ਸਿਰਜਣ ਵਾਲੇ ਇਸ ਮਹਾਨ ਸ਼ਹੀਦ ਨੇ 18ਵੀਂ ਸਦੀ ਦੇ ਭਿਆਨਕ ਤੇ ਬਿਖੜੇ ਦੌਰ ਸਮੇਂ ਵਗਦੀਆਂ ਹਵਾਵਾਂ ਤੇ ਤੂਫਾਨਾਂ ਵਿਚ ਸਿੱਖੀ ਦੇ ਚਿਰਾਗ ਜਗਾਏ ਸਨ। ਭਾਈ ਸਾਹਿਬ ਦੀ ਸ਼ਹਾਦਤ ਦਾ ਰੰਗ ਰੂਪ ਹੀ ਕੁਝ ਇਸ ਤਰ੍ਹਾਂ ਦਾ ਨਿਰਾਲਾ ਤੇ ਬੇਮਿਸਾਲ ਹੈ ਕਿ ਇਸ ਸ਼ਹਾਦਤ ਨਾਲ ਕੋਈ ਭੁੱਲ ਜੇ ਹੋਈ ਵੀ ਹੈ ਹਾਲਾਂਕਿ ਮੇਰੀਆਂ ਨਜ਼ਰਾਂ ਵਿਚ ਕੋਈ ਭੁੱਲ ਨਹੀਂ ਹੋਈ, ਤਾਂ ਦਸਮੇਸ਼ ਪਿਤਾ ਦੇ ਦਰਬਾਰ ਵਿਚ ਮੁਆਫ ਕਰ ਦਿੱਤੀ ਜਾਂਦੀ ਹੈ।

ਮੇਰੀ ਤੁਛ ਬੁੱਧੀ ਮੁਤਾਬਕ ਵੈਸੇ ਵੀ ਇਤਿਹਾਸ ਤੇ ਇਤਿਹਾਸਿਕ ਤੱਥ ਕਈ ਵਾਰ ਪੂਰਾ ਸੱਚ ਨਹੀਂ ਹੁੰਦੇ। ਜਦੋਂ ਕੁਝ ਘਟਨਾਵਾਂ ਇਤਿਹਾਸ ਤੋਂ ਪਾਰਚਲੇ ਜਾਂਦੀਆਂ ਹਨ ਜਾਂ ਵਾਪਰਨ ਵਾਲੀ ਘਟਨਾ ਇਤਿਹਾਸ ਤੋਂ ਉਪਰ ਉਠ ਜਾਂਦੀ ਹੈ ਤਾਂ ਉਹ ਘਟਨਾ ਮੁਕੰਮਲ ਸੱਚ ਦੇ ਨਜ਼ਦੀਕ ਪਹੁੰਚ ਜਾਂਦੀ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਉਸ ਵਰਗ ਵਿਚ ਦਾਖਲ ਹੋ ਜਾਂਦੀ ਹੈ ਜਦੋਂ ਇਹੋ ਜਿਹੀ ਸ਼ਹਾਦਤ ਨੂੰ ਸਿਰਫ ਤੇ ਸਿਰਫ ਨਮਨ ਕਰਨਾ ਹੀ ਸਭ ਤੋਂ ਵੱਡਾ ਤਥ ਅਤੇ ਸਭ ਤੋਂ ਵੱਡੀ ਦਲੀਲ ਹੁੰਦੀ ਹੈ। ਸਿਰ ਤਲੀ ਉਤੇ ਰੱਖ ਕੇ ਲੜਨ ਵਾਲੇ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਵੀ ਇਸੇ ਵਰਗ ਵਿਚ ਆ ਜਾਂਦੀ ਹੈ ਜਦੋਂ ਸਭ ਵਿਗਿਆਨਕ ਤਰਕ ਸਿੱਖ ਪੰਥ ਦੇ ਸਮੂਹਕ ਜਜ਼ਬਿਆਂ ਦੀ ਅਥਾਹ ਤਾਕਤ ਸਾਹਮਣੇ ਕੋਈ ਅਰਥ ਨਹੀਂ ਰੱਖਦੇ।

ਇੱਕ ਵਾਰ ਜੁਝਾਰੂ ਲਹਿਰ ਦੇ ਵੱਡੇ ਯੋਧੇ ਭਾਈ ਚਰਨਜੀਤ ਸਿੰਘ ਚੰਨੀ ਨੇ ਚੰਡੀਗੜ੍ਹ ਦੇ 35 ਸੈਕਟਰ ਵਿਚ ਭਾਖੜਾ ਬੋਰਡ ਦੇ ਚੇਅਰਮੈਨ ਨੂੰ ਸੋਧਣ ਪਿੱਛੋਂ ਜ਼ਿੰਮੇਵਾਰੀ ਲੈਂਦਿਆਂ ਮੇਰੇ ਨਾਲ ਇੱਕ ਅਨੁਭਵ ਸਾਂਝਾ ਕਰਦਿਆਂ ਕਿਹਾ ਸੀ ਕਿ ਜਦੋਂ ਅਸੀਂ ਐਕਸ਼ਨ ਕਰਨ ਲੱਗਦੇ ਹਾਂ ਤਾਂ ਕਈ ਵਾਰ ਇਉਂ ਲੱਗਦਾ ਹੈ ਜਿਵੇਂ ਪਿਸਤੌਲ 'ਕੋਈ ਹੋਰ' ਚਲਾ ਰਿਹਾ ਹੈ। ਪ੍ਰਭਸ਼ਰਨਦੀਪ ਸਿੰਘ ਸਮੇਤ ਸਭ ਵਿਦਵਾਨਾਂ ਨੂੰ 'ਕੋਈ ਹੋਰ' ਦੇ ਤੱਥਾਂ ਦੀ ਵੀ ਜਾਣਕਾਰੀ ਲੈਣੀ ਚਾਹੀਦੀ ਹੈ ਅਤੇ ਇਹ ਸਾਡੀ ਖੋਜ ਦਾ ਵਿਸ਼ਾ ਵੀ ਹੋਣਾ ਚਾਹੀਦਾ ਹੈ ਜੋ ਸਾਡਾ ਇਤਿਹਾਸ ਸਮੇਂ-ਸਮੇਂ ਸਿਰਜਦਾ ਵੀ ਰਿਹਾ ਹੈ। ਇਹ ਕੋਈ ਹੋਰ (ਦਸ ਗੁਰੂ ਸਾਹਿਬਾਨ) ਵਾਲੇ ਸਾਡੇ ਇਤਿਹਾਸ ਨੂੰ ਅੰਮ੍ਰਿਤ ਵੇਲੇ ਦੀ ਸੱਜਰੀ ਸਵੇਰ ਵਾਂਗ ਤਾਜ਼ਾ ਕਰਦੇ ਰਹਿੰਦੇ ਹਨ। ਇਸ ਅਮੀਕੋ ਅਮੀਕ (ਜਾਪ ਸਾਹਿਬ) ਦੇ ਭੇਤਾਂ ਨੂੰ ਸਮਝਣ ਲਈ ਗੁਰਬਾਣੀ ਦੁਨਿਆਵੀ ਬੁੱਧ ਦੀ ਥਾਂ ਕਿਸੇ ਹੋਰ ਬੁੱਧ ਵੱਲ ਜਾਣ ਦੀ ਪ੍ਰੇਰਨਾ ਦਿੰਦੀ ਹੈ ਜਿਸ ਨੂੰ 'ਤੈਸੀ ਬੁਧਿ ਕਰੋ ਪਰਗਾਸਾ' ਜਾਂ 'ਕਿਰਪਾ ਕੀਜੈ ਸਾ ਮਤਿ ਦੀਜੈ' ਦੀਆਂ ਪਵਿੱਤਰ ਮਿਸਾਲਾਂ ਨਾਲ ਸਮਝਾਇਆ ਗਿਆ ਹੈ। ਸਿੱਖ ਵਿਦਵਾਨਾਂ ਨੂੰ 'ਤੈਸੀ ਬੁਧ' ਦੇ ਰੰਗਾਂ ਦੀ ਤਲਾਸ਼ ਵੀ ਕਰਨੀ ਚਾਹੀਦੀ ਹੈ ਅਤੇ ਇਹ ਮਾਪਦੰਡ ਇਤਿਹਾਸ ਦੀ ਸਮਝ ਵਿਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

ਮੈਂ ਫਿਰ ਬੇਨਤੀ ਕਰਦਾ ਹਾਂ ਕਿ ਦਸਮ ਗ੍ਰੰਥ, ਰਾਗਮਾਲਾ ਅਤੇ ਇਸ ਤਰ੍ਹਾਂ ਦੇ ਹੋਰ ਮੁੱਦਿਆਂ ਉਤੇ ਬਹਿਸ ਉਦੋਂ ਤੱਕ ਮੁਲਤਵੀ ਕਰ ਦਿੱਤੀ ਜਾਵੇ ਜਦੋਂ ਤੱਕ ਅਸੀਂ ਆਜ਼ਾਦੀ ਦੀ ਮੰਜ਼ਿਲ ਹਾਸਲ ਨਹੀਂ ਕਰ ਲੈਂਦੇ ਅਤੇ ਜਦੋਂ ਤੱਕ ਸਾਡੇ ਵਿਦਵਾਨਾਂ ਦੇ ਬੌਧਿਕ ਕੱਦ ਰੂਹਾਨੀ ਅਵਸਥਾ ਦਾ ਉਚਤਮ ਮਰਤਬਾ ਹਾਸਲ ਨਹੀਂ ਕਰ ਲੈਂਦੇ। ਇਸ ਲਈ ਵੱਡਾ ਸਬਰ ਤੇ ਧੀਰਜ ਬਹੁਤ ਜ਼ਰੂਰੀ ਹੈ ਕਿਉਂਕਿ ਸਬਰ ਦੇ ਦਰਖਤ ਦੀਆਂ ਜੜ੍ਹਾਂ ਕੌੜੀਆਂ ਹੁੰਦੀਆਂ ਹਨ ਪਰ ਫਲ ਮਿੱਠੇ ਹੁੰਦੇ ਹਨ। ਮੇਰੀ ਲਿਖਤ ਕੁਝ ਵੀਰਾਂ ਨੂੰ ਸਵੈ-ਵਿਰੋਧੀ ਵੀ ਲੱਗ ਸਕਦੀ ਹੈ ਕਿਉਂਕਿ ਮੈਂ ਪ੍ਰਭਸ਼ਰਨਦੀਪ ਸਿੰਘ ਦੇ ਕਿਤੇ ਹੱਕ ਵਿਚ ਲੱਗਦਾ ਹਾਂ ਤੇ ਕਿਤੇ ਖਿਲਾਫ ਵੀ ਜਾਂਦਾ ਹਾਂ ਪਰ ਇਹ ਸਵੈ-ਵਿਰੋਧ ਪਹਿਲੀ ਨਜ਼ਰੇ ਜਾਪਦੇ ਹੀ ਹਨ ਪਰ ਜਦੋਂ ਡੂੰਘੇ ਉਤਰੋਗੇ ਤਾਂ ਲਿਖਤ ਸਾਰੇ ਸਵੈ-ਵਿਰੋਧਾਂ ਨੂੰ ਖਤਮ ਕਰਕੇ ਕਿਸੇ ਵੱਡੀ ਏਕਤਾ ਦਾ ਸੰਦੇਸ਼ ਵੀ ਦਿੰਦੀ ਹੈ।

# ਭਾਰਤ ਵਿੱਚ ਵੱਧ ਰਹੀ ਜਿਨਸੀ ਹਿੰਸਾ ਰੋਕਣ ਲਈ ਬਹੁਪੱਖੀ ਪਹੁੰਚ ਦੀ ਲੋੜ

ਲੇਖਕ : ਡਾ. ਅਰੁਣ ਮਿੱਤਰਾ

ਕੋਲਕਾਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਵਿੱਚ ਇੱਕ ਮਹਿਲਾ ਡਾਕਟਰ ਨਾਲ ਬਲਾਤਕਾਰ ਅਤੇ ਕਤਲ ਨੇ ਨਾ ਸਿਰਫ਼ ਮੈਡੀਕਲ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਸਗੋਂ ਸਮਾਜ ਦੇ ਹਰ ਵਰਗ ਦੇ ਲੋਕ ਰੋਹ ਵਿੱਚ ਹਨ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਨ ਲਈ ਸੜਕਾਂ 'ਤੇ ਆ ਰਹੇ ਹਨ। ਉਹ ਜਾਂਚ ਦੀ ਪ੍ਰਗਤੀ ਵਿੱਚ ਦੇਰੀ ਤੋਂ ਨਾਖੁਸ਼ ਹਨ। ਇਹ ਰਿਪੋਰਟ ਕਿ ਸਬੂਤਾਂ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਨੇ ਲੋਕਾਂ ਨੂੰ ਹੋਰ ਗੁੱਸੇ ਵਿੱਚ ਲੈ ਆਂਦਾ ਹੈ।

ਹਾਲ ਹੀ ਦੇ ਸਮੇਂ ਵਿੱਚ ਇਹ ਇਕੱਲਾ ਮਾਮਲਾ ਨਹੀਂ ਹੈ ਕਿਉਂਕਿ ਕੋਲਕਾਤਾ ਮਾਮਲੇ ਤੋਂ ਬਾਅਦ ਪਿਛਲੇ ਦਿਨਾਂ ਦੌਰਾਨ ਦੇਸ਼ ਦੇ ਕਈ ਹੋਰ ਹਿੱਸਿਆਂ ਵਿੱਚ ਜਿਨਸੀ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਕੋਲਕਾਤਾ ਮਾਮਲੇ ਦੇ ਪੰਜ ਦਿਨ ਬਾਅਦ ਹੀ ਉੱਤਰਾਖੰਡ ਦੇ ਦੇਹਰਾਦੂਨ ਵਿੱਚ ਪੰਜਾਬ ਦੀ ਇੱਕ ਨਾਬਾਲਗ ਲੜਕੀ ਨਾਲ ਇੱਕ ਬੱਸ ਵਿੱਚ ਬਲਾਤਕਾਰ ਕੀਤਾ ਗਿਆ। ਕੇਂਦਰੀ ਅਪਰਾਧ ਬਿਊਰੋ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਰੋਜ਼ ਲਗਭਗ 90 ਲੜਕੀਆਂ ਨਾਲ ਬਲਾਤਕਾਰ ਹੁੰਦਾ ਹੈ। ਗੈਰ-ਰਿਪੋਰਟ ਕੀਤੇ ਗਏ ਅੰਕੜੇ ਬਹੁਤ ਜ਼ਿਆਦਾ ਹੋਣੇ ਚਾਹੀਦੇ ਹਨ ਕਿਉਂਕਿ ਗ਼ਰੀਬ ਲੋਕਾਂ ਨੂੰ ਕੁਝ ਪੈਸੇ ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ। ਪੁਲੀਸ 'ਤੇ ਭਰੋਸਾ ਨਾ ਹੋਣ, ਦੋਸ਼ੀਆਂ ਦੇ ਡਰ ਅਤੇ 'ਬਲਾਤਕਾਰ ਹੋਣ ਦੇ ਕਲੰਕ' ਕਾਰਨ ਇਨ੍ਹਾਂ 'ਚੋਂ ਬਹੁਤ ਸਾਰੇ ਥਾਣੇ ਹੀ ਨਹੀਂ ਜਾਂਦੇ।

ਜਦੋਂ ਵੀ ਔਰਤਾਂ 'ਤੇ ਜਿਨਸੀ ਹਿੰਸਾ ਦਾ ਕਹਿਰ ਹੁੰਦਾ ਹੈ, ਇਸ 'ਤੇ ਪ੍ਰਤੀਕਿਰਿਆ ਕੁਝ ਦਿਨ ਰਹਿੰਦੀ ਹੈ ਅਤੇ ਫਿਰ ਜ਼ਿੰਦਗੀ ਆਮ ਵਾਂਗ ਹੋ ਜਾਂਦੀ ਹੈ। ਕੁਝ ਸਮੇਂ ਬਾਅਦ ਲੋਕ ਘਟਨਾ ਨੂੰ ਭੁੱਲ ਜਾਂਦੇ ਹਨ। ਪਰ ਪੀੜਤਾ (ਜੇਕਰ ਉਹ ਬਚ ਗਈ ਹੈ) ਅਤੇ ਪਰਿਵਾਰ ਲਈ ਜੇ ਉਹ ਮਾਰੀ ਗਈ ਹੈ, ਤਾਂ ਇਹ ਘਟਨਾ ਸਾਰੀ ਉਮਰ ਦੇ ਦੁੱਖ ਦਾ ਕਾਰਨ ਬਣ ਜਾਂਦੀ ਹੈ। ਕੁਝ ਮਾਮਲੇ ਮੀਡੀਆ ਵਿੱਚ ਉਜਾਗਰ ਕੀਤੇ ਜਾਂਦੇ ਹਨ ਅਤੇ ਇਸ ਲਈ ਉਹ ਵਧੇਰੇ ਧਿਆਨ ਖਿੱਚਦੇ ਹਨ ਪਰ ਸਾਡੇ ਦੇਸ਼ ਵਿੱਚ ਅਣਗਿਣਤ ਗ਼ਰੀਬ ਲੋਕਾਂ ਦੇ ਦੁੱਖਾਂ ਦੀ ਰਿਪੋਰਟ ਤਕ ਨਹੀਂ ਕੀਤੀ ਜਾਂਦੀ।

ਸਾਡੇ ਮਨ ਵਿੱਚ ਇਹ ਸਵਾਲ ਘੁੰਮ ਰਿਹਾ ਹੈ ਕਿ ਸਥਿਤੀ ਨੂੰ ਕਿਵੇਂ ਬਦਲਿਆ ਜਾਵੇ। ਇਹ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਹਰ ਔਰਤ ਕੰਮ ਵਾਲੀ ਥਾਂ, ਗਲੀ, ਬਾਜ਼ਾਰ ਜਾਂ ਘਰ ਵਿੱਚ ਵੀ ਸੁਰੱਖਿਅਤ ਮਹਿਸੂਸ ਕਰੇ?

ਜਿਨਸੀ ਹਿੰਸਾ ਵਿੱਚ ਕਈ ਕਾਰਕ ਸ਼ਾਮਲ ਹੁੰਦੇ ਹਨ। ਇਹ ਸਾਰੀ ਸਮੱਸਿਆ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਨਰ ਬੱਚੇ ਨੂੰ ਲਾਡ-ਪਿਆਰ ਕੀਤਾ ਜਾਂਦਾ ਹੈ ਅਤੇ ਕਈ ਵਾਰ ਮਾਦਾ ਜਨਮ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤੀ ਜਾਂਦੀ ਹੈ। ਕਿਸ਼ੋਰ ਉਮਰ ਵਿੱਚ ਵੀ, ਜ਼ਿਆਦਾਤਰ ਲੋਕ ਪੁਰਸ਼ ਬੱਚੇ ਦੀ ਸਿੱਖਿਆ ਨੂੰ ਤਰਜੀਹ ਦਿੰਦੇ ਹਨ। ਇਸ ਨਾਲ ਲੜਕਿਆਂ ਵਿੱਚ ਮਹਾਨਤਾ ਦੀ ਭਾਵਨਾ ਪੈਦਾ ਹੁੰਦੀ ਹੈ। ਮਰਦਾਨਗੀ ਅਤੇ ਸਰੀਰਕ ਤਾਕਤ ਦੀ ਭਾਵਨਾ ਕਾਰਨ ਬਹੁਤ ਸਾਰੇ ਪੁਰਸ਼ ਔਰਤਾਂ ਨੂੰ ਨੀਵਾਂ ਅਤੇ ਮਾਮੂਲੀ ਸਮਝਦੇ ਹਨ।

ਯੁੱਗਾਂ-ਯੁੱਗਾਂ ਤੋਂ ਸੰਸਥਾਗਤ ਤੌਰ 'ਤੇ ਬਣੀਆਂ ਪਿਤਾ-ਪੁਰਖੀ ਕਦਰਾਂ-ਕੀਮਤਾਂ ਨੂੰ ਬਦਲਣਾ ਆਸਾਨ ਨਹੀਂ ਹੈ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਬਦਲਣ ਵੇਲੇ ਪੁਰਸ਼ਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾਂਦਾ ਹੈ। ਭਾਵੇਂ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਹੀ ਹੁੰਦੀ ਹੈ, ਪਰ ਕੁਝ ਸਾਲ ਪਹਿਲਾਂ ਹੀ ਸਕੂਲ ਦੇ ਸਰਟੀਫਿਕੇਟਾਂ ਵਿੱਚ ਮਾਂ ਦਾ ਨਾਂ ਦਰਜ ਕੀਤਾ ਜਾਣਾ ਸ਼ੁਰੂ ਹੋਇਆ ਹੈ। ਇਸ ਦੇ ਬਾਵਜੂਦ ਔਰਤਾਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਅੱਜਕੱਲ੍ਹ ਲਗਭਗ 60-70 ਫ਼ੀਸਦੀ ਡਾਕਟਰ ਇਸਤਰੀਆਂ ਹਨ। ਹੱਥੀਂ ਕਿਰਤ ਕਰਨ ਵਿੱਚ ਵੀ ਉਹ ਪੁਰਸ਼ਾਂ ਤੋਂ ਪਿੱਛੇ ਨਹੀਂ ਰਹੀਆਂ, ਜਿਸ ਨੂੰ ਪੁਰਸ਼ ਸਿਰਫ਼ ਸਰੀਰਕ ਤਾਕਤ ਕਾਰਨ ਕੇਵਲ ਆਪਣਾ ਖੇਤਰ ਸਮਝਦੇ ਹਨ। ਬਹੁਤ ਸਾਰੇ ਪੁਰਸ਼ ਇਸ ਗੱਲ ਨਾਲ ਤਾਲਮੇਲ ਨਹੀਂ ਬਿਠਾ ਪਾਉਂਦੇ ਕਿ ਉਨ੍ਹਾਂ ਵਿੱਚ ਸਰੀਰਕ ਤਾਕਤ ਜ਼ਿਆਦਾ ਹੈ ਪਰ ਔਰਤਾਂ ਉਹ ਪ੍ਰਦਰਸ਼ਨ ਕਰਦੀਆਂ ਹਨ ਜੋ ਜੀਵ-ਵਿਗਿਆਨਕ ਅੰਤਰਾਂ ਕਾਰਨ ਪੁਰਸ਼ ਕਦੇ ਵੀ ਨਹੀਂ ਕਰ ਸਕਦੇ।



*"ਇਹ ਬਹੁਤ ਜ਼ਰੂਰੀ ਹੈ ਕਿ ਨਰ ਅਤੇ ਮਾਦਾ ਬੱਚੇ ਦੋਵਾਂ ਨੂੰ ਬਰਾਬਰ ਸਮਝਿਆ ਜਾਵੇ। ਲੜਕਿਆਂ ਨੂੰ ਛੋਟੀ ਉਮਰ ਤੋਂ ਹੀ ਸਮਝਾਇਆ ਜਾਣਾ ਚਾਹੀਦਾ ਹੈ ਕਿ ਉਹ ਆਪਣੀਆਂ ਸਖੀਆਂ ਅਤੇ ਨਜ਼ਦੀਕੀ ਦੇ ਰਿਸ਼ਤੇ ਦੀਆਂ ਭੈਣਾਂ ਅਤੇ ਸਮਾਜ ਦੀਆਂ ਹੋਰ ਕੁੜੀਆਂ ਦਾ ਸਤਿਕਾਰ ਕਰਨ। ਆਕ੍ਰਮਕਤਾ ਦਿਖਾਉਣ ਵਾਲਾ ਕੋਈ ਵੀ ਲੜਕਾ ਸ਼ੁਰੂ ਤੋਂ ਹੀ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਇਹ ਕਿਸੇ ਵੀ ਵਿਅਕਤੀ ਪ੍ਰਤੀ ਉਸ ਦਾ ਆਮ ਵਿਹਾਰ ਬਣ ਸਕਦਾ ਹੈ ਜਿਸ ਨੂੰ ਉਹ ਆਪਣੇ ਤੋਂ ਘਟੀਆ ਸਮਝਦਾ ਹੈ।*

*ਇਹ ਮਿੱਥ 'ਕਿ ਮੋਕਸ਼ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਨਰ ਬੱਚੇ ਨੂੰ ਚਿਤਾ ਜਗਾਉਣੀ ਚਾਹੀਦੀ ਹੈ' ਨੂੰ ਤੋੜਨਾ ਚਾਹੀਦਾ ਹੈ। ਵਿਆਹ ਦੀ ਸੰਸਥਾ ਨੂੰ ਦੋ ਪਰਿਵਾਰਾਂ ਦੇ ਮਿਲਣ ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ ਨਾ ਕਿ ਲੜਕੀ ਦੇ ਪਰਿਵਾਰ 'ਤੇ ਲਾੜੇ ਦੇ ਪਰਿਵਾਰ ਦੇ ਦਬਦਬੇ ਵਜੋਂ।"*

ਪਿਛਲੇ ਸਮੇਂ ਵਿੱਚ ਸਮਾਜਿਕ ਕੀਮਤਾਂ ਕਦਰਾਂ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਧਰਮ, ਜੋ ਸਮਾਜ ਵਿੱਚ ਕਦਰਾਂ-ਕੀਮਤਾਂ ਨੂੰ ਸਿਰਜਣ ਲਈ ਮਾਰਗ ਦਰਸ਼ਕ ਹੁੰਦਾ ਸੀ, ਹੁਣ ਵਪਾਰਕ ਅਖਾੜੇ ਵਿੱਚ ਬਦਲ ਗਿਆ ਹੈ। ਔਰਤਾਂ ਨੂੰ ਕਈ ਥਾਵਾਂ 'ਤੇ ਪ੍ਰਾਰਥਨਾ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਇਹ ਸਾਰੇ ਧਰਮਾਂ ਲਈ ਸੱਚ ਹੈ। ਉਨ੍ਹਾਂ ਨੂੰ ਕੁਝ ਮੰਦਰਾਂ ਵਿੱਚ ਗ਼ੈਰ ਵਿਗਿਆਨਕ ਬੇਤੁਕੇ ਆਧਾਰਾਂ 'ਤੇ ਦਾਖਲ ਹੋਣ ਦੀ ਮਨਾਹੀ ਹੈ। ਅਜਿਹੀ ਮਾਨਸਿਕਤਾ ਨਾ ਸਿਰਫ਼ ਔਰਤਾਂ ਵਿਰੋਧੀ ਹੈ ਸਗੋਂ ਇਹ ਸਮਾਜ ਦੇ ਸਾਰੇ ਕਮਜ਼ੋਰ ਵਰਗਾਂ ਪ੍ਰਤੀ ਵਿਰੋਧੀ ਭਾਵਨਾ ਪੈਦਾ ਕਰਦੀ ਹੈ।

ਸਾਡੇ ਦੇਸ਼ ਵਿੱਚ 'ਕ੍ਰੋਨੀ ਪੂੰਜੀਵਾਦ' ਦੇ ਉਭਾਰ ਨੇ ਪੈਸੇ ਦੀ ਪਾਗਲ ਦੌੜ ਨੂੰ ਜਨਮ ਦਿੱਤਾ ਹੈ ਜਿਸ ਨੇ ਇਸ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। ਵਿਡੰਬਨਾ ਇਹ ਹੈ ਕਿ ਅੱਜਕੱਲ੍ਹ ਸਿਆਸੀ ਢਾਂਚਾ ਇਨ੍ਹਾਂ ਕ੍ਰੋਨੀ ਪੂੰਜੀਪਤੀਆਂ ਦੇ ਕੰਟਰੋਲ ਵਿੱਚ ਹੈ। ਅਜਿਹੇ ਮਾਮਲਿਆਂ ਵਿੱਚ ਸਿਆਸੀ ਢਾਂਚੇ ਦੀ ਇੱਕ ਸ਼ਕਤੀਸ਼ਾਲੀ ਭੂਮਿਕਾ ਹੁੰਦੀ ਹੈ। ਅਜਿਹੀਆਂ ਕਈ ਉਦਾਹਰਣਾਂ ਹਨ ਜਦੋਂ ਬਲਾਤਕਾਰੀਆਂ ਅਤੇ ਕਾਤਲਾਂ ਸਮੇਤ ਅਪਰਾਧਿਕ ਤੱਤਾਂ ਨੂੰ ਰਾਜਨੀਤਿਕ ਸ਼ਕਤੀਆਂ ਦੁਆਰਾ ਸ਼ਹਿ ਦਿੱਤੀ ਗਈ ਹੈ। ਫਿਰ ਅਸੀਂ ਤਬਦੀਲੀ ਦੀ ਉਮੀਦ ਕਿਵੇਂ ਕਰ ਸਕਦੇ ਹਾਂ, ਜਦੋਂ ਪੀੜਤ ਕਿਸੇ ਹੋਰ ਸਮਾਜ ਜਾਂ ਅਖੌਤੀ ਨੀਵੀਂ ਜਾਤ ਦਾ ਹੋਵੇ ਤਾਂ ਕੇਸ ਦੀ ਜਾਂਚ ਵਿੱਚ ਵੀ ਪੱਖਪਾਤ ਸਾਫ਼ ਨਜ਼ਰ ਆਉਂਦਾ ਹੈ। ਮਨੀਪੁਰ ਵਿੱਚ ਔਰਤਾਂ ਵਿਰੁੱਧ ਅਤਿਅੰਤ ਜਿਨਸੀ ਹਿੰਸਾ ਪ੍ਰਤੀ ਸਰਕਾਰ ਦੀ ਉਦਾਸੀਨਤਾ ਆਪਣੇ ਆਪ ਨੂੰ ਬਿਆਨ ਕਰਦੀ ਹੈ। ਇਹ ਮੰਦਭਾਗਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਹਮੇਸ਼ਾ 'ਬੇਟੀ ਬਚਾਓ ਬੇਟੀ ਪੜ੍ਹਾਓ' ਦੀ ਗੱਲ ਕਰਦੇ ਹਨ, ਨੇ ਇੱਕ ਵਾਰ ਵੀ ਇਨ੍ਹਾਂ ਘਟਨਾਵਾਂ ਦੀ ਨਿਖੇਧੀ ਨਹੀਂ ਕੀਤੀ ਤੇ ਨਾ ਹੀ ਲੋਕਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਸੂਬੇ ਦਾ ਦੌਰਾ ਕਰਨ ਦੀ ਖੇਚਲ ਕੀਤੀ। ਸਾਨੂੰ ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕਾਨੂੰਨ ਦੀ ਲੋੜ ਹੈ। ਕੰਮ ਵਾਲੀ ਥਾਂ 'ਤੇ ਔਰਤਾਂ ਦੀ ਸੁਰੱਖਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਯਕੀਨੀ ਬਣਾਉਣ ਦੀ ਲੋੜ ਹੈ। ਇੱਕ ਸਿਹਤ ਕਰਮਚਾਰੀ ਨੂੰ ਅਜੀਬ ਤੇ ਔਕੜ ਭਰੇ ਹਾਲਾਤ ਵਿੱਚ ਵੀ ਦਿਨ ਰਾਤ ਕੰਮ ਕਰਨਾ ਪੈਂਦਾ ਹੈ। ਇਸ ਲਈ ਉਨ੍ਹਾਂ ਦੀ ਸੁਰੱਖਿਆ ਦੇ ਨਾਲ ਜੁੜੇ ਮਸਲੇ ਨੂੰ ਤੁਰੰਤ ਵਿਚਾਰਨ ਦੀ ਲੋੜ ਹੈ। ਜਿਨਸੀ ਸ਼ੋਸ਼ਣ ਕਮੇਟੀਆਂ ਬਣਾਉਣ ਵਰਗੇ ਪਹਿਲਾਂ ਤੋਂ ਹੀ ਮੌਜੂਦਾ ਕਾਨੂੰਨਾਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

ਸਿਵਲ ਸੁਸਾਇਟੀ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਪਵੇਗਾ। ਸਾਨੂੰ ਇੱਕ-ਦੂਜੇ ਦੇ ਨਾਲ ਖੜ੍ਹੇ ਹੋ ਕੇ ਇੱਕ ਦੂਸਰੇ ਦੇ ਮੁੱਦਿਆਂ ਨੂੰ ਸਮਝਣਾ ਹੋਵੇਗਾ ਅਤੇ ਸਮਾਜ ਵਿੱਚ ਖ਼ਾਸ ਤੌਰ 'ਤੇ ਕਮਜ਼ੋਰ ਅਤੇ ਹਾਸ਼ੀਏ 'ਤੇ ਪਏ ਵਰਗਾਂ ਦਾ ਸਮਰਥਨ ਕਰਨਾ ਹੋਵੇਗਾ।

ਇਹ ਬਹੁਤ ਜ਼ਰੂਰੀ ਹੈ ਕਿ ਨਰ ਅਤੇ ਮਾਦਾ ਬੱਚੇ ਦੋਵਾਂ ਨੂੰ ਬਰਾਬਰ ਸਮਝਿਆ ਜਾਵੇ। ਲੜਕਿਆਂ ਨੂੰ ਛੋਟੀ ਉਮਰ ਤੋਂ ਹੀ ਸਮਝਾਇਆ ਜਾਣਾ ਚਾਹੀਦਾ ਹੈ ਕਿ ਉਹ ਆਪਣੀਆਂ ਸਖੀਆਂ ਅਤੇ ਨਜ਼ਦੀਕੀ ਦੇ ਰਿਸ਼ਤੇ ਦੀਆਂ ਭੈਣਾਂ ਅਤੇ ਸਮਾਜ ਦੀਆਂ ਹੋਰ ਕੁੜੀਆਂ ਦਾ ਸਤਿਕਾਰ ਕਰਨ। ਆਕ੍ਰਮਕਤਾ ਦਿਖਾਉਣ ਵਾਲਾ ਕੋਈ ਵੀ ਲੜਕਾ ਸ਼ੁਰੂ ਤੋਂ ਹੀ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਇਹ ਕਿਸੇ ਵੀ ਵਿਅਕਤੀ ਪ੍ਰਤੀ ਉਸ ਦਾ ਆਮ ਵਿਹਾਰ ਬਣ ਸਕਦਾ ਹੈ ਜਿਸ ਨੂੰ ਉਹ ਆਪਣੇ ਤੋਂ ਘਟੀਆ ਸਮਝਦਾ ਹੈ।

ਇਹ ਮਿੱਥ 'ਕਿ ਮੋਕਸ਼ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਨਰ ਬੱਚੇ ਨੂੰ ਚਿਤਾ ਜਗਾਉਣੀ ਚਾਹੀਦੀ ਹੈ' ਨੂੰ ਤੋੜਨਾ ਚਾਹੀਦਾ ਹੈ। ਵਿਆਹ ਦੀ ਸੰਸਥਾ ਨੂੰ ਦੋ ਪਰਿਵਾਰਾਂ ਦੇ ਮਿਲਣ ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ ਨਾ ਕਿ ਲੜਕੀ ਦੇ ਪਰਿਵਾਰ 'ਤੇ ਲਾੜੇ ਦੇ ਪਰਿਵਾਰ ਦੇ ਦਬਦਬੇ ਵਜੋਂ।

ਇਹ ਸਭ ਤੋਂ ਵੱਧ ਮਹੱਤਵਪੂਰਨ ਹੈ ਕਿ ਸਮਾਜ ਘਰ ਤੋਂ ਲੈ ਕੇ ਵਿਧਾਨਪਾਲਿਕਾ, ਪੁਲੀਸ ਅਤੇ ਰਾਜਨੀਤੀ ਤੱਕ ਸਾਰੇ ਖੇਤਰਾਂ ਵਿੱਚ ਪਿਤਰਵਾਦੀ ਸੋਚ ਨੂੰ ਦੂਰ ਕਰਨ ਲਈ ਸੰਵੇਦਨਸ਼ੀਲ ਹੋਵੇ। ਜਗੀਰੂ ਸੋਚ ਨੂੰ ਰੱਦ ਕਰਨਾ ਹੋਵੇਗਾ। ਇਸ ਸਭ ਲਈ ਸਾਨੂੰ ਸਮਾਜਿਕ-ਰਾਜਨੀਤਕ ਲਹਿਰਾਂ ਦੀ ਲੋੜ ਹੈ।

ਸਮਾਜ ਵਿੱਚ ਖ਼ਾਸ ਤੌਰ 'ਤੇ ਡਾਕਟਰੀ ਪੇਸ਼ੇਵਰਾਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਉਨ੍ਹਾਂ ਦੀ ਸੁਰੱਖਿਆ ਅਤੇ ਸਿਹਤ ਪੇਸ਼ੇਵਰਾਂ ਵਿਰੁੱਧ ਹਿੰਸਾ ਦੀ ਰੋਕਥਾਮ ਲਈ ਤੁਰੰਤ ਉਪਾਅ ਤੇ ਕਾਨੂੰਨ ਕੇਂਦਰ ਸਰਕਾਰ ਦੇ ਪੱਧਰ 'ਤੇ ਲਾਗੂ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਲੋਕਾਂ ਵਿੱਚ ਪ੍ਰਸ਼ਾਸਨ ਤੇ ਸਰਕਾਰ ਪ੍ਰਤੀ ਵਿਸ਼ਵਾਸ ਪੈਦਾ ਹੋਵੇ। ਅਜਿਹਾ ਕਰਨ ਵਿੱਚ ਸਰਕਾਰ ਦੀ ਝਿਜਕ ਗ਼ਲਤ ਸੰਕੇਤ ਭੇਜ ਰਹੀ ਹੈ।


DHESI MEAT SHOP

SERVING THE COMMUNITY FOR OVER 16 YEARS.



FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.

NOW SERVING IN 3 LOCATIONS

King George Blvd (Bear Creek) 106-13588-88 Avenue Surrey, BC V3W 3K8, 604-501-2277

Fleetwood Location : 104-15933 Fraser Hwy, Surrey, BC V4N 0Y3, 604-593-5222

Sullivan Heights : #102 - 14330 - 64 Ave Surrey, BC, 604-503-2880

SIDHU BROTHERS
ACCOUNTING SERVICE LTD.

- PAYROLL - PERSONAL INCOME TAX - CORPORATE INCOME TAX - GST/HST/WCB

We Also Provide Service to get Transport Authority (NSC#, DOT#, MC#, Single State Registration)

WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com

TEL : 604-502-9988 FAX : 604-501-9900
Address : 12633-67B Ave. Surrey, BC V3W 1G2

ਲੇਖਕ : ਬਲਬੀਰ ਸਿੰਘ ਰਾਜੇਵਾਲ

# ਡੁੱਬ ਰਿਹਾ ਹੈ ਪੰਜਾਬ



ਪੰਜਾਬ ਇਸ ਵੇਲੇ ਅਤਿ ਨਾਜ਼ੁਕ ਦੌਰ 'ਚੋਂ ਲੰਘ ਰਿਹਾ ਹੈ। ਪੰਜਾਬ ਦੀ ਆਰਥਿਕ ਸਥਿਤੀ ਬੇਹੱਦ ਡਾਵਾਂਡੋਲ ਹੈ। ਸਰਕਾਰ ਹਰ ਮਹੀਨੇ 3 ਤੋਂ 4 ਕਰੋੜ ਕਰਜ਼ਾ ਲੈ ਕੇ ਦਿਨ ਟਪਾ ਰਹੀ ਹੈ।

ਸਰਕਾਰ ਕੋਲ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ। ਜਿਸ ਹਿਸਾਬ ਨਾਲ ਪੰਜਾਬ ਸਿਰ ਕਰਜ਼ਾ ਵਧ ਰਿਹਾ ਹੈ, 2027 ਵਿਚ ਨਵੀਂ ਚੁਣੀ ਜਾਣ ਵਾਲੀ ਸਰਕਾਰ ਲਈ ਸਰਕਾਰ ਚਲਾਉਣਾ ਬਹੁਤ ਵੱਡੀ ਚੁਣੌਤੀ ਹੋਵੇਗੀ। ਉਸ ਵੇਲੇ ਸਰਕਾਰ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਵਿਆਜ ਵੀ ਬਹੁਤ ਔਖੀ ਹੋ ਕੇ ਮੋੜਿਆ ਕਰੇਗੀ। ਵਿਕਾਸ ਗ਼ਾਇਬ ਹੋ ਜਾਵੇਗਾ।

ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਹੀ ਡਾਵਾਂਡੋਲ ਹੈ। ਸਾਡੀ ਆਪਸੀ ਸਾਂਝ ਟੁੱਟ ਰਹੀ ਹੈ। ਰਿਸ਼ਤੇ ਡਾਵਾਂਡੋਲ ਹਨ। ਨਵੀਂ ਪੀੜ੍ਹੀ ਨੂੰ ਪੰਜਾਬ 'ਚ ਆਪਣਾ ਭਵਿੱਖ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ। ਸਾਰੇ ਵਿਦੇਸ਼ਾਂ ਨੂੰ ਉਡਾਰੀਆਂ ਮਾਰ ਰਹੇ ਹਨ। ਜਵਾਨੀ ਦੀਆਂ ਇਨ੍ਹਾਂ ਉਡਾਰੀਆਂ ਕਾਰਨ ਪਿੰਡ ਖਾਲੀ ਹੋ ਰਹੇ ਹਨ। ਪਿੱਛੇ ਬੁੱਢੇ ਰਹਿ ਗਏ ਹਨ। ਭਵਿੱਖ ਵਿਚ ਬੁੱਢਿਆਂ ਦੀ ਦੇਖਭਾਲ ਦਾ ਮਸਲਾ ਵੀ ਖੜ੍ਹਾ ਹੋ ਜਾਵੇਗਾ। ਪੰਜਾਬੀਆਂ ਲਈ ਰਾਜਸਥਾਨ, ਜੰਮੂ-ਕਸ਼ਮੀਰ ਅਤੇ ਹਿਮਾਚਲ ਵਰਗੇ ਸੂਬਿਆਂ ਵਿਚ ਘਰ ਜਾਂ ਹੋਰ ਕੋਈ ਵੀ ਜਾਇਦਾਦ ਖਰੀਦਣ ਦੀ ਮਨਾਹੀ ਹੈ। ਪੰਜਾਬੋਂ ਬਾਹਰਲੇ ਕੋਈ ਵੀ ਲੋਕ ਪੰਜਾਬ ਆ ਕੇ ਘਰ ਅਤੇ ਜਾਇਦਾਦ ਖਰੀਦ ਸਕਦੇ ਹਨ। ਵੱਡੀ ਗਿਣਤੀ 'ਚ ਪ੍ਰਵਾਸੀ ਆ ਕੇ ਪੰਜਾਬ 'ਚ ਵੱਸ ਰਹੇ ਹਨ। ਮੂਲ ਪੰਜਾਬ ਵਾਸੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਬੜੀ ਤੇਜ਼ੀ ਨਾਲ ਪੰਜਾਬ ਦਾ ਸਵਰੂਪ ਅਤੇ ਸਮਾਜਿਕ ਤਾਣਾ-ਬਾਣਾ ਬਦਲ ਰਿਹਾ ਹੈ। ਇਹੋ ਹਾਲ ਰਿਹਾ ਤਾਂ ਵੱਧ ਤੋਂ ਵੱਧ 10 ਸਾਲ ਬਾਅਦ ਪੰਜਾਬ ਅਤੇ ਅਸਲੀ ਪੰਜਾਬੀਅਤ ਅਲੋਪ ਹੋਈ ਦਿਸੇਗੀ।

ਕਿਸੇ ਵੇਲੇ ਭਾਰਤ ਦੇ ਹਰ ਰਾਜ ਵਿਚ ਵੱਡੀਆਂ ਸਰਕਾਰੀ ਸੇਵਾਵਾਂ 'ਚ ਪੰਜਾਬੀਆਂ ਦਾ ਵੱਡਾ ਹਿੱਸਾ ਹੁੰਦਾ ਸੀ। ਅੱਜ ਪੰਜਾਬ ਦੀ ਅਧੋਗਤੀ ਇਹ ਹੈ ਕਿ ਪੰਜਾਬ 'ਚ ਹੀ ਅੱਧੋਂ ਵੱਧ ਵੱਡੀਆਂ ਸੇਵਾਵਾਂ ਉੱਤੇ ਪੰਜਾਬੋਂ ਬਾਹਰਲੇ ਅਧਿਕਾਰੀ ਤਾਇਨਾਤ ਹਨ। ਇਸ ਦਾ ਇਹ ਅਰਥ ਨਹੀਂ ਕਿ ਪੰਜਾਬੀ ਬੌਧਿਕ ਪੱਖੋਂ ਕਿਸੇ ਤੋਂ ਘੱਟ ਹਨ। ਅਸਲ ਵਿਚ ਅਜਿਹੀ ਹਵਾ ਵਗੀ ਹੈ ਕਿ ਨਵੀਂ ਪੀੜ੍ਹੀ ਹੀ ਨਹੀਂ, ਮਾਪਿਆਂ ਨੂੰ ਵੀ ਆਪਣੇ ਹੋਣਹਾਰ ਬੱਚਿਆਂ ਦਾ ਭਵਿੱਖ ਪੰਜਾਬ 'ਚ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ। ਮਾਪੇ ਖੁਦ ਆਪਣੇ ਬੱਚਿਆਂ ਨੂੰ ਵਿਦੇਸ਼ੀਂ ਭੇਜ ਕੇ ਖੁਸ਼ ਅਤੇ ਸੰਤੁਸ਼ਟ ਦਿਖਾਈ ਦਿੰਦੇ ਹਨ। ਇੰਜ ਜਾਪਦਾ ਹੈ ਕਿ ਜਿਵੇਂ ਪੰਜਾਬੀਆਂ ਦਾ ਸਾਡੇ ਸਿਸਟਮ ਤੋਂ ਹੀ ਵਿਸ਼ਵਾਸ਼ ਉਠ ਗਿਆ ਹੋਵੇ। ਪੰਜਾਬੀਆਂ ਨੇ ਸਾਰੀ ਦੁਨੀਆ ਵਿਚ ਮੱਲਾਂ ਮਾਰੀਆਂ ਹਨ। ਵਿਦੇਸ਼ਾਂ 'ਚ ਆਪਣੀ ਵੱਖਰੀ ਥਾਂ ਅਤੇ ਪੈਂਠ ਬਣਾਈ ਹੈ। ਪੰਜਾਬੀ ਜਿੱਥੇ ਵੀ ਗਏ, ਆਪਣਾ ਵਿਰਸਾ ਨਾਲ ਲੈ ਕੇ ਗਏ। ਇਸ ਅਮੀਰ ਵਿਰਸੇ ਨਾਲ ਅੱਜ ਪੰਜਾਬੀ ਹਰ ਦੇਸ਼ 'ਚ ਚਮਕਦੇ ਸਿਤਾਰੇ ਦੇ ਵਾਂਗ ਨਜ਼ਰ ਆਉਂਦੇ ਹਨ।

ਸਾਡੀ ਨਵੀਂ ਪੀੜ੍ਹੀ ਦਾ ਵੱਡਾ ਹਿੱਸਾ ਵਿਦੇਸ਼ਾਂ ਵੱਲ ਭੱਜਾ ਜਾ ਰਿਹਾ ਹੈ। ਬਾਕੀ ਰਹਿੰਦਿਆਂ 'ਚੋਂ ਕੁਝ ਜਾਂ ਤਾਂ ਨਸ਼ੇੜੀ ਹੋ ਰਹੇ ਹਨ ਜਾਂ ਇਸ ਨਿਰਾਸ਼ਤਾ ਕਾਰਨ ਲੁੱਟਾਂ-ਖੋਹਾਂ, ਚੋਰੀਆਂ-ਚਕਾਰੀਆਂ, ਡਕੈਤੀਆਂ ਵੀ ਕਰਨ ਲੱਗੇ ਹਨ। ਪਤਾ ਨਹੀਂ ਕੀ ਹਵਾ ਵਗੀ ਹੈ, ਆਪਣੇ ਪੰਜਾਬ 'ਚ ਸਾਡੇ ਨੌਜਵਾਨ ਕੱਪੜੇ ਲਿਬੇੜਨ ਵਾਲਾ ਕੋਈ ਵੀ ਕੰਮ ਕਰਨ ਲਈ ਤਿਆਰ ਨਹੀਂ। ਵਿਦੇਸ਼ਾਂ 'ਚ ਹਰ ਕੰਮ ਭੱਜ-ਭੱਜ ਕੇ ਕਰਦੇ ਹਨ। ਇਥੇ ਸਾਰੇ ਚਿੱਟ ਕੱਪੜੀਏ ਸਰਕਾਰੀ ਨੌਕਰ ਬਣਨਾ ਚਾਹੁੰਦੇ ਹਨ।

ਅਸੀਂ ਖੁਦ ਵੀ ਬੱਚਿਆਂ ਨੂੰ ਕੰਮ ਸਭਿਆਚਾਰ ਤੋਂ ਦੂਰ ਭੱਜਣ ਲਈ ਤਿਆਰ ਕਰਨ ਦੇ ਜ਼ਿੰਮੇਵਾਰ ਹਾਂ। ਆਮ ਦੇਖਣ 'ਚ ਮਿਲਦਾ ਹੈ ਕਿ ਜਦੋਂ ਮਾਪੇ ਬੱਚਿਆਂ ਨੂੰ ਆਖਦੇ ਹਨ, 'ਪੜ੍ਹ ਲੈ ਪੜ੍ਹ ਲੈ, ਕੁਝ ਬਣ ਜਾਵੇਂਗਾ, ਨਹੀਂ ਤਾਂ ਬਾਪੂ ਵਾਂਗ ਖੇਤੀ ਵਿਚ ਹੀ ਧੰਦ ਪਿੱਟਣਾ ਪਊ।' ਜਿਵੇਂ ਖੇਤੀ ਬਹੁਤ ਘਟੀਆ ਕੰਮ ਹੋਵੇ। ਕੁਝ ਤਾਂ ਪਰਿਵਾਰਕ ਵੰਡੀਆਂ ਕਾਰਨ ਜ਼ਮੀਨਾਂ ਦੀ ਮਾਲਕੀ ਛੋਟੀ ਹੋ ਗਈ, ਉੱਤੋਂ ਅਜਿਹਾ ਖੇਤੀ ਵਿਰੋਧੀ ਪ੍ਰਚਾਰ। ਹਰ ਕੋਈ ਆਪਣੇ ਤੋਂ ਵੱਡੇ ਵੱਲ ਦੇਖਦਾ ਹੈ, ਆਪਣੇ ਤੋਂ ਛੋਟੇ ਵੱਲ ਤਾਂ ਝਾਕਦਾ ਹੀ ਨਹੀਂ। ਅੱਜ ਪੰਜਾਬ ਦੇ ਕਿਸਾਨ ਪਰਿਵਾਰਾਂ 'ਚ ਘੱਟੋ-ਘੱਟ ਅੱਧੇ ਪਰਿਵਾਰਾਂ ਦੇ ਬੱਚੇ ਖੇਤੀ ਤੋਂ ਦੂਰ ਭੱਜ ਰਹੇ ਹਨ। ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋਈ ਹੈ। ਕਾਨੂੰਨ ਵਿਵਸਥਾ ਨਾਂਅ ਦੀ ਕੋਈ ਚੀਜ਼ ਨਹੀਂ। ਹਰ ਰੋਜ਼ ਗੋਲੀਆਂ ਚੱਲਦੀਆਂ ਹਨ, ਕਤਲ ਹੁੰਦੇ ਹਨ। ਫਿਰੌਤੀਆਂ ਸ਼ਰੇਆਮ ਮੰਗੀਆਂ ਜਾ ਰਹੀਆਂ ਹਨ। ਹਰ ਰੋਜ਼ ਜਬਰ ਜਨਾਹ ਹੋ ਰਹੇ ਹਨ। ਬਹੁਤੇ ਕੇਸਾਂ ਵਿਚ ਚੁੱਪ-ਚਪੀਤੇ ਇਹ ਜ਼ਹਿਰ ਪੀ ਕੇ ਪੀੜਤ ਲੋਕ ਆਪਣੀ ਗ਼ਰੀਬੀ ਨੂੰ ਕੋਸ ਲੈਂਦੇ ਹਨ। ਚੋਣਾਂ ਤੋਂ ਬਾਅਦ ਰਾਜ ਦੀ ਸਥਿਤੀ ਨੂੰ ਸੁਧਾਰਨ ਲਈ ਕੋਈ ਕੁਝ ਨਹੀਂ ਕਰਦਾ। ਸਭ ਕੁਝ ਬਿਆਨਾਂ ਤੱਕ ਸੀਮਤ ਹੋ ਜਾਂਦਾ ਹੈ।

ਇਕ ਫੋਨ ਉੱਤੇ ਨਸ਼ਾ ਪੁੱਜ ਜਾਂਦਾ ਹੈ। ਨਸ਼ੇ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਨਹੀਂ ਵਿਕ ਸਕਦੇ। ਵਿਰੋਧੀ ਪਾਰਟੀਆਂ ਵੀ ਬਿਆਨਾਂ ਤੱਕ ਸੀਮਤ ਹਨ। ਹਮਾਮ ਵਿਚ ਸਾਰੇ ਨੰਗੇ ਹਨ।

ਲੋਕਾਂ ਦੇ ਧਾਰਮਿਕ ਵਖਰੇਵੇਂ ਵੀ ਹਨ। ਰਾਜਸੀ ਲੋਕ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਵੀ ਆਪਣੀ ਰਾਜਨੀਤੀ ਕਰਦੇ ਹਨ। ਧਾਰਮਿਕ ਬੇਅਦਬੀਆਂ ਵੀ ਇਕ ਕੋਝੀ ਚਾਲ ਜਾਪਦੀਆਂ ਹਨ, ਇਸ ਕਾਰਨ ਪੰਜਾਬ ਵਿਚ ਅਮਨ-ਕਾਨੂੰਨ ਖ਼ਤਰੇ ਵਿਚ ਪੈ ਜਾਂਦਾ ਹੈ। ਸਰਕਾਰ ਭਾਵੇਂ ਕੇਂਦਰ ਦੀ ਹੋਵੇ ਜਾਂ ਪੰਜਾਬ ਦੀ, ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਉਣਾ ਵੀ ਅੱਜ ਦੀ ਵਿਗੜੀ ਦਸ਼ਾ ਲਈ ਜ਼ਿੰਮੇਵਾਰ ਹੈ। ਸ੍ਰੀ ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਸੀ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨੋ।' ਅੱਜ ਅਸੀਂ ਇਸ ਨੂੰ ਅਪਣਾ ਨਹੀਂ ਸਕੇ। ਰਾਜਸੀ ਲੋਕ ਵੋਟਾਂ ਸਮੇਂ ਧਰਮ ਅਤੇ ਜਾਤੀ ਵਖਰੇਵੇਂ ਖੜ੍ਹੇ ਕਰ ਕੇ ਲਾਹਾ ਲੈਂਦੇ ਰਹੇ ਹਨ।

ਪੰਜਾਬ 'ਚ ਸਿਹਤ ਸੇਵਾਵਾਂ ਦਾ ਵੀ ਬੁਰਾ ਹਾਲ ਹੈ। ਲੋਕਾਂ ਨੂੰ ਮੂਰਖ ਬਨਾਉਣ ਲਈ ਹਰ ਸਰਕਾਰ ਸਿਹਤ ਸੇਵਾਵਾਂ ਦਾ ਨਾਂਅ ਅਤੇ ਦਿੱਖ ਬਦਲ ਕੇ ਬੁੱਤਾ ਸਾਰਦੀ ਰਹੀ ਹੈ। ਸਰਕਾਰ ਜੋ ਮਰਜ਼ੀ ਆਖੇ, ਪਰ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਦੀ ਕਿਸੇ ਨੂੰ ਚਿੰਤਾ ਨਹੀਂ। ਮਾੜੀ-ਮੋਟੀ ਬਿਮਾਰੀ ਲਈ ਤਾਂ ਭਾਵੇਂ ਸਰਕਾਰੀਤੰਤਰ ਸੇਵਾਵਾਂ ਦੇਣ ਦੇ ਦਮਗਜੇ ਮਾਰੀ ਜਾਵੇ। ਕਿਸੇ ਗੰਭੀਰ ਬਿਮਾਰੀ ਦਾ ਕਿਸੇ ਵੀ ਸਰਕਾਰੀਤੰਤਰ ਵਿਚ ਇਲਾਜ ਨਹੀਂ। ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ 'ਚ ਜਾਣਾ ਪੈਂਦਾ ਹੈ। ਪ੍ਰਾਈਵੇਟ ਹਸਪਤਾਲਾਂ 'ਚ ਇਲਾਜ ਕਰਵਾਉਣਾ ਹਰ ਕਿਸੇ ਦੇ ਵੱਸ ਦਾ ਰੋਗ ਨਹੀਂ। ਜੇ ਕੋਈ ਪ੍ਰਾਈਵੇਟ ਹਸਪਤਾਲਾਂ ਦੇ ਗੇੜ ਵਿਚ ਫਸ ਜਾਵੇ, ਬੱਸ ਫਿਰ ਰੱਬ ਹੀ ਰਾਖਾ। ਮਰੀਜ਼ ਭਾਵੇਂ ਬਚ ਜਾਵੇ, ਪਰ ਪਰਿਵਾਰ ਸਾਲਾਂ ਬੱਧੀ ਇਲਾਜ ਦੇ ਖਰਚੇ ਦਾ ਕਰਜ਼ਾ ਚੁਕਾਉਂਦਾ ਥੱਕ ਜਾਂਦਾ ਹੈ। ਕਿਸੇ ਵੇਲੇ ਲੋਕ ਡਾਕਟਰ ਨੂੰ ਰੱਬ ਦਾ ਦੂਜਾ ਰੂਪ ਕਿਹਾ ਕਰਦੇ ਸਨ। ਅੱਜ ਹਾਲਾਤ ਇਹ ਹੈ ਕਿ ਪ੍ਰਾਈਵੇਟ ਹਸਪਤਾਲਾਂ ਦੇ ਮਾਲਕ ਡਾਕਟਰਾਂ ਨੂੰ ਕਮਾਈ ਲਈ ਟੀਚਾ ਦਿੰਦੇ ਹਨ। ਮਰੀਜ਼ ਨੂੰ ਵੈਂਟੀਲੇਟਰ ਉੱਤੇ ਲਾ ਕੇ ਹੀ ਪੈਸੇ ਬਣਾਏ ਜਾਂਦੇ ਹਨ।

ਪੰਜਾਬ ਵਿਚ ਵਿੱਦਿਆ ਦਾ ਲਗਾਤਾਰ ਭੱਠਾ ਬਿਠਾਇਆ ਜਾ ਰਿਹਾ ਹੈ। ਕੋਈ ਮਿਆਰ ਹੀ ਨਹੀਂ। ਤੰਗ ਆ ਕੇ ਲੋਕੀ ਆਪਣੇ ਬੱਚੇ ਮਹਿੰਗੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਂਦੇ ਹਨ। ਪੰਜਾਬ ਵਿਚ ਕਿਤੇ ਅਜਿਹੀ ਮਿਸਾਲ ਨਹੀਂ ਮਿਲਦੀ, ਜਿੱਥੇ ਕੋਈ ਸਰਕਾਰੀ ਅਧਿਕਾਰੀ ਜਾਂ ਸਕੂਲ ਦਾ ਅਧਿਆਪਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿਚ ਪੜ੍ਹਾਉਂਦਾ ਹੋਵੇ। ਇਕਾ-ਦੁੱਕਾ ਛੱਡ ਕੇ 99 ਪ੍ਰਤੀਸ਼ਤ ਅਧਿਕਾਰੀ ਅਤੇ ਅਧਿਆਪਕਾਂ ਦੇ ਬੱਚੇ ਪ੍ਰਾਈਵੇਟ ਸਕੂਲਾਂ 'ਚ ਪੜ੍ਹਦੇ ਹਨ। ਪੰਜਾਬ ਸਰਕਾਰ ਨੇ ਕੇਂਦਰ ਅੱਗੇ ਹਥਿਆਰ ਸੁੱਟ ਦਿੱਤੇ ਹਨ। ਸਾਡੇ ਬੱਚਿਆਂ ਦੀ ਪੜ੍ਹਾਈ 'ਚੋਂ ਮੁਗ਼ਲ ਕਾਲ ਦਾ ਇਤਿਹਾਸ ਹੀ ਗ਼ਾਇਬ ਕਰ ਦਿੱਤਾ। ਇਸੇ ਕਾਲ 'ਚ ਹੀ ਤਾਂ ਸਿੱਖਾਂ ਦਾ ਲਾਸਾਨੀ ਕੁਰਬਾਨੀਆਂ ਦਾ ਇਤਿਹਾਸ ਰਚਿਆ ਗਿਆ ਜੋ ਸਾਡੇ ਬੱਚਿਆਂ ਦੇ ਸਿਲੇਬਸ ਵਿਚੋਂ ਗ਼ਾਇਬ ਕਰਕੇ ਆਪਣੇ ਗੌਰਵਮਈ ਇਤਿਹਾਸ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਕੇਂਦਰੀ ਭਾਜਪਾਈ ਹੁਕਮਰਾਨ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਆਦਿ ਆਜ਼ਾਦੀ ਦੇ ਪਰਵਾਨਿਆਂ ਦਾ ਇਤਿਹਾਸ ਗ਼ਾਇਬ ਕਰ ਕੇ ਅੰਗਰੇਜ਼ ਤੋਂ ਮੁਆਫ਼ੀ ਮੰਗਣ ਵਾਲੇ ਸਾਵਰਕਰ ਵਰਗਿਆਂ ਨੂੰ ਹੀਰੋ ਬਣਾ ਕੇ ਪੇਸ਼ ਕਰ ਰਹੇ ਹਨ। ਪੰਜਾਬ ਵਿਚ ਸਰਕਾਰ ਹੀ ਸਨਅਤ ਦਾ ਭੱਠਾ ਬਿਠਾ ਰਹੀ ਹੈ। ਪੰਜਾਬ ਦੀ ਸਨਅਤ ਯੂ.ਪੀ. ਅਤੇ ਹਿਮਾਚਲ ਵੱਲ ਭੱਜ ਰਹੀ ਹੈ। ਸਾਡੇ ਮੁੱਖ ਮੰਤਰੀ ਨੇ ਕਿਤੇ ਸਰਕਾਰੀ ਜਹਾਜ਼ ਉੱਤੇ ਸੈਰ ਕਰਨ ਜਾਣਾ ਹੋਵੇ ਤਾਂ ਉਹ ਬੰਬਈ 'ਚ ਚਾਰ ਕਾਰਖਾਨੇਦਾਰਾਂ ਨਾਲ ਮੀਟਿੰਗ ਕਰਕੇ ਪੂੰਜੀ ਨਿਵੇਸ਼ ਲਿਆਉਣ ਦਾ ਡਰਾਮਾ ਕਰਦੇ ਹਨ। ਪੰਜਾਬ 'ਚ ਵਿੱਦਿਆ ਦਾ ਮਿਆਰ ਖਤਮ ਹੋ ਰਿਹਾ ਹੈ, ਆਪਣੇ ਚਹੇਤਿਆਂ ਨੂੰ ਸਿੰਗਾਪੁਰ ਦੀ ਸੈਰ ਜ਼ਰੂਰ ਕਰਵਾ ਦਿੱਤੀ ਜਾਂਦੀ ਹੈ। ਕਦੀ ਅਫ਼ਸਰਾਂ ਦੀ ਵੱਡੀ ਟੀਮ ਲੈ ਕੇ ਜਰਮਨੀ ਵਰਗੇ ਦੇਸ਼ਾਂ 'ਚ ਦੌਰਾ ਸ਼ੁਰੂ ਹੋ ਜਾਂਦਾ ਹੈ ਪਰ ਸਨਅਤ ਪੰਜਾਬ ਵੱਲ ਮੂੰਹ ਵੀ ਨਹੀਂ ਕਰਦੀ।

ਭ੍ਰਿਸ਼ਟਾਚਾਰ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਾਰੇ ਵਿਧਾਇਕ, ਮੰਤਰੀ-ਸੰਤਰੀ ਮਾਲ ਬਣਾਉਣ 'ਚ ਕੋਈ ਘੱਟ ਨਹੀਂ। ਲੋਕਾਂ ਦੇ ਮੁੱਦਿਆਂ ਉੱਤੇ ਕੋਈ ਪਕੜ ਨਹੀਂ। ਝੂਠ ਵੀ ਹੱਦਾਂ ਬੰਨ੍ਹੇ ਟੱਪ ਗਿਆ ਹੈ। ਲੋਕ ਬਦਲਾਅ ਅਤੇ ਇਨਕਲਾਬ ਦੇ ਨਾਅਰਿਆਂ ਤੋਂ ਤੰਗ ਆ ਗਏ ਹਨ। ਪੰਜਾਬ ਦਾ ਧਰਤੀ ਹੇਠਲਾ ਪਾਣੀ ਕੇਵਲ ਖਤਮ ਹੀ ਨਹੀਂ ਹੋ ਰਿਹਾ, ਸਗੋਂ ਪਿਛਲੇ ਇਜਲਾਸ ਦੌਰਾਨ ਪਾਰਲੀਮੈਂਟ 'ਚ ਰਾਜ ਸਭਾ ਐਮ.ਪੀ. ਸ੍ਰੀ ਸਾਹਨੀ ਦੇ ਸਵਾਲ ਦੇ ਜਵਾਬ ਵਿਚ ਕੇਂਦਰੀ ਮੰਤਰੀ ਨੇ ਪੰਜਾਬ ਦੀ ਜ਼ਿਲ੍ਹੇਵਾਰ ਰਿਪੋਰਟ 'ਚ ਕਿਹਾ ਕਿ ਸਾਰੇ ਪੰਜਾਬ ਦਾ ਪਾਣੀ ਕੈਂਸਰ ਅਤੇ ਕਾਲੇ ਪੀਲੀਏ ਦਾ ਮੁੱਖ ਸੋਮਾ ਹੀ ਨਹੀਂ, ਸਗੋਂ ਦੇਸ਼ ਦੀ ਪੰਜਾਬ ਦੀ ਰਾਜਧਾਨੀ ਬਣ ਗਿਆ ਹੈ। ਸਾਡੇ ਕੋਲ ਨਾ ਪੀਣ ਲਈ ਸਾਫ਼ ਪਾਣੀ ਹੈ, ਨਾ ਸਾਹ ਲੈਣ ਲਈ ਸਾਫ਼ ਹਵਾ। ਸਰਕਾਰ ਅਤੇ ਨਾ ਆਮ ਆਦਮੀ ਪਾਰਟੀ ਦੇ ਇਹ ਭਿਆਨਕ ਸਥਿਤੀ ਏਜੰਡੇ 'ਤੇ ਹੈ। ਪੰਜਾਬ ਡੁੱਬ ਰਿਹਾ ਹੈ, ਵਾਹਿਗੁਰੂ ਭਲੀ ਕਰੇ।

ਲੇਖਕ : ਮਹਿੰਦਰ ਸਿੰਘ ਦੋਸਾਂਝ
ਸੰਪਰਕ: 94632-33991

# ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਮੌਸਮ ਨਾਲ ਖਿਲਵਾੜ

ਪਾਣੀ ਜੀਵਨ ਦੀ ਜੋਤ ਨੂੰ ਜਗਦੀ ਰੱਖਣ ਲਈ ਤੇਲ ਦੇ ਸਮਾਨ ਹੈ। ਪਾਣੀ ਦਾ ਹੋਰ ਕੋਈ ਬਦਲ ਨਹੀਂ। ਇਸ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਨੂੰ ਧਾਰਮਿਕ ਨਿਯਮ ਸਮਝ ਕੇ ਜੀਵਨ ਵਿੱਚ ਲਾਗੂ ਕਰਨ ਦੀ ਲੋੜ ਹੈ। ਪੰਜਾਬ ਅੰਦਰ ਇਨ੍ਹਾਂ ਦਿਨਾਂ ਵਿੱਚ ਝੋਨੇ ਦੀ ਫ਼ਸਲ ਲਈ ਵੱਡੀ ਪੱਧਰ 'ਤੇ ਧਰਤੀ ਵਿੱਚੋਂ ਪਾਣੀ ਕੱਢਿਆ ਜਾ ਰਿਹਾ ਹੈ, ਜਿਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਕਿਸਾਨਾਂ ਨੂੰ ਪਾਣੀ ਦੇ ਮਹੱਤਵ ਬਾਰੇ ਜਾਣਕਾਰੀ ਦੇਣ ਦੀ ਸਖ਼ਤ ਲੋੜ ਹੈ।

ਸਿਰਫ਼ ਇਨਸਾਨੀ ਜੀਵਨ ਜਿਉਣ ਲਈ ਹੀ ਨਹੀਂ, ਸਗੋਂ ਇਸ ਧਰਤੀ 'ਤੇ ਪੈਦਾ ਹੋਏ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ, ਬਿਰਖ, ਬੂਟਿਆਂ ਅਤੇ ਫ਼ਸਲਾਂ ਆਦਿ ਲਈ ਵੀ ਪਾਣੀ ਕੁਦਰਤ ਵੱਲੋਂ ਬਖ਼ਸ਼ੀ ਗਈ ਅਮੁੱਲ ਦਾਤ ਹੈ। ਹੋਰ ਕੁਦਰਤੀ ਸੋਮਿਆਂ ਦੇ ਨਾਲ-ਨਾਲ ਗੁਰਮਤਿ ਦਰਸ਼ਨ ਵਿੱਚ ਵੀ ਪਾਣੀ ਨੂੰ ਵਿਸ਼ੇਸ਼ ਤੇ ਉੱਤਮ ਸਥਾਨ ਦਿੱਤਾ ਗਿਆ ਹੈ, ਜਿਵੇਂ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਪਾਣੀ ਦੀ ਅਜੋਕੀ ਸਥਿਤੀ ਦਾ ਮੁਲਾਂਕਣ ਕਰੀਏ ਤਾਂ ਪਤਾ ਲੱਗਦਾ ਹੈ ਕਿ 97.33 ਫ਼ੀਸਦੀ ਪਾਣੀ ਖਾਰੇ ਰੂਪ ਵਿੱਚ ਸਮੁੰਦਰਾਂ ਅੰਦਰ ਪਿਆ ਹੈ, 2.39 ਫ਼ੀਸਦੀ ਪਾਣੀ ਆਸਮਾਨ 'ਤੇ ਬੱਦਲਾਂ ਦੇ ਰੂਪ ਵਿੱਚ ਅਤੇ ਧਰਤੀ 'ਤੇ ਨਦੀਆਂ ਨਾਲਿਆਂ ਅਤੇ ਦਰਿਆਵਾਂ ਦੇ ਰੂਪ ਵਿੱਚ ਯਾਤਰਾ ਕਰ ਰਿਹਾ ਹੈ, ਜਾਂ ਫਿਰ ਗਲੇਸ਼ੀਅਰਾਂ ਦੇ ਰੂਪ ਵਿੱਚ ਪਹਾੜਾਂ 'ਤੇ ਪਿਆ ਹੈ। ਸਿਰਫ਼ 0.61 ਫ਼ੀਸਦੀ ਪਾਣੀ ਵਿਸ਼ਵ ਦੀਆਂ ਲੋੜਾਂ ਵਾਸਤੇ ਧਰਤੀ ਦੇ ਗਰਭ ਵਿੱਚ ਪਿਆ ਹੈ।

ਇਸ ਵੇਲੇ ਵਿਸ਼ਵ ਦੀ ਕੁੱਲ ਆਬਾਦੀ ਵਿੱਚ ਭਾਰਤ ਦਾ 18 ਫ਼ੀਸਦੀ ਹਿੱਸਾ ਹੈ ਤੇ ਵਿਸ਼ਵ ਦੇ ਪਾਣੀ ਦੇ ਭੰਡਾਰ ਵਿੱਚ ਭਾਰਤ ਦਾ ਮਹਿਜ਼ 4 ਫ਼ੀਸਦੀ ਹਿੱਸਾ ਹੈ।

ਹੁਣ ਤੱਕ ਸਾਡੇ ਪ੍ਰਿਥਵੀ ਵਿਗਿਆਨੀ, ਮਾਹਿਰ ਤੇ ਵਿਚਾਰਵਾਨ ਵੱਡੀ ਮਾਤਰਾ ਵਿੱਚ ਧਰਤੀ ਹੇਠੋਂ ਪਾਣੀ ਕੱਢਣ ਨਾਲ ਪਾਣੀ ਦਾ ਭੰਡਾਰ ਘਟਣ ਜਾਂ ਖ਼ਤਮ ਹੋ ਜਾਣ ਦਾ ਹਿਸਾਬ-ਕਿਤਾਬ ਲਾ ਕੇ ਹੀ ਫ਼ਿਕਰਮੰਦ ਹਨ। ਭਾਵੇਂ ਇਹ ਫ਼ਿਕਰ ਸਹੀ ਤੇ ਸੱਚਾ ਵੀ ਹੈ ਤੇ ਉਹ ਚਾਹੁੰਦੇ ਨੇ ਕਿ ਲੋਕ ਸੰਜਮ ਨਾਲ ਪਾਣੀ ਦੀ ਵਰਤੋਂ ਕਰਨ, ਧਰਤੀ ਹੇਠੋਂ ਕੱਢੇ ਗਏ ਪਾਣੀ ਨੂੰ ਸਾਫ਼ ਕਰਕੇ ਮੁੜ ਧਰਤੀ ਵਿੱਚ ਰਚਾਉਣ ਤੇ ਮੀਂਹ ਦੇ ਪਾਣੀ ਨੂੰ ਵੱਧ ਤੋਂ ਵੱਧ ਡੈਮ ਬਣਾ ਕੇ ਰੋਕਣ ਦੀ ਲੋੜ 'ਤੇ ਵੀ ਉਹ ਜ਼ੋਰ ਦੇ ਰਹੇ ਹਨ ਅਤੇ ਅਜਿਹੇ ਕੰਮਾਂ ਲਈ ਕੀਮਤੀ ਸਲਾਹਾਂ ਦੇਣ ਦੇ ਨਾਲ-ਨਾਲ ਕੀਮਤੀ ਢੰਗ-ਤਰੀਕੇ ਵੀ ਦੱਸ ਰਹੇ ਹਨ।

ਇਸ ਤੋਂ ਅੱਗੇ ਹੋਰ ਵੀ ਕਈ ਲੋੜਾਂ ਅਤੇ ਸਮੱਸਿਆਵਾਂ ਪਾਣੀ ਦੇ ਸੰਕਟ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵੱਲ ਮਾਹਿਰਾਂ ਤੇ ਜਾਗਰੂਕ ਵਿਚਾਰਵਾਨਾਂ ਦਾ ਅਜੇ ਧਿਆਨ ਨਹੀਂ ਗਿਆ। ਇਨ੍ਹਾਂ ਲੋੜਾਂ ਤੇ ਸਮੱਸਿਆਵਾਂ ਨੂੰ ਸਾਹਮਣੇ ਰੱਖ ਕੇ ਸਾਨੂੰ ਗੰਭੀਰਤਾ ਨਾਲ ਚਿੰਤਨ ਤੇ ਫ਼ਿਕਰ ਕਰਨ ਦੀ ਲੋੜ ਹੈ।


ਧਰਤੀ 'ਤੇ ਜੀਵਨ ਦੀ ਜੋਤ ਨੂੰ ਨਿਰੰਤਰ ਜਗਦੀ ਰੱਖਣ ਵਾਸਤੇ ਕੁਦਰਤ ਨੇ ਧਰਤੀ ਦੇ ਹੇਠਾਂ ਵੀ ਤੇ ਉਪਰ ਆਸਮਾਨ 'ਚ ਵੀ ਇੱਕ ਕਲਿਆਣਕਾਰੀ ਪ੍ਰਬੰਧ ਸਥਾਪਿਤ ਕੀਤਾ ਹੋਇਆ ਹੈ। ਕੁਦਰਤ ਦੇ ਇਸ ਪ੍ਰਬੰਧ ਵਿੱਚ ਅਜੋਕੇ ਇਨਸਾਨ ਦੀ ਦਖ਼ਲਅੰਦਾਜ਼ੀ ਕਾਰਨ ਪਾਣੀ, ਭੂਮੀ ਤੇ ਹਵਾ ਲਈ ਅਨੇਕਾਂ ਨਵੇਂ ਸੰਕਟ ਉਤਪੰਨ ਹੋ ਰਹੇ ਹਨ।

ਪਾਣੀ ਨੂੰ ਵੱਡੇ ਪੱਧਰ 'ਤੇ ਧਰਤੀ ਵਿੱਚੋਂ ਬਾਹਰ ਕੱਢਣ ਨਾਲ ਧਰਤੀ ਦੇ ਗਰਭ ਵਿੱਚ ਉਤਪੰਨ ਹੋ ਰਹੇ ਖਲਾਅ ਨੂੰ ਭਰਨ ਵਾਸਤੇ ਦੂਰ-ਦੁਰਾਡੇ ਤੋਂ ਉੱਚੇ ਪਾਸਿਆਂ ਤੋਂ ਪਾਣੀਆਂ ਦੀ ਮਾਈਗ੍ਰੇਸ਼ਨ ਹੋਵੇਗੀ ਤੇ ਇਹ ਪਾਣੀ ਆਪਣੇ ਨਾਲ ਕਈ ਤਰ੍ਹਾਂ ਦੇ ਔਗੁਣ, ਜ਼ਹਿਰੀਲੇ ਤੱਤ ਤੇ ਜ਼ਹਿਰਾਂ ਲੈ ਕੇ ਆਉਣਗੇ। ਇਨ੍ਹਾਂ ਤੱਤਾਂ ਨਾਲ ਪੰਛੀਆਂ, ਜੀਵ-ਜੰਤੂਆਂ, ਬਿਰਖ-ਬੂਟਿਆਂ ਤੇ ਇਨਸਾਨਾਂ ਲਈ ਨਵੇਂ ਸੰਕਟ ਉਤਪੰਨ ਹੋਣਗੇ। ਮਾਲਵਾ ਪੱਟੀ ਵਿੱਚ ਵੱਡੇ ਪੱਧਰ 'ਤੇ ਲੋਕਾਂ ਅੰਦਰ ਕੈਂਸਰ ਫੈਲਣ ਦਾ ਕਾਰਨ ਹੁਣ ਤੱਕ ਨਰਮੇ 'ਤੇ ਜ਼ਹਿਰਾਂ ਦੇ ਸਪਰੇਅ ਨੂੰ ਮੰਨਿਆ ਗਿਆ ਹੈ, ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰੋਗ ਤੋਂ ਪ੍ਰਭਾਵਿਤ ਇਲਾਕਿਆਂ ਦੇ ਪਾਣੀ ਦੀ ਪਰਖ ਕੀਤੀ ਗਈ ਤਾਂ ਪਤਾ ਲੱਗਿਆ ਕਿ ਰਾਜਸਥਾਨ ਤੋਂ ਪਾਣੀ ਵਿੱਚ ਆਉਣ ਵਾਲੇ ਯੂਰੇਨੀਅਮ ਕਰਕੇ ਅਤੇ ਇਹ ਪਾਣੀ ਪੀਣ ਕਰਕੇ ਮਾਲਵੇ ਦੇ ਲੋਕਾਂ ਵਿੱਚ ਕੈਂਸਰ ਦੀ ਬਿਮਾਰੀ ਵਧੀ ਹੈ। ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਲੰਮੇ ਸਮੇਂ ਤੋਂ ਪੁਲਾੜ ਵਿੱਚ ਖੋਜਾਂ ਨਾਲ ਜੁੜੀ ਹੋਈ ਹੈ ਪਰ ਕੁਝ ਸਮੇਂ ਤੋਂ ਇਸ ਏਜੰਸੀ ਨੇ ਧਰਤੀ ਅੰਦਰ ਕੁਦਰਤ ਦੇ ਪ੍ਰਬੰਧ ਤੇ ਗਤੀਵਿਧੀਆਂ ਨੂੰ ਵੀ ਆਪਣੀਆਂ ਖੋਜਾਂ ਹੇਠ ਲਿਆਂਦਾ ਹੈ। ਸਾਲ 2018 ਵਿੱਚ ਦੇਹਰਾਦੂਨ ਤੋਂ ਪ੍ਰਕਾਸ਼ਿਤ ਹੋਈ ਨਾਸਾ ਦੀ ਰਿਪੋਰਟ ਤੋਂ ਸਾਹਮਣੇ ਆਇਆ ਹੈ ਕਿ ਧਰਤੀ ਹੇਠ ਜੋ ਨੀਵੇਂ ਪਾਸਿਆਂ ਨੂੰ ਪਾਣੀਆਂ ਦੀ ਮਾਈਗ੍ਰੇਸ਼ਨ ਹੋ ਰਹੀ ਹੈ ਉਸ ਨਾਲ ਪਾਣੀ ਆਪਣੇ ਨਾਲ ਰੇਤਾ ਤੇ ਮਿੱਟੀ ਨੂੰ ਵੀ ਨੀਵੇਂ ਪਾਸਿਆਂ ਵੱਲ ਲਿਜਾ ਰਹੇ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਚੰਡੀਗੜ੍ਹ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਅਤੇ ਦਿੱਲੀ, ਨੋਇਡਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਪਾਣੀ ਦੇ ਨਾਲ ਰੇਤਾ ਤੇ ਮਿੱਟੀ ਨਿਕਲਣ ਨਾਲ ਹਰ ਸਾਲ ਧਰਤੀ ਵਿੱਚ ਪੰਜ ਸੈਂਟੀਮੀਟਰ ਤੱਕ ਖਲਾਅ ਉਤਪੰਨ ਹੋ ਰਿਹਾ ਹੈ। ਕੁਝ ਸਾਲਾਂ ਤੱਕ ਇਹ ਖਲਾਅ ਵਧਣ ਨਾਲ ਉੱਚੀਆਂ ਅਤੇ ਸ਼ਾਨਦਾਰ ਇਮਾਰਤਾਂ ਧਰਤੀ ਵਿੱਚ ਗਰਕ ਸਕਦੀਆਂ ਹਨ।

ਕੁਦਰਤ ਵੱਲੋਂ ਸਥਾਪਿਤ ਕੀਤਾ ਗਿਆ ਮੌਸਮ ਦਾ ਪ੍ਰਬੰਧ ਵੱਡੇ ਪੱਧਰ 'ਤੇ ਖਿਲਰਨਾ ਸ਼ੁਰੂ ਹੋ ਗਿਆ ਹੈ। ਇੱਟਾਂ ਦੇ ਭੱਠਿਆਂ, ਮਿੱਲਾਂ, ਕਾਰਖਾਨਿਆਂ, ਗੱਡੀਆਂ ਦੇ ਧੂੰਏਂ, ਐਟਮੀ ਕਚਰੇ ਤੇ ਏਸੀ ਅਤੇ ਫਰਿੱਜਾਂ ਵਿੱਚੋਂ ਨਿਕਲਦੀਆਂ ਕਾਰਬਨ ਡਾਇਆਕਸਾਈਡ ਤੇ ਸੀਐੱਫਸੀ ਵਰਗੀਆਂ ਮਾਰੂ ਗੈਸਾਂ, ਬੇਲੋੜੇ ਪਸ਼ੂਆਂ ਦੇ ਅੰਦਰੋਂ ਵੱਖ-ਵੱਖ ਅੰਗਾਂ ਰਾਹੀਂ ਨਿਕਲਣ ਵਾਲੀ ਹਵਾ ਵਿੱਚ ਰਲੀ ਮੀਥੇਨ ਗੈਸ ਅਤੇ ਖੇਤੀ ਵਿੱਚ ਰਹਿੰਦ-ਖੂੰਹ ਨੂੰ ਲਾਈ ਅੱਗ ਦੇ ਧੂੰਏਂ ਰਾਹੀਂ ਤੇਜ਼ਾਬ, ਏਅਰੋਸੋਲ ਤੇ ਕਾਰਬਨ ਆਸਮਾਨ 'ਚ ਜਾ ਕੇ ਗ੍ਰੀਨ ਹਾਊਸ ਪ੍ਰਭਾਵ ਦੇ ਰੂਪ ਵਿੱਚ ਸਦੀਆਂ ਤੱਕ ਲਈ ਸਥਿਰ ਹੋ ਜਾਂਦੇ ਹਨ।

ਗ੍ਰੀਨ ਹਾਊਸ ਪ੍ਰਭਾਵ ਦੀ ਪਰਤ ਵਿੱਚੋਂ ਲੰਘ ਕੇ ਸੂਰਜ ਦੀਆਂ ਪਰਾਬੈਂਗਣੀ ਤੇ ਮਾਰੂ ਕਿਰਨਾਂ ਨਾਲ ਧਰਤੀ 'ਤੇ ਮਾਰੂ ਗਰਮੀ ਦਾ ਤੇਜ਼ੀ ਨਾਲ ਭੰਡਾਰਨ ਹੋ ਰਿਹਾ ਹੈ। ਉੱਘੇ ਵਾਤਾਵਰਨ ਵਿਗਿਆਨੀ ਸਟੀਫਨ ਲੇਹ ਵੱਲੋਂ 16 ਜੁਲਾਈ ਨੂੰ ਜਨਤਕ ਕੀਤੀ ਗਈ ਖੋਜ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਅੰਦਰ ਅਗਲੇ ਵੀਹਾਂ ਸਾਲਾਂ ਤੱਕ 52.7 ਡਿਗਰੀ ਸੈਲਸੀਅਸ ਤੱਕ ਤਾਪਮਾਨ ਵਿੱਚ ਵਾਧਾ ਹੋ ਸਕਦਾ ਹੈ ਹਾਲਾਂਕਿ ਧਰਤੀ 'ਤੇ ਜ਼ਿੰਦਗੀ ਨੂੰ ਕਾਇਮ ਰੱਖਣ ਲਈ ਸਿਰਫ਼ 60 ਫ਼ੀਸਦੀ ਸੈਲਸੀਅਸ ਤਾਪਮਾਨ ਹੀ ਸਹਾਈ ਹੋ ਸਕਦਾ ਹੈ। ਅਮਰੀਕਾ ਤੋਂ ਪਹਿਲਾਂ ਏਸ਼ਿਆਈ ਤੇ ਖਾੜੀ ਦੇਸ਼ਾਂ ਅੰਦਰ ਗਰਮੀ ਨਾਲ ਮੌਸਮ ਵਿੱਚ ਭਿਆਨਕ ਗੜਬੜ ਦੀ ਸੰਭਾਵਨਾ ਹੈ। ਵੱਡੀ ਪੱਧਰ 'ਤੇ ਤਾਪਮਾਨ ਵਧਣ ਨਾਲ ਹਿਮਾਲਿਆ ਖੇਤਰ ਅਤੇ ਐਂਟਾਰਟਿਕਾ ਅੰਦਰ ਵੱਡੀ ਮਾਤਰਾ ਵਿੱਚ ਪਹਾੜਾਂ ਤੇ ਗਲੇਸ਼ੀਅਰਾਂ ਦੇ ਰੂਪ ਵਿੱਚ ਪਈਆਂ ਬਰਫ਼ਾਂ ਪਿਘਲ ਜਾਣਗੀਆਂ ਅਤੇ ਧਰਤੀ ਦੇ ਹੇਠ ਤੇ ਉੱਪਰ ਵਗਦੇ ਨਦੀਆਂ ਨਾਲੇ ਖੁਸ਼ਕ ਹੋ ਜਾਣਗੇ ਅਤੇ ਇਨ੍ਹਾਂ ਰਾਹੀਂ ਸਫ਼ਰ ਕਰ ਰਹੇ ਪਾਣੀ ਦਾ ਕਲ-ਕਲ ਕਰਦਾ ਸੰਗੀਤ ਖ਼ਾਮੋਸ਼ ਹੋ ਜਾਵੇਗਾ, ਉਦਯੋਗਾਂ ਦੀ ਧੜਕਣ ਬੰਦ ਹੋ ਜਾਵੇਗੀ ਤੇ ਵਿਸ਼ਵ ਅੰਦਰ ਹਨੇਰਾ ਛਾ ਜਾਵੇਗਾ।

# ਸਿਆਸਤ ਦਾ ਸੰਵੇਦਨਹੀਣ ਅਕਸ



ਲੇਖਕ : ਅਰਵਿੰਦਰ ਜੌਹਲ

ਕੋਲਕਾਤਾ ਦੇ ਸਰਕਾਰੀ ਆਰ.ਜੀ. ਕਰ ਹਸਪਤਾਲ ਵਿੱਚ ਜੂਨੀਅਰ ਮਹਿਲਾ ਡਾਕਟਰ ਦੀ ਜਬਰ-ਜਨਾਹ ਮਗਰੋਂ ਹੱਤਿਆ ਤੋਂ ਬਾਅਦ ਦੇਸ਼ ਭਰ 'ਚ ਉਸ ਦੇ ਬਲਾਤਕਾਰੀਆਂ ਅਤੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਕੀਤੇ ਜਾ ਰਹੇ ਅੰਦੋਲਨ ਅਤੇ ਸਮਾਜ ਤੇ ਸਿਆਸਤ ਦੀ ਹਕੀਕਤ ਨੂੰ ਬਿਆਨ ਕਰਨ ਲਈ ਉੱਘੀ ਹਿੰਦੀ ਪੱਤਰਕਾਰ ਅਤੇ ਲੇਖਿਕਾ ਮ੍ਰਿਣਾਲ ਪਾਂਡੇ ਦੀ ਇਹ ਟਿੱਪਣੀ ਆਪਣੇ ਆਪ 'ਚ ਬਹੁਤ ਅਹਿਮ ਹੈ: ''ਜਦੋਂ ਰਾਮ ਰਹੀਮ ਅਤੇ ਆਸਾ ਰਾਮ ਵਰਗੇ ਅਪਰਾਧੀ ਪੈਰੋਲ ਅਤੇ ਇਲਾਜ ਦੇ ਨਾਮ 'ਤੇ ਜੇਲ੍ਹ 'ਚੋਂ ਬਾਹਰ ਹੋਣ, ਉੱਤਰ ਪ੍ਰਦੇਸ਼ ਸਰਕਾਰ ਸਵਾਮੀ ਚਿਨਮਯਨੰਦ ਖ਼ਿਲਾਫ਼ ਕੇਸ ਵਾਪਸ ਲੈਣ ਜਾ ਰਹੀ ਹੋਵੇ, ਉਦੋਂ ਅਜਿਹੀ ਘਟਨਾ ਦੀ ਨਿੰਦਾ, ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ, ਸਖ਼ਤ ਕਦਮ ਚੁੱਕਣ ਜਿਹੀ ਸਾਰੀ ਜੁਮਲੇਬਾਜ਼ੀ ਦਾ ਔਰਤਾਂ ਲਈ ਜ਼ਮੀਨੀ ਹਕੀਕਤ 'ਚ ਕੋਈ ਮਤਲਬ ਨਹੀਂ ਹੈ।'' ਮ੍ਰਿਣਾਲ ਪਾਂਡੇ ਦੀ ਇਹ ਟਿੱਪਣੀ ਸਾਡੇ ਸਮੁੱਚੇ ਸਮਾਜ ਨੂੰ ਸ਼ੀਸ਼ਾ ਦਿਖਾਉਣ ਲਈ ਕਾਫ਼ੀ ਹੈ। ਪਿਛਲੇ ਕੁਝ ਦਿਨਾਂ ਦੌਰਾਨ ਇਸ ਮਾਮਲੇ ਸਬੰਧੀ ਵੱਖ ਵੱਖ ਲੀਡਰਾਂ ਦੇ ਬਿਆਨਾਂ ਨੂੰ ਇਸੇ ਸੰਦਰਭ 'ਚ ਦੇਖਿਆ ਤੇ ਸਮਝਿਆ ਜਾਣਾ ਚਾਹੀਦਾ ਹੈ।

ਕੋਲਕਾਤਾ ਮਾਮਲੇ ਨੂੰ ਲੈ ਕੇ ਦੇਸ਼ ਵਿੱਚ ਵੱਖ ਵੱਖ ਥਾਈਂ ਲੋਕਾਂ ਦੇ ਨਾਲ ਨਾਲ ਡਾਕਟਰ ਅਤੇ ਫਾਰਮਾਸਿਸਟ ਤੱਕ ਸੜਕਾਂ 'ਤੇ ਆ ਗਏ। ਨਿਸ਼ਚੇ ਹੀ ਡਿਊਟੀ ਕਰ ਰਹੀ ਕਿਸੇ ਮਹਿਲਾ ਡਾਕਟਰ ਨਾਲ ਕੰਮ ਵਾਲੀ ਥਾਂ 'ਤੇ ਅਜਿਹਾ ਵਾਪਰਨਾ, ਆਪਣੇ ਆਪ 'ਚ ਪ੍ਰੇਸ਼ਾਨ ਕਰ ਦੇਣ ਵਾਲਾ ਹੈ। ਇਸ ਤੋਂ ਵੀ ਵੱਧ ਪ੍ਰੇਸ਼ਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਜਿਸ ਦੀ ਔਰਤ ਹੋਣ ਦੇ ਨਾਤੇ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਸੀ ਕਿ ਉਹ ਯਕੀਨੀ ਬਣਾਉਂਦੀ ਕਿ ਪੁਲੀਸ ਇਸ ਮਾਮਲੇ 'ਚ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮਾਂ ਨੂੰ ਕਾਬੂ ਕਰ ਕੇ ਪੀੜਤਾ ਨੂੰ ਨਿਆਂ ਦੇਣ ਲਈ ਢੁਕਵੇਂ ਕਦਮ ਚੁੱਕਦੀ ਪਰ ਉਸ ਨੇ ਇਸ ਮਾਮਲੇ 'ਚ ਕਾਰਵਾਈ ਨੂੰ ਆਪਣੀ ਚਾਲੇ ਚੱਲਣ ਦਿੱਤਾ। ਜਿਸ ਵੇਲੇ ਮਾਮਲਾ ਬਹੁਤ ਤੂਲ ਫੜ ਗਿਆ ਤਾਂ ਉਹ ਆਪਣੀਆਂ ਮਹਿਲਾ ਆਗੂਆਂ ਨੂੰ ਨਾਲ ਲੈ ਕੇ ਮਾਮਲੇ ਦੀ ਤੇਜ਼ੀ ਨਾਲ ਸੁਣਵਾਈ ਦੀ ਮੰਗ ਕਰਦਿਆਂ ਰੈਲੀ ਕਰਨ ਤੁਰ ਪਈ। ਮੁੱਢਲੇ ਤੌਰ 'ਤੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਲਈ ਐੱਫਆਈਆਰ ਦਰਜ ਕਰਨ ਦੀ ਜ਼ਿੰਮੇਵਾਰੀ ਸੂਬਾਈ ਪੁਲੀਸ ਦੀ ਸੀ, ਜੋ ਸਿੱਧੇ ਤੌਰ 'ਤੇ ਮੁੱਖ ਮੰਤਰੀ ਦੇ ਅਧੀਨ ਆਉਂਦੀ ਹੈ। ਸੁਪਰੀਮ ਕੋਰਟ ਨੇ ਆਪੂੰ ਇਸ ਮਾਮਲੇ 'ਤੇ ਨਜ਼ਰਸਾਨੀ ਕਰਦਿਆਂ ਸ਼ੱਕ ਦੇ ਘੇਰੇ ਹੇਠਲੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਸੰਦੀਪ ਘੋਸ਼ ਨੂੰ ਕਿਸੇ ਹੋਰ ਸਰਕਾਰੀ ਸੰਸਥਾ 'ਚ ਅਹਿਮ ਅਹੁਦੇ 'ਤੇ ਤਾਇਨਾਤ ਕਰਨ, ਕਰਾਈਮ ਸੀਨ ਨੂੰ ਬਦਲਣ ਅਤੇ ਐੱਫਆਈਆਰ ਦਰਜ ਕਰਨ ਵਿੱਚ ਦੇਰੀ ਕੀਤੇ ਜਾਣ 'ਤੇ ਸੁਆਲ ਉਠਾਏ ਤਾਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣੀ ਸ਼ਰਮਿੰਦਗੀ ਛੁਪਾਉਣ ਲਈ ਜਵਾਬ ਦੇਣ ਦੀ ਬਜਾਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣ ਲਈ ਸਖ਼ਤ ਕੇਂਦਰੀ ਕਾਨੂੰਨ ਬਣਾਉਣ ਦੀ ਮੰਗ ਕੀਤੀ। ਸੂਬੇ ਦੀ ਮੁੱਖ ਮੰਤਰੀ ਵਜੋਂ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਾ ਨਿਭਾਅ ਸਕਣ ਦੇ ਇਲਜ਼ਾਮਾਂ ਤੋਂ ਬਚਣ ਲਈ ਉਸ ਨੇ ਹੋਰ ਦਲੀਲਾਂ ਪਿੱਛੇ ਛੁਪਣ ਦਾ ਰਾਹ ਅਪਣਾਇਆ।

ਕੋਲਕਾਤਾ ਦੀ ਘਟਨਾ ਦੇ ਨਾਲ ਹੀ ਮਹਾਰਾਸ਼ਟਰ ਦੇ ਬਦਲਾਪੁਰ ਵਿੱਚ ਕੇ.ਜੀ. ਵਿੱਚ ਪੜ੍ਹਦੀਆਂ ਦੋ ਬੱਚੀਆਂ ਦਾ ਸਕੂਲ ਵਿੱਚ ਜਿਨਸੀ ਸ਼ੋਸ਼ਣ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਜਿੱਥੇ ਲੋਕਾਂ ਨੂੰ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਵਾਉਣ ਲਈ ਰੇਲਵੇ ਟਰੈਕ 'ਤੇ ਧਰਨਾ ਦੇਣਾ ਪਿਆ। ਪੁਲੀਸ ਵੱਲੋਂ ਇਸ ਮਾਮਲੇ ਵਿੱਚ ਕਾਰਵਾਈ ਕਰਨ 'ਚ ਦਿਖਾਈ ਢਿੱਲ-ਮੱਠ 'ਤੇ ਲੋਕਾਂ 'ਚ ਫੁੱਟੇ ਗੁੱਸੇ ਲਈ ਮਹਾਰਾਸ਼ਟਰ ਸਰਕਾਰ ਵੱਲੋਂ ਸੰਵੇਦਨਸ਼ੀਲ ਰਵੱਈਆ ਅਪਣਾਉਣ ਦੀ ਬਜਾਏ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਜਾ ਰਿਹਾ ਹੈ। ਸੰਵੇਦਨਹੀਣਤਾ ਦਾ ਸਿਖ਼ਰ ਤਾਂ ਇਹ ਹੈ ਕਿ ਇਸ ਮਾਮਲੇ ਨੂੰ ਰਿਪੋਰਟ ਕਰਨ ਵਾਲੀ ਮਹਿਲਾ ਪੱਤਰਕਾਰ ਨੂੰ ਮੁੱਖ ਮੰਤਰੀ ਏਕਨਾਥ ਸ਼ਿੰਦੇ ਨਾਲ ਜੁੜੇ ਇੱਕ ਨੇਤਾ ਰਮਨ ਮਹਾਤਰੇ (ਸਾਬਕਾ ਮੇਅਰ) ਨੇ ਕਿਹਾ, ''ਤੂੰ (ਮਹਿਲਾ ਪੱਤਰਕਾਰ) ਇਸ ਮਾਮਲੇ ਨੂੰ ਇਉਂ ਰਿਪੋਰਟ ਕੀਤਾ ਹੈ ਜਿਵੇਂ ਸਾਰਾ ਕੁਝ ਤੇਰੇ ਨਾਲ ਹੀ ਵਾਪਰਿਆ ਹੋਵੇ।'' ਅਸੰਵੇਦਨਸ਼ੀਲਤਾ ਦੇਖੋ ਇਨ੍ਹਾਂ ਸਿਆਸਤਦਾਨਾਂ ਦੀ ਜਿਹੜੇ ਧੀਆਂ-ਭੈਣਾਂ ਨਾਲ ਹੁੰਦੀ ਜ਼ਿਆਦਤੀ ਨੂੰ ਸਭ ਦੇ ਸਾਹਮਣੇ ਲਿਆਉਣ ਵਾਲੀ ਮਹਿਲਾ ਪੱਤਰਕਾਰ ਨੂੰ ਇਹੋ ਜਿਹੇ ਨੰਗੇ ਲਫ਼ਜ਼ਾਂ ਨਾਲ ਅਪਮਾਨਿਤ ਕਰਦੇ ਹਨ। ਹਾਲਾਂਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਉਪ ਮੁੱਖ ਮੰਤਰੀ ਫੜਨਵੀਸ ਨੇ ਇਸ ਮਾਮਲੇ ਦੀ ਜਾਂਚ ਲਈ 'ਸਿਟ' ਕਾਇਮ ਕਰ ਦਿੱਤੀ ਹੈ ਤੇ ਮਾਮਲੇ ਦੀ ਫਾਸਟ ਟਰੈਕ ਸੁਣਵਾਈ ਹੋਵੇਗੀ।

ਬੱਚੀਆਂ ਨਾਲ ਦੁਸ਼ਕਰਮ ਦੀ ਇਹ ਇੱਕੋ ਘਟਨਾ ਨਹੀਂ, ਮਹਾਰਾਸ਼ਟਰ ਦੇ ਅਕੋਲਾ ਵਿੱਚ ਇੱਕ ਅਧਿਆਪਕ ਵੱਲੋਂ ਬੱਚੀਆਂ ਨੂੰ ਅਸ਼ਲੀਲ ਤਸਵੀਰਾਂ ਦਿਖਾ ਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਮਾਮਲਾ ਵੀ ਸਾਹਮਣੇ ਆਇਆ ਹੈ ਪਰ ਮੁੱਖ ਧਾਰਾ ਦੇ ਟੀਵੀ ਚੈਨਲਾਂ 'ਤੇ ਚਾਰੋਂ ਪਾਸੇ ਕੋਲਕਾਤਾ ਮਾਮਲੇ ਦੀ ਕਵਰੇਜ ਅਤੇ ਇਸ ਉੱਤੇ ਹੀ ਜ਼ੋਰਦਾਰ ਬਹਿਸਾਂ ਹੋ ਰਹੀਆਂ ਹਨ। ਦੂਜੇ ਪਾਸੇ, ਮਹਾਰਾਸ਼ਟਰ ਦੇ ਇਨ੍ਹਾਂ ਦੋਵਾਂ ਮਾਮਲਿਆਂ ਦੀ ਕਵਰੇਜ, ਉੱਤਰਾਖੰਡ 'ਚ ਇੱਕ ਨਰਸ ਨਾਲ ਦੁਸ਼ਕਰਮ ਮਗਰੋਂ ਉਸ ਨੂੰ ਮੌਤ ਦੇ ਘਾਟ ਉਤਾਰਨ, ਦੇਹਰਾਦੂਨ ਵਿੱਚ ਇੱਕ ਬੱਸ 'ਚ ਲੜਕੀ ਨਾਲ ਗੈਂਗਰੇਪ, ਉੱਤਰਾਖੰਡ 'ਚ ਹੀ ਅੰਕਿਤਾ ਭੰਡਾਰੀ ਦੀ ਹੱਤਿਆ ਦੇ ਮਾਮਲੇ 'ਤੇ ਇਨ੍ਹਾਂ ਟੀਵੀ ਚੈਨਲਾਂ ਨੇ ਤਕਰੀਬਨ ਤਕਰੀਬਨ ਚੁੱਪ ਹੀ ਅਖ਼ਤਿਆਰ ਕਰੀ ਰੱਖੀ। ਬੀਤੇ ਦਿਨੀਂ ਅਸਾਮ ਦੇ ਨਗਾਓਂ ਜ਼ਿਲ੍ਹੇ ਵਿੱਚ 14 ਸਾਲਾਂ ਦੀ ਬੱਚੀ ਨਾਲ ਤਿੰਨ ਵਿਅਕਤੀਆਂ ਵੱਲੋਂ ਉਦੋਂ ਬਲਾਤਕਾਰ ਕੀਤਾ ਗਿਆ ਜਦੋਂ ਉਹ ਟਿਊਸ਼ਨ ਪੜ੍ਹ ਕੇ ਵਾਪਸ ਆ ਰਹੀ ਸੀ। ਇੱਥੇ ਵੀ ਸੰਵੇਦਨਹੀਣਤਾ ਦਿਖਾਉਂਦਿਆਂ ਮੁੱਖ ਮੰਤਰੀ ਹੇਮੰਤਾ ਬਿਸਵਾ ਸਰਮਾ ਨੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਵਾਅਦਾ ਕਰਦਿਆਂ ਕਿਹਾ ਕਿ 'ਹਿੰਦੂ' ਲੜਕੀ ਨਾਲ ਜ਼ਬਰਦਸਤੀ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ। ਕੀ ਇੱਥੇ ਵੀ ਹਿੰਦੂ ਅਤੇ ਮੁਸਲਮਾਨ ਕੁੜੀ 'ਚ ਵਖਰੇਵਾਂ ਹੋਵੇਗਾ? ਬਿਲਕੀਸ ਵਾਲਾ ਮਾਮਲਾ ਤਾਂ ਸਭ ਦੇ ਚੇਤਿਆਂ 'ਚ ਹੈ ਜਦੋਂ ਉਸ ਦੇ ਬਲਾਤਕਾਰੀਆਂ ਦੀ ਅਪੀਲ ਮਨਜ਼ੂਰ ਕਰਦਿਆਂ ਉਨ੍ਹਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਕਰ ਦਿੱਤੀ ਗਈ ਅਤੇ ਫਿਰ ਉਨ੍ਹਾਂ ਦਾ ਹਾਰ ਪਾ ਕੇ ਸਨਮਾਨ ਵੀ ਕੀਤਾ ਗਿਆ।

ਕੁਸ਼ਤੀ ਫੈਡਰੇਸ਼ਨ ਦੇ ਤਤਕਾਲੀ ਪ੍ਰਧਾਨ ਬ੍ਰਿਜ ਭੂਸ਼ਣ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀਆਂ ਧੀਆਂ ਨਾਲ ਸੱਤਾਧਾਰੀਆਂ ਨੇ ਕਿਹੋ ਜਿਹਾ ਸਲੂਕ ਕੀਤਾ, ਉਹ ਕਿਸੇ ਤੋਂ ਛੁਪਿਆ ਨਹੀਂ ਅਤੇ ਨਾ ਹੀ ਬ੍ਰਿਜ ਭੂਸ਼ਣ ਦਾ ਉਹ ਫਿਕਰਾ ਕਿਸੇ ਨੂੰ ਭੁੱਲਿਆ ਹੈ ਜਦੋਂ ਸੱਤਾ ਦੇ ਨਸ਼ੇ 'ਚ ਚੂਰ ਹੋ ਕੇ ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਨਾ ਦੇ ਕੇ ਆਪਣੇ ਕਰੀਬੀ ਸੰਜੈ ਸਿੰਘ ਨੂੰ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬਣਵਾਉਣ ਮਗਰੋਂ ਕਿਹਾ ਸੀ, ''ਦਬਦਬਾ ਥਾ, ਦਬਦਬਾ ਹੈ, ਦਬਦਬਾ ਰਹੇਗਾ।'' ਉਸ ਦੇ ਕਿਰਦਾਰ ਬਾਰੇ ਉੱਠੇ ਸਵਾਲ, ਜੋ ਕਿਸੇ ਵੀ ਸਾਊ ਤੇ ਦਿਆਨਦਤਾਰ ਬੰਦੇ ਲਈ ਸ਼ਰਮਿੰਦਗੀ ਨਾਲ ਮਰ ਜਾਣ ਵਾਲੇ ਹੁੰਦੇ ਹਨ, ਦਾ ਜਵਾਬ ਉਸ ਨੇ ਨਿਹਾਇਤ ਢੀਠਤਾ ਅਤੇ ਬੇਸ਼ਰਮੀ ਨਾਲ ਦਿੱਤਾ।


ਪਹਿਲਵਾਨ ਧੀਆਂ ਨੇ ਲੰਮੇ ਸਮੇਂ ਦਿੱਲੀ ਦੇ ਜੰਤਰ ਮੰਤਰ 'ਤੇ ਧਰਨਾ ਦਿੱਤਾ ਅਤੇ ਪੁਲੀਸ ਦਾ ਜਬਰ ਝੱਲਿਆ ਤੇ ਨਤੀਜਾ ਅਖ਼ੀਰ ਕੀ ਨਿਕਲਿਆ? ਬ੍ਰਿਜ ਭੂਸ਼ਣ ਨਾ ਸਹੀ, ਉਸ ਦਾ ਪੁੱਤਰ ਉਸੇ ਸੀਟ ਤੋਂ ਭਾਜਪਾ ਦਾ ਐੱਮਪੀ ਬਣ ਗਿਆ ਤੇ ਉਸ ਦਾ ਖਾਸਮਖ਼ਾਸ ਸੰਜੈ ਸਿੰਘ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ। ਉਹ ਤਸਵੀਰ ਕਿਸੇ ਨੂੰ ਭੁੱਲਦੀ ਨਹੀਂ ਜਦੋਂ ਸੰਜੈ ਸਿੰਘ ਨਾਲੋਂ ਜ਼ਿਆਦਾ ਤੇ ਵੱਡੇ ਹਾਰ ਬ੍ਰਿਜ ਭੂਸ਼ਣ ਸ਼ਰਣ ਸਿੰਘ ਦੇ ਗਲ਼ ਦਾ ਸ਼ਿੰਗਾਰ ਬਣੇ ਹੋਏ ਸਨ। ਬੇਸ਼ਰਮੀ ਦੀ ਵੀ ਕੋਈ ਹੱਦ ਹੁੰਦੀ ਹੈ ਪਰ ਅਜਿਹੇ ਲੱਠਮਾਰ ਸਿਆਸਤਦਾਨਾਂ ਲਈ ਨਹੀਂ। ਇਸੇ ਸ਼ੁੱਕਰਵਾਰ (23 ਅਗਸਤ) ਜਿਨ੍ਹਾਂ ਤਿੰਨ ਮਹਿਲਾ ਪਹਿਲਵਾਨਾਂ ਨੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਬ੍ਰਿਜ ਭੂਸ਼ਣ ਖ਼ਿਲਾਫ਼ ਦਿੱਲੀ ਦੀ ਅਦਾਲਤ 'ਚ ਗਵਾਹੀ ਦੇਣੀ ਸੀ, ਉਨ੍ਹਾਂ ਦੀ ਦੋ ਦਿਨ ਪਹਿਲਾਂ ਬੁੱਧਵਾਰ ਨੂੰ ਸੁਰੱਖਿਆ ਹਟਾ ਲਈ ਗਈ। ਵੀਰਵਾਰ ਨੂੰ ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਦਿੱਲੀ ਦੀ ਇੱਕ ਅਦਾਲਤ ਤੱਕ ਪਹੁੰਚ ਕੀਤੀ ਤਾਂ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਪ੍ਰਿਯੰਕਾ ਰਾਜਪੂਤ ਨੇ ਦਿੱਲੀ ਪੁਲੀਸ ਨੂੰ ਜਦੋਂ ਮਹਿਲਾ ਪਹਿਲਵਾਨਾਂ ਦੀ ਸੁਰੱਖਿਆ ਵਾਪਸ ਲੈਣ ਦੇ ਕਾਰਨਾਂ ਸਬੰਧੀ ਤਫ਼ਸੀਲੀ ਰਿਪੋਰਟ ਸ਼ੁੱਕਰਵਾਰ ਤੱਕ ਦਾਖ਼ਲ ਕਰਨ ਲਈ ਕਿਹਾ ਤਾਂ ਵਧੀਕ ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮਹਿਲਾ ਪਹਿਲਵਾਨਾਂ ਦੀ ਸੁਰੱਖਿਆ ਵਾਪਸ ਲੈਣਾ ਕਿਸੇ ਗ਼ਲਤਫਹਿਮੀ ਦਾ ਸਿੱਟਾ ਸੀ ਜਿਸ ਨੂੰ ਹੁਣ ਦਰੁਸਤ ਕਰ ਲਿਆ ਗਿਆ ਹੈ। ਇਸ ਮਾਮਲੇ 'ਚ ਦਿੱਲੀ ਪੁਲੀਸ ਦੇ 'ਦਰੁਸਤ' ਆਚਰਣ ਬਾਰੇ ਤਾਂ ਸਾਰੇ ਹੀ ਜਾਣਦੇ ਹਨ। ਓਦਾਂ ਕੋਲਕਾਤਾ ਕਾਂਡ ਦੀ ਪੀੜਤਾ ਲਈ ਨਿਆਂ ਦੀ ਮੰਗ ਕਰਦਿਆਂ ਭਾਜਪਾ ਆਗੂਆਂ ਦਾ ਸੰਘ ਨਹੀਂ ਸੁੱਕਦਾ ਅਤੇ ਉਨ੍ਹਾਂ ਵੱਲੋਂ ਜ਼ੋਰਦਾਰ ਰੋਸ ਮੁਜ਼ਾਹਰੇ ਕਰਦਿਆਂ ਮਮਤਾ ਖ਼ਿਲਾਫ਼ ਤਿੱਖੇ ਬਿਆਨ ਦਿੱਤੇ ਜਾ ਰਹੇ ਹਨ। ਅਜਿਹੀ ਧੱਕੇਸ਼ਾਹੀ ਵਿਰੁੱਧ ਆਵਾਜ਼ ਉਠਾਉਣਾ ਹਰ ਸਿਆਸੀ ਪਾਰਟੀ ਦਾ ਮੁੱਢਲਾ ਕਰਤੱਵ ਹੈ ਪਰ ਮਹਾਰਾਸ਼ਟਰ, ਉੱਤਰਾਖੰਡ ਅਤੇ ਯੂਪੀ 'ਚ ਵਾਪਰੀਆਂ ਅਜਿਹੀਆਂ ਘਟਨਾਵਾਂ ਅਤੇ ਬ੍ਰਿਜ ਭੂਸ਼ਣ ਜਿਹੇ ਆਗੂਆਂ 'ਤੇ ਲੱਗੇ ਦੋਸ਼ਾਂ ਬਾਰੇ ਬੋਲਣ ਵੇਲੇ ਉਨ੍ਹਾਂ ਦੇ ਬੁੱਲ੍ਹ ਸੀਤੇ ਜਾਂਦੇ ਹਨ। ਔਰਤਾਂ ਦੇ ਹੱਕਾਂ ਦੀ ਝੰਡਾਬਰਦਾਰ ਮਮਤਾ ਦੀਦੀ ਵੀ ਕੋਲਕਾਤਾ ਕਾਂਡ 'ਤੇ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ ਏਧਰ-ਓਧਰ ਦੀਆਂ ਗੱਲਾਂ ਕਰਦੀ ਹੀ ਨਜ਼ਰ ਆਉਂਦੀ ਹੈ। ਹੋਰ ਤਾਂ ਹੋਰ, 'ਇੰਡੀਆ' ਗੱਠਜੋੜ ਦੀ ਪ੍ਰਮੁੱਖ ਪਾਰਟੀ ਕਾਂਗਰਸ ਦੇ ਆਗੂ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਜਦੋਂ ਬਰੇਲੀ ਵਿੱਚ ਉਸ ਦਲਿਤ ਨੌਜਵਾਨ ਦੇ ਘਰ ਅਫ਼ਸੋਸ ਕਰਨ ਗਏ ਜਿਸ ਦੀ ਉੱਚ ਜਾਤੀ ਦੇ ਲੋਕਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ, ਤਾਂ ਉੱਥੇ ਕਿਸੇ ਪੱਤਰਕਾਰ ਨੇ ਕੋਲਕਾਤਾ ਕਾਂਡ ਬਾਰੇ ਸਵਾਲ ਪੁੱਛ ਲਿਆ। ਰਾਹੁਲ ਦਾ ਜਵਾਬ ਸੀ, ''ਇਹ ਮੁੱਦਾ ਭਟਕਾਉਣ ਦੀ ਕੋਸ਼ਿਸ਼ ਹੈ।'' ਜੇਕਰ ਉਸ ਦਲਿਤ ਨੌਜਵਾਨ ਦੇ ਮਾਪੇ ਸੰਵੇਦਨਾ ਅਤੇ ਹਮਦਰਦੀ ਦੇ ਹੱਕਦਾਰ ਹਨ ਤਾਂ ਵਹਿਸ਼ੀ ਦਰਿੰਦਿਆਂ ਦੀ ਸ਼ਿਕਾਰ ਕੋਲਕਾਤਾ ਕਾਂਡ ਦੀ ਪੀੜਤ ਲੜਕੀ ਤੇ ਉਸ ਦੇ ਮਾਪਿਆਂ ਲਈ ਵੀ ਹਮਦਰਦੀ ਦੇ ਦੋ ਬੋਲਣ 'ਚ ਕੀ ਹਰਜ਼ ਸੀ। ਹਾਲਾਂਕਿ ਪਹਿਲਾਂ ਰਾਹੁਲ ਨੇ ਇਨ੍ਹਾਂ ਸਾਰੇ ਮਾਮਲਿਆਂ ਬਾਰੇ ਆਪਣਾ ਪ੍ਰਤੀਕਰਮ ਦਿੱਤਾ ਸੀ।

ਔਰਤਾਂ ਖ਼ਿਲਾਫ਼ ਅਪਰਾਧਾਂ ਬਾਰੇ ਸਿਆਸੀ ਨੇਤਾਵਾਂ ਦੇ ਮਾਪਦੰਡ ਕਿੰਨੇ ਦੋਹਰੇ ਹਨ। ਕੀ ਅਜਿਹੇ ਮਾਮਲਿਆਂ 'ਤੇ ਉਨ੍ਹਾਂ ਦਾ ਗੁੱਸਾ ਤੇ ਰੋਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕਿਸ ਸੂਬੇ ਵਿੱਚ ਉਨ੍ਹਾਂ ਜਾਂ ਉਨ੍ਹਾਂ ਦੇ ਸਹਿਯੋਗੀਆਂ ਦੀ ਸਰਕਾਰ ਹੈ ਅਤੇ ਕਿਸ 'ਚ ਵਿਰੋਧੀ ਪਾਰਟੀ ਦੀ। ਜੇ ਕਾਨੂੰਨ ਸਾਰਿਆਂ ਵਾਸਤੇ ਇੱਕੋ ਜਿਹਾ ਹੈ ਤਾਂ ਉਹ ਉਸੇ ਭਾਵਨਾ ਨਾਲ ਲਾਗੂ ਹੁੰਦਾ ਵੀ ਨਜ਼ਰ ਆਉਣਾ ਚਾਹੀਦਾ ਹੈ। ਜਬਰ ਦਾ ਦਰਦ ਸਾਰਿਆਂ ਨੂੰ ਇੱਕੋ ਜਿਹਾ ਹੁੰਦਾ ਹੈ ਅਤੇ ਹਮਦਰਦੀ ਦੇ ਬੋਲ ਵੀ ਸਾਰਿਆਂ ਵਾਸਤੇ ਬਰਾਬਰ ਹੀ ਬੋਲੇ ਜਾਣੇ ਬਣਦੇ ਹਨ। ਨਿਆਂ ਦੇ ਰਾਹ 'ਤੇ ਤੁਰਨ ਲਈ ਸਿਆਸਤ ਦੀ ਡੰਗੋਰੀ ਕੰਮ ਨਹੀਂ ਆਉਂਦੀ। ਜਿਹੜੇ ਵੀ ਆਗੂ ਜਾਂ ਸਿਆਸੀ ਧਿਰ ਵੱਲੋਂ ਅਜਿਹਾ ਪੱਖਪਾਤ ਤੇ ਵਿਤਕਰਾ ਕੀਤਾ ਜਾਂਦਾ ਹੈ, ਉਸ ਤੋਂ ਉਸ ਦੀ ਸੰਵੇਦਨਹੀਣਤਾ ਹੀ ਝਲਕਦੀ ਹੈ। ਅਜਿਹੇ ਸੰਵੇਦਨਸ਼ੀਲ ਮਾਮਲਿਆਂ 'ਚ ਛੇਤੀ ਨਿਆਂ ਲਈ ਅਤੇ ਅਜਿਹੀਆਂ ਘਟਨਾਵਾਂ ਮੁੜ ਵਾਪਰਨ ਤੋਂ ਰੋਕਣ ਲਈ ਉਪਰਾਲੇ ਕਰਨੇ ਬਣਦੇ ਹਨ ਤਾਂ ਜੋ ਸਾਡੇ ਸਮਾਜਿਕ ਅਕਸ 'ਚੋਂ ਗ਼ੈਰ-ਜ਼ਿੰਮੇਵਾਰੀ ਵਾਲੀ ਸਿਆਸਤ ਦਾ ਝਾਉਲਾ ਨਾ ਪਵੇ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)



## ਸਿੱਖ ਪੰਥ ਦੇ ਵਿਦਵਾਨ

# ਗਿਆਨੀ ਦਿੱਤ ਸਿੰਘ ਜੀ

ਲੇਖਕ : ਗੁਰਸ਼ਰਨ ਸਿੰਘ ਕਸੇਲ, ਕਨੇਡਾ

ਇੰਗਲੈਂਡ ਦੀਆਂ ਅਖਬਾਰਾਂ ਵਿੱਚ 19 ਵੀਂ ਸਦੀ ਦੇ ਦੂਜੇ ਅੱਧ ਵਿੱਚ ਇਹ ਖ਼ਬਰ ਛੱਪ ਗਈ ਕਿ ਸਿੱਖ ਕੌਮ ਖਤਮ ਹੋ ਰਹੀ ਹੈ, ਅਤੇ ਆਉਂਦੇ 25 ਸਾਲਾਂ ਤਕ ਜਦ ਕਿਸੇ ਨੇ ਸਿੱਖ ਦੇ ਦਰਸ਼ਨ ਕਰਨੇ ਹੋਣਗੇ ਤਾਂ ਉਸ ਨੂੰ ਅਜਾਇਬ ਘਰ ਵਿੱਚ ਕੇਵਲ ਫੋਟੋ ਹੀ ਮਿਲਣਗੀਆਂ। ਇੰਝ ਉਹ ਲਿਖਦੇ ਵੀ ਕਿਉਂ ਨਾ, ਜਦੋਂ ਮਹਾਰਾਜਾ ਰਣਜੀਤ ਸਿੱਘ ਵੇਲੇ ਸਿੰਘਾਂ ਦੀ ਗਿਣਤੀ ਇਕ ਕਰੋੜ ਤੋਂ ਵੀ ਵਧ ਸੀ, ਪਰ 1881ਦੀ ਮਰਦੱਮ ਸ਼ੁਮਾਰੀ ਮੁਤਾਬਿਕ ਲਦਪਗ 18ਲਖ ਰਹਿ ਗਈ ਸੀ ।ਸੋ, ਐਸਾ ਖਿਆਲ ਸੁਭਾਵਕ ਸੀ; ਪਰ ਉਹਨਾਂ ਨੂੰ ਕੀ ਪਤਾ ਸੀ ਕਿ ਜਿਸ ਕੌਮ ਦੇ ਬਾਰੇ ਉਹ 1881ਵਿੱਚ ਲਿੱਖ ਰਹੇ ਹਨ, ਉਹ ਕੇਵਲ 38ਸਾਲਾਂ ਬਾਅਦ ਉਹਨਾਂ ਨਾਲ ਟੱਕਰ ਲਵੇਗੀ ਤੇ ਉਹਨਾਂ ਨੂੰ ਈਨ ਮਨਵਾ ਕੇ ਸਾਹ ਲਵੇਗੀ ਪਰ ਇਹ ਹੋਇਆ ਕਿਸ ਤਰ੍ਹਾਂ ? ਇਸ ਮਹਾਨ ਸਾਕੇ ਦਾ ਹੀਰੋ ਕੌਣ ਹੈ ? ਉਤਰ: ਗਿਆਨੀ ਸਿੰਘ ਜੀ ਹਨ।

ਸਾਡੀ ਕੌਮ ਵੀ ਨਿਰਾਲੀ ਹੈ।ਜਿੰਨ੍ਹੀ ਸਪੱਸ਼ਟ ਗੁਰਮਤਿ-ਵਿਚਾਰਧਾਰਾ ਅਤੇ ਨਿਆਰਾਪਨ ਗੁਰੂ ਸਾਹਿਬਾਨ ਨੇ ਇਸ ਨੂੰ ਦਿਤਾ ਹੈ; ਉਨ੍ਹੀ ਹੀ ਇਹ ਭਰਮਾਂ, ਵਿਹਮਾਂ ਵਿੱਚ ਫ਼ਸ ਕੇ ਆਪਣੀ ਹੋਂਦ ਲਈ ਖ਼ਤਰਾ ਪੈਦਾ ਕਰ ਰਹੀ ਹੈ।ਅੱਜ ਦੀ ਤਾਂ ਗੱਲ ਹੀ ਛੱਡੋ ਅੱਜ ਤੋਂ 150 ਸਾਲ ਪਹਿਲਾਂ ਵੀ ਇਸੇ ਹੀ ਬੀਮਾਰੀ ਵਿੱਚ ਫਸੀ ਪਈ ਸੀ।

ਅਕਾਲ ਪੁਰਖ ਬੇਅੰਤ ਹੈ। ਜਦੋਂ ਵੀ ਕੌਮ ਤੇ ਭੀੜ ਆਉਂਦੀ ਹੈ, ਉਹ ਖਾਲਸੇ ਨੂੰ ਭੀੜਾ ਰੁਪੀ ਅਗਨੀ ਵਿੱਚੋਂ ਸੋਨਾ ਬਣਾਕੇ ਕਢੱਦਾ ਆਇਆ ਹੈ।ਉਸ ਸਮੇਂ ਕੌਮ ਦਾ ਵੱਡਾ ਹਿੱਸਾ ਸਨਾਤਨੀ ਬਣ ਚੁਕਾ ਸੀ।ਗੁਰਮਤਿ ਤੋਂ ਅਣਜਾਣ ਹੋ ਕੇ ਠੇਡੇ ਖਾ ਰਹੇ ਸੀ ਅਤੇ ਸਾਹਹੀਣ ਹੋਇਆ ਪਿਆ ਸੀ ।ਉਸ ਸਮੇਂ ਇਸ ਨੂੰ ਅੰਗਰੇਜ਼ਾਂ ਦੀ ਗੁਲਾਮੀ, ਬਹੁ ਗਿਣਤੀ ਦੇ ਪ੍ਰਭਾਵ ਅਤੇ ਗੁਰੂ ਡੰਮ ਨੇ ਆ ਘੇਰਿਆ ਸੀ ।ਕੌਮ ਫੁਟ ਦਾ ਸ਼ਕਿਾਰ ਵੀ ਹੋਈ ਸੀ।ਐਸੇ ਬਿਪਤਾ ਭਰੇ ਸਮੇਂ ਵਿੱਚ ਗਿ: ਦਿਤ ਸਿੰਘ ਜੀ ਹਰ ਮੁਹਾਜ਼ ਉਤੇ ਡਟ ਗਏ।ਕੀ ਸਨਾਤਨੀ, ਕੀ ਆਰੀਆ ਸਮਾਜੀ, ਕੀ ਗੁਰਦੁਆਰਿਆਂ ਦੇ ਪੁਜਾਰੀ, ਸੱਭ ਨਾਲ ਟੱਕਰ ਲੈ ਕੇ ਗਿਆਨੀ ਜੀ ਨੇ ਕੌਮ ਨੂੰ ਆਪਣੇ ਪੈਰਾਂ ਉਤੇ ਖੜ੍ਹਾ ਕਰ ਦਿੱਤਾ। ਆਓ, ਇਨ੍ਹਾਂ ਦੇ ਜੀਵਨ ਤੋਂ ਕੁਝ ਸਿਖੀਏ ਤੇ ਕੌਮ ਨੂੰ ਕੁੰਭਕਰਨੀ ਨੀਂਦ ਵਿੱਚੋਂ ਜਗਾਉਣ ਦਾ ਉਪਰਾਲਾ ਕਰੀਏ।

ਗਿਆਨੀ ਦਿਤ ਸਿੰਘ ਜੀ ਦਾ ਜਨਮ ੨੧ ਅਪਰੈਲ ੧੮੫੨ ਨੂੰ ਪਟਿਆਲਾ ਰਿਆਸਤ ਦੇ ਨਗਰ ਅਨੰਦਪੁਰ ਕਲੌੜ ਵਿੱਚ ਭਾਈ ਦਿਵਾਨ ਸਿੰਘ ਜੀ ਦੇ ਘਰ ਵਿੱਚ ਹੋਇਆ।ਆਪ ਛੋਟੀ ਉਮਰ ਤੋਂ ਹੀ ਬਹਿਸ ਮੁਬਾਹਿਸਿਆਂ ਵਿੱਚ ਰੁਚੀ ਰਖਣ ਲਗ ਪਏ ਸਨ ਅਤੇ ਵਾਹਿਗੁਰੂ ਨੇ ਇੰਨ੍ਹੀ ਬਿਬੇਕ-ਬੁਧੀ ਬਖ਼ਸ਼ੀ ਸੀ ਕਿ ਖੋਟੇ ਖੱਰੇ ਵਿੱਚ ਸਹਿਜੇ ਹੀ ਨਿਖੇੜਾ ਕਰ ਲੈਂਦੇ ਸਨ।ਆਪ ਦੀ ਇਸ ਲਗਨ ਤੇ ਖਿਆਲਾਂ ਨੂੰ ਵੇਖ ਕੇ ਆਪ ਦੇ ਪਿਤਾ ਭਾਈ ਦਿਵਾਨ ਸਿੰਘ ਜੀ ਨੇ ਆਪ ਨੂੰ ਆਪਣੇ ਇਕ ਸਤਸੰਗੀ ਗੁਲਾਬ ਦਾਸੀਏ ਮਹਾਤਮਾ ਗੁਰਬਖਸ਼ ਸਿੰਘ ਜੀ ਦੇ ਡੇਰੇ, ਪਿੰਡ ਤਿਉੜ, ਜਿਲਾ ਅੰਬਾਲਾ ਵਿੱਖੇ ੧੦ ਕੁ ਸਾਲ ਦੀ ਉਮਰ ਵਿੱਚ ਹੀ ਭੇਜ ਦਿੱਤਾ।ਮਹਾਤਮਾ ਜੀ ਨੇ ਤੀਖਰ ਬੁਧੀ ਦੇ ਅਸਰ ਨੂੰ ਕਬੂਲਿਆਂ, ਕਿਉਂਕਿ ਉਨ੍ਹਾਂ ਵੇਖਿਆ ਕਿ ਆਪ ਅੱਖਰੀ ਗਿਆਨ ਝਟ ਹੀ ਗ੍ਰਹਿਣ ਕਰੀ ਜਾ ਰਹੇ ਹਨ।ਗੁਰਬਾਣੀ ਦੇ ਕੁਝ ਗ੍ਰੰਥ, ਜਿਵੇਂ ਪੰਜ ਗ੍ਰੰਥੀ, ਦਸ ਗ੍ਰੰਥੀ, ਭਾਈ ਗੁਰਦਾਸ ਜੀ ਦੀਆਂ ਵਾਰਾਂ,ਭਗਤ ਬਾਣੀ ਆਦਿ ਨੂੰ ਦੋ ਕੁ ਸਾਲਾਂ ਵਿੱਚ ਹੀ ਪੜ੍ਹ ਲਿਆ ਅਤੇ ਇਨ੍ਹਾਂ ਦੇ ਅਰਥ ਤੇ ਭਾਵਾਂ ਨੂੰ ਵੀ ਸਮਝਣ ਵਿੱਚ ਕਸਰ ਨਾ ਰਹੀ।ਆਪ ਇੰਨੇ ਮਿਹਨਤੀ ਤੇ ਚੰਗੇ ਬੁਧੀ ਵਾਲੇ ਸਾਬਤ ਹੋਏ ਕਿ ਪੰਜ ਛੇ ਸਾਲਾਂ ਵਿੱਚ ਹੀ ਉਰਦੂ ਅਤੇ ਪੰਜਾਬੀ ਦੇ ਨਾਲ ਪਿੰਗਲ ਵਿਆਕਰਣ, ਵੇਦਾਂਤ ਅਤੇ ਰਾਜਨੀਤੀ ਦੇ ਵੀ ਕਿੰਨੇ ਹੀ ਗ੍ਰੰਥਾਂ ਦਾ ਅਧਿਐਨ ਕਰ ਲਿਆ।੧੭-੧੮ ਸਾਲ ਦੀ ਉਮਰ ਵਿੱਚ ਆਪ ਜੀ ਦੀਆਂ ਪਿੰਗਲ, ਵਿਆਕਰਣ ਤੇ ਵਿਦਾਂਤਕ ਬਹਿਸਾਂ ਦੀਆਂ ਧੁੰਮਾਂ ਪੈ ਗਈਆਂ। ਭਾਈ ਗੁਰਬਖਸ ਸਿੰਘ ਜੀ ਗੁਲਾਬਦਾਸੀਏ ਮਹਾਤਮਾ ਦੀ ਸ਼ਰੇਣੀ ਵਿੱਚੋਂ ਸਨ, ਤੇ ਇਹ ਗੁਲਾਬਦਾਸੀਏ ਦੇ ਜ਼ੇਰੇ ਹੀ ਉਨ੍ਹੀ ਦਿਨੀ ਬਹੁਤੀ ਚਰਚਾ ਵਾਰਤਾ ਆਦਿ ਕਰਨ ਦੇ ਕੇਂਦਰ ਬਣੇ ਸਨ। ਪਰ ਦੂਜੇ ਬੰਨੇ ਆਮ ਸਿੱਖੀ ਦੀ ਹਾਲਤ ਬੜੀ ਨਿਗਰੀ ਹੋਈ ਸੀ। ਇਹ ਸਮਾਂ ਅੰਗਰੇਜ ਰਾਜ ਦਾ ਸੀ ਤੇ ਇਸਾਈਅਤ ਦੇ ਪ੍ਰਚਾਰ ਲਈ ਵੱਡੇ ਵੱਡੇ ਪਾਦਰੀ ਪੰਜਾਬ ਵਿੱਚ ਭੇਜੇ ਜਾ ਰਹੇ ਸਨ। ਉਸ ਸਮੇਂ ਸਿੱਖ ਪੰਥ ਦੀ ਦਿਸ਼ਾ ਲੂਣਹਰਾਮੀ ਡੋਗਰਿਆਂ ਦੀ ਅਕ੍ਰਿਤਘਣਤਾ ਕਾਰਨ ੧੮੪੯ ਈ. ਵਿੱਚ ਪੰਜਾਬ ਚੋਂ ਸਿੱਖ ਰਾਜ ਖਤਮ ਹੋ ਚੁੱਕਾ ਸੀ।ਜਿਸ ਦੇ ਫਲਸਰੂਪ ਕੌਮ ਵਿੱਚ ਇੰਨੀ ਆਤਮਹੀਣਤਾ ਆਈ ਕਿ ਕੌਮ ਲੜ ਖੜਾ ਗਈ। ਮੌਕਾ ਪ੍ਰਸਤ ਬਣੇ ਸਿੱਖ ਦੁਬਾਰਾ ਹਿੰਦੂ ਮੱਤ ਵਿੱਚ ਸ਼ਾਮਲ ਹੋਣੇ ਸ਼ੁਰੂ ਹੋ ਗਏ। ਸਤਲੁਜ ਤੋਂ ਉਰਾਰ ਦੇ ਸਿੱਖ ਸਰਦਾਰ, ਮਹਾਰਾਜੇ ਆਦਿ ਤਾਂ ਪਹਿਲਾਂ ਹੀ ੧੮੦੭ ਈ: ਵਿਚ ਆਪਣੀਆਂ ਕੁਰਸੀਆਂ ਖਾਤਰ ਅੰਗਰੇਜਾਂ ਦੇ ਜੀ-ਹਜ਼ੂਰੀਏ ਬਣ ਚੁੱਕੇ ਸਨ ਤੇ ਹੁਣ ਸਤਲੁਜ ਪਾਰ ਦੇ ਸਿੱਖ ਆਗੂਆਂ ਨੂੰ ਆਪਣੀ ਜਾਨ ਬਚਾਉਣ ਲਈ ਅੰਗਰੇਜਾਂ ਦੀ ਈਨ ਮੰਨਣੀ ਪਈ ਤੇ ਲਗਪਗ ਸਾਰੇ ਆਗੂ ਭਾਈ ਮਹਾਰਾਜ ਸਿੰਘ ਜੀ ਨੂੰ ਛੱਡ ਕੇ ਅੰਗਰੇਜਾਂ ਦੀ ਝੋਲੀ ਵਿਚ ਜਾ ਪਏ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਿੱਖ ਕੌਮ ਦੀ ਗਿਣਤੀ ਇਕ ਕਰੋੜ ਤੋਂ ਉਪਰ ਸੀ, ਪਰ ਗਿ:ਦਿੱਤ ਸਿੰਘ ਜੀ ਦੇ ਸਮੇਂ ਤਕ ਕੇਵਲ ੧੯ ਕੁ ਲੱਖ ਦੇ ਲਗਪਗ ਹੀ ਰਹਿ ਗਈ ਸੀ। ਸਿੱਖ ਫੋਜੀ ਹੁਣ ਅੰਗਰੇਜ ਦੀ ਫੋਜ ਭਰਤੀ ਹੋਣ ਲਗ ਪਏ ਸਨ ਪਰ ਇਸ ਦੇ ਬਾਵਜੂਦ ਵੀ ਅੰਗਰੇਜ ਦੀ ਇਹ ਕੋਸ਼ਸ਼ਿ ਜਾਰੀ ਰਹੀ ਕਿ ਸਿੱਖਾਂ ਨੂੰ ਜਥੇਬੰਧਕ ਤੌਰ ਤੇ ਇਕਠਾ ਨਾ ਹੋਣ ਦਿਤਾ ਜਾਵੇ। ਪਰ ਸਿੱਖਾਂ ਨੇ ਨਾਮਧਾਰੀ ਲਹਿਰ ਦੇ ਰੂਪ ਵਿਚ ਅੰਗਰੇਜਾਂ ਦੀ ਇਸ ਪਾਬੰਧੀ ਦੇ ਖਿਲਾਫ ਸਿਰ ਚੁਕਿਆ।

ਇਸ ਤੋਂ ਬਾਅਦ ਈਸਾਈਅਤ ਦੇ ਪ੍ਰਚਾਰ ਦੇ ਨਾਲ ਨਾਲ ਆਰੀਆ ਸਮਾਜੀਆਂ ਦੇ ਪਰਚਾਰ ਨੇ ਵੀ ਸਿੱਖ ਪੰਥ ਨੂੰ ਭਾਰੀ ਢਾਹ ਲਾਉਣੀ ਸ਼ੁਰੂ ਕਰ ਦਿਤੀ। ੧੮੯੧ ਈ: ਦੀ ਮਰਦਮ ਸ਼ੁਮਾਰੀ ਵਿਚ ਸਿੱਖਾਂ ਦੀ ਗਿਣਤੀ ਕੇਵਲ ੧੯ ਲਖ ੫੩ ਹਜਾਰ ੪੨੯ ਰਹਿ ਗਈ।

ਗਿਆਨੀ ਦਿਤ ਸਿੰਘ ਜੀ ਜਦ ਕਾਫੀ ਵਿਦਿਆ ਪ੍ਰਾਪਤ ਕਰ ਚੁੱਕੇ ਤਾਂ ਗੁਲਾਬਦਾਸੀ ਸੰਤਾਂ ਦੀ ਇਛਿਆ ਅਨੁਸਾਰ ਉਨ੍ਹਾਂ ਦੇ ਲਾਹੌਰ ਵਾਲੇ ਪ੍ਰਸਿਧ ਡੇਰੇ ਵਿੱਚ ਆ ਗਏ।ਚੱਠਿਆਂ ਵਾਲੇ ਦੇ ਸੰਤ ਦੇਸਾ ਸਿੰਘ ਜੀ ਦੀ ਸੰਗਤ ਨਾਲ ਆਪ ਹੁਣ ਸਾਧਾਂ ਵਾਲੇ ਫਕੀਰੀ ਲਿਬਾਸ ਦੇ ਧਾਰਨੀ ਹੋ ਗਏ ਤੇ ਸੱਭ ਤੋਂ ਪਹਿਲਾਂ ਆਪ ਨੇ ਗੁਲਾਬ ਦਾਸੀਆਂ ਦੇ ਪ੍ਰਚਾਰਕ ਦੇ ਤੌਰ ਹੀ ਲੋਕਾਂ ਦੀਆਂ ਮੀਟਿੰਗਾਂ ਵਿੱਚ ਆਪਣੇ ਲੈਕਚਰ ਦਿੱਤੇ।

ਇਸ ਸਮੇਂ ਪੰਜਾਬ ਵਿੱਚ ਅੰਗਰੇਜ਼ ਪੂਰੇ ਜ਼ੋਰ ਨਾਲ ਇਸਾਈ ਮਤ ਦਾ ਪ੍ਰਚਾਰ ਕਰ ਰਿਹਾ ਸੀ।ਇਸ ਪ੍ਰਚਾਰ ਦੇ ਵਿਰੋਧ ਵਿੱਚ ਆਰੀਆ ਸਮਾਜ ਦੀ ਲਹਿਰ ਹੋਂਦ ਵਿੱਚ ਆਈ।ਸਿੱਖਾਂ ਨੇ ਆਰੀਆ ਸਮਾਜੀਆਂ ਦੀ ਮਦੱਦ ਕੀਤੀ, ਕਿਉਂਕਿ ਆਰੀਆ ਸਮਾਜੀ ਵੀ ਮੂਰਤੀ ਪੂਜਾ ਨਹੀਂ ਕਰਦੇ ਤੇ ਸਿੱਖ ਵੀ ਮੂਰਤੀ ਪੂਜਕ ਨਹੀਂ ਹਨ।ਗਿਆਨੀ ਦਿੱਤ ਸਿੰਘ ਜੀ ਭਾਈ ਜਵਾਹਰ ਸਿੰਘ ਜੀ ਦੇ ਮਿਤਰ ਸਨ ਅਤੇ ਇਹਨਾਂ ਦੇ ਰਾਂਹੀਂ ਹੀ ਸੁਆਮੀ ਦਯਾ ਨੰਦ ਨਾਲ ਇਹਨਾਂ ਦਾ ਸੰਪਰਕ ਪੈਦਾ ਹੋਇਆ ।ਬਚਨ-ਬਿਲਾਸ ਕੀਤੇ ਹੋਏ ਤਾਂ ਸਵਾਮੀ ਦਯਾ ਨੰਦ ਜੀ ਜਾਣ ਗਏ ਕਿ ਇਹ ਸਾਡੇ ਵਿਰੁਧ ਹੋ ਗਏ ਹਨ।ਉਨ੍ਹਾਂ ਗਿਆਨੀ ਜੀ ਨੂੰ ਬਹੁਤ ਜ਼ੋਰ ਲਾਇਆ ਕਿ ਆਰੀਆ ਸਮਾਜ ਦੇ ਪ੍ਰਚਾਰ ਵਾਸਤੇ ਸਾਡਾ ਸਾਥ ਦੇਣ।ਗਿਆਨੀ ਜੀ ਜਿਨ੍ਹਾਂ ਗੁਲਾਬਦਾਸੀ ਸੰਤਾਂ ਦੇ ਸਭ ਤੋਂ ਪਹਿਲੇ ਪ੍ਰਚਾਰਕ ਬਣੇ ਸਨ, ਉਨ੍ਹਾਂ ਗੁਰਬਲਾਸੀਆਂ ਨੇ ਹੀ ਸੱਭ ਤੋਂ ਪਹਿਲਾਂ ਆਰੀਆ ਸਮਾਜ ਦਾ ਪ੍ਰਭਾਵ ਕਬੂਲ ਕਰਕੇ ਉਨ੍ਹਾਂ ਦੇ ਪੈਰੋਕਾਰ ਬਣਨਾ ਪ੍ਰਵਾਨ ਕਰ ਲਿਆ ਸੀ ।ਗਿਆਨੀ ਜੀ ਵੀ ਕੁਝ ਚਿਰ ਉਹਨਾਂ ਦੇ ਪ੍ਰੋਗਰਾਮ ਮੁਤਾਬਿਕ ਹੀ ਕੰਮ ਕਰਦੇ ਹਰੇ।

ਲਾਹੌਰ ਵਿੱਚ ਰਹਿੰਦਿਆਂ ਗਿਆਨੀ ਜੀ ਦੀ ਓਰੀਐਂਟਲ ਕਾਲਜ ਦੇ ਪ੍ਰੋ: ਗੁਰਮੁਖ ਸਿੰਘ ਜੀ ਨਾਲ ਇਕ ਵਾਰੀ ਭੇਂਟ ਹੋ ਗਈ।ਪ੍ਰੋਫੈਸਰ ਸਾਹਿਬ ਬੜੇ ਸੂਝਵਾਨ, ਦੂਰ ਦੀ ਸੋਚਣ ਵਾਲੇ ਗੁਰਸਿੱਖ ਸਨ।ਉਨ੍ਹਾਂ ਨੇ ਜ਼ੋਰ ਦਿੱਤਾ ਕਿ ਗਿਆਨੀ ਦਿਤ ਸਿੰਘ ਜੀ 'ਗਿਆਨੀ' ਦੀ ਸਿਖਿਆ ਪਾਸ ਕਰਨ ਤੇ ਫਿਰ ਇਥੇ ਉਨ੍ਹਾਂ ਕੋਲ ਲਾਹੌਰ ਵਿੱਚ ਹੀ ਰਹਿਣ।ਪ੍ਰੋ: ਗੁਰਮੁਖ ਸਿੰਘ ਜੀ ਦੀ ਸੰਗਤ ਦੀ ਬਦੌਲਤ ਗਿਆਨੀ ਜੀ ਨੇ ਸਿੱਖੀ ਦੇ ਪ੍ਰਭਾਵ ਨੂੰ ਕਬੂਲ ਲਿਆ।ਆਪ ਗੁਰਸਿੱਖੀ ਜੀਵਨ ਦੇ ਸਾਂਚੇ ਵਿੱਚ ਹੌਲੀ ਹੌਲੀ ਢਲ ਗਏ।ਗੁਰਮਤਿ ਫਲਾਸਫੀ ਦੇ ਮਹਾਨ ਸਿਧਾਂਤ ਨੇ ਇਹਨਾਂ ਦੀ ਕਾਇਆ ਕਲਪ ਕਰ ਦਿੱਤੀ।ਇਕ ਸਾਲ ਵਿੱਚ ਗਿਆਨੀ ਪਾਸ ਕਰ ਲਈ।ਓਦੋਂ ਗਿਆਨੀ ਦੀ ਭੜ੍ਹਾਈ ਵਿੱਚ ਅੱਜ ਵਾਂਗ ਨਿਰੀਆਂ ਕਿੱਸੇ ਕਹਾਣੀਆਂ ਹੀ ਨਹੀਂ ਸਨ, ਬਲਕਿ ਗੁੜ੍ਹ-ਗਿਆਨ ਦਾ ਮਸਾਲਾ ਪੜ੍ਹਨਾ ਪੈਂਦਾ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੂੜ੍ਹ ਭਾਵਾਂ ਨੂੰ ਸਮਝਣ ਤੇ ਆਮ ਅਰਥਾਂ ਤੋਂ ਜਾਂਣੂ ਹੋਣ ਦੀ ਲੋੜ ਪੈਂਦੀ ਸੀ।ਇਸ ਲਈ ਉਥੇ ਗੁਰਮਤਿ ਫਲਾਸਫੀ ਦੇ ਲੈਕਚਰਾਂ ਦਾ ਖਾਸ ਪ੍ਰਬੰਧ ਸੀ।ਗਿਆਨੀ ਦੀ ਪ੍ਰੀਖਿਆ ਚੰਗੇ ਨੰਬਰਾਂ ਵਿੱਚ ਪਾਸ ਕਰਨ ਉਪ੍ਰੰਤ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਜੋਰ ਦੇਣ ਤੇ ਆਪ ਉਥੇ ਕਾਲਜ ਵਿੱਚ ਹੀ ਮਨੁਖਤਾ ਦੇ ਗੁਣਾ ਉਤੇ ਲੈਕਚਰ ਦੇਣ ਲਗ ਪਏ ਅਤੇ ਉਦੋਂ ਤੋਂ ਆਪ ਦੀ ਬੋਲਣ ਸ਼ਕਤੀ ਵਿੱਚ ਵਾਧਾ ਹੋਣ ਲਗਾ।ਫਿਰ ਆਪ ਨੂੰ ਕਿਸੇ ਕਾਲਜ ਵਿੱਚ ਹੀ ਪੱਕੇ ਤੌਰ ਤੇ ਧਾਰਮਕ ਪ੍ਰੋਫੈਸਰ ਦੀ ਡੀਊਟੀ ਸੌਂਪ ਦਿੱਤੀ ਗਈ।ਜਿਸ ਨੂੰ ਆਪ ਨੇ ਇੰਨੀ ਯੋਗਤਾ ਨਾਲ ਨਿਭਾਇਆ ਕਿ ਦੋ ਕੁ ਸਾਲਾਂ ਵਿੱਚ ਹੀ ਆਪ ਦੇ ਹੁਨਰ ਦੀਆ ਧੁੰਮਾਂ ਪੈ ਗਈਆਂ ।ਇਕ ਵਿਦਵਤਾ, ਦੂਜੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਨੇ ਆਪ ਦੀ ਪ੍ਰਸਿੱਧਤਾ ਨੂੰ ਚਾਰ ਚੰਨ ਲਾ ਦਿਤੇ।ਦੂਜੇ ਪਾਸੇ ਆਰੀਆ ਸਮਾਜੀਆ ਦੀ ਲਹਿਰ ਨੂੰ ਸੁਧਾਰਕ ਤੇ ਈਸਾਈਅਤ ਦੇ ਉਲਟ ਸਮਝ ਕੇ ਸਿੱਖ, ਅਜੇ ਸੁਆਮੀ ਦਯਾ ਨੰਦ ਦੇ ਵਿਰੋਧੀ ਨਹੀਂ ਸਨ ਬਣੇ ਤੇ ਹਰ ਥਾਂ ਉਨ੍ਹਾਂ ਦਾ ਸਵਾਗਤ ਹੀ ਕੀਤਾ ਜਾ ਰਿਹਾ ਸੀ, ਪਰ ਸਿਆਣੇ ਤੇ ਦੂਰਅੰਦੇਸ਼ੀ ਸਿੱਖਾਂ ਨੇ ਸੁਆਮੀ ਦਯਾ ਨੰਦ ਦੇ ਪਰਚਾਰ ਨੂੰ ਸਿੱਖਾਂ ਲਈ ਮਾਰੂ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ; ਕਿਉਂਕਿ ਇਕ ਤਾਂ ਇਨ੍ਹਾਂ ਦੀ ਫਿਲਾਸਫੀ ਇਕ ਅਕਾਲ ਪੁਰਖ ਦੀ ਬਜਾਏ ਕੇਵਲ ਕੁਦਰਤ ਤਕ ਹੀ ਸੀਮਿਤ ਸੀ, ਤੇ ਦੂਜਾ ਮੁੰਡਨ ਆਦਿ ਦੇ ਇਹ ਪੱਕੇ ਹਾਮੀ ਸਨ।ਸਿੱਖਾਂ ਦੀ ਹਮਾਇਤ ਨੇ ਦਯਾ ਨੰਦ ਦਾ ਕਾਫੀ ਹੌਸਲਾ ਵਧਾਇਆ ਤੇ ਉਸ ਨੂੰ ਹੰਕਾਰ ਦੀ ਟੀਸੀ ਤੇ ਜਾ ਪਹੁੰਚਾਇਆ।ਉਹ ( ਦਯਾ ਨੰਦ ) ਆਪਣੇ ਆਪ ਨੂੰ ਰੱਬ ਹੀ ਸਮਝਣ ਲੱਗ ਪਇਆ ਤੇ ਹਰੇਕ ਨਾਲ ਬਹਿਸਾਂ ਕਰਨ ਲਗ ਪਿਆ। ਜੋ ਜੀਅ ਆਇਆ ਲਿਖੀ ਗਿਆ ਇਥੋਂ ਤਕ ਕਿ ਉਸ ਨੇ ਗੁਰੂ ਸਾਹਿਬਾਨ ਦੇ ਵਿਰੁਧ ਵੀ ਕਬੋਲ ਬੋਲੇ ਤੇ ਆਪਣੇ ਗਰੰਥ 'ਸਤਿਆਰਥ ਪ੍ਰਕਾਸ਼' ਵਿੱਚ ਗੁਰੂ ਸਾਹਿਬਾਨ ਦੇ ਵਿਰੁਧ ਬਹੁਤ ਗੱਲਤ ਗੱਲਾਂ ਲਿਖੀਆਂ।

ਉਸ ਸਮੇਂ ਹੀ ਨਾਮਧਾਰੀ ਲਹਿਰ ਦੀ ਸਿੱਖਾਂ ਅੰਦਰ ਇਕ ਹੋਰ ਬੀਮਾਰੀ ਵੀ ਫੈਲਦੀ ਜਾ ਰਹੀ ਸੀ।ਗੁਰੂ ਡੰਮ ਦਾ ਵੀ ਚੰਗਾ ਬੋਲ ਬਾਲਾ ਸੀ।ਇਕ ਪਾਸੇ ਨਾਮਧਾਰੀ ਦੂਜੇ ਪਾਸੇ ਨਿੰਰਕਾਰੀ ਤੀਜੇ ਪਾਸੇ ਗੁਰੂ ਅੰਸ਼ਾਂ ਦੇ ਕੁਝ ਸਾਹਿਬਜ਼ਾਦੇ; ਬਾਬਾ ਖੇਮ ਸਿੰਘ ਜੀ ਬੇਦੀ ਆਦਿ ਜੋ ਗੁਰੂ ਅੰਸ਼ ਵਿੱਚੋਂ ਸਨ, ਉਹ ਹਰ ਵੇਲੇ ਇਹੀ ਪ੍ਰਚਾਰ ਕਰਦੇ ਸਨ।

੧੮੭੩ ਈ: ਦੇ ਅੰਤ ਵਿਚ ਇਸਾਈਅਤ ਦੇ ਹੜ੍ਹ ਅੰਦਰ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਲੜਕੇ ਇਸਾਈ ਬਣਨ ਲਗੇ ਸਨ ਕਿ ਸਿੱਖ ਸੰਗਤ ਨੂੰ ਪਤਾ ਲਗ ਗਿਆ।ਇਸ ਗੱਲ ਨੇ ਸਿੱਖਾਂ ਨੂੰ ਟੁੰਬ ਦਿਤਾ।ਸੋ ਸਿੱਖ ਮੁਖੀਆਂ ਵੱਲੋਂ ਇਸ ਬੀਮਾਰੀ ਦੀ ਰੋਕ ਥਾਮ ਲਈ ੧੮੭੪ ਈ: ਵਿੱਚ ਹੀ, ਅੰਮ੍ਰਿਤਸਰ ਵਿੱਚ, ਸ੍ਰੀ ਗੁਰੂ ਸਿੰਘ ਸਭਾ ਕਾਇਮ ਕਰ ਲਈ।


ਜਿਵੇਂ ਇਸ ਸਮੇਂ ਆਰ: ਐਸ: ਐਸ: ਤੇ ਹੋਰ ਹਿੰਦੂ ਕਟੜ ਪਾਰਟੀਆਂ ਸਿੱਖਾਂ ਨੂੰ ਹਿੰਦੂ ਹੀ ਸਮਝਦੇ ਹਨ; ਉਵੇਂ ਹੀ ਧਰਮ ਪ੍ਰਚਾਰ ਦੀ ਅਣਹੋਂਦ ਕਾਰਨ, ਆਮ ਸਿੱਖ ਨੂੰ ਹਿੰਦੂਆਂ ਦਾ ਹਿਸਾ ਸਮਝ ਰਹੇ ਸਨ। ਸੋ, ਸੁਆਮੀ ਦੇ ਪ੍ਰਚਾਰ ਕਾਰਨ ਸਿੱਖ ਧੜਾਧੜ ਪਤਿਤ ਹੋਣ ਲਗੇ।ਇਸ ਧਾਰਮਿਕ ਹਮਲੇ ਨੂੰ ਰੋਕਣ ਲਈ ਕੌਮ ਦਰਦੀ ਮੈਦਾਨ ਵਿਚ ਉਤਰ ਆਏ।ਕਈ ਗੁਰਸਿੱਖਾਂ ਦੀ ਮਿਹਨਤ ਤੇ ਦ੍ਰਿੜਤਾ ਸਦਕਾ ਉਸ ਸਮੇਂ ਸਿੰਘ ਸਭਾ ਦੀ ਮਹਾਨ ਲਹਿਰ ਵਜੂਦ ਵਿਚ ਆਈ।ਗਿਆਨੀ ਦਿਤ ਸਿੰਘ ਜੀ ਨੇ ਉਸ ਸਮੇਂ ਆਰੀਆ ਸਮਾਜੀ ਸੁਆਮੀ ਨਾਲ ਟੱਕਰ ਲਈ ਤੇ ਗੁਰਮੱਤ ਦੇ ਅਟੱਲ ਅਸੂਲਾਂ ਨਾਲ ਉਸ ਨੂੰ ਤਕੜੀ ਹਾਰ ਦਿਤੀ।ਗਿਆਨੀ ਜੀ ਨੇ ਤਿੰਨ ਵਾਰ ਸੁਆਮੀ ਨਾਲ ਬਹਿਸ ਕੀਤੀ ਤੇ ਤਿੰਨੇ ਵਾਰ ਉਸ ਨੂੰ ਹਾਰ ਦਿਤੀ।

੧੮੭੪ ਈ: ਵਿਚ ਅੰਮ੍ਰਿਤਸਰ ਸਭ ਤੋਂ ਪਹਿਲੇ ਸਿੰਘ ਸਭਾ ਬਣੀ; ਪਰ ਕਈਆਂ ਕਾਰਨਾ ਕਰਕੇ ਢਿੱਲੀ ਪੈ ਗਈ ਸੀ।੧੮੭੯ ਈ: ਵਿਚ ਲਾਹੌਰ ਵੀ ਸਿੰਘ ਸਭਾ ਕਾਇਮ ਹੋ ਗਈ ਤੇ ਇਸ ਦੇ ਮੋਢੀ ਪ੍ਰ: ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਸਨ।੧੮੮੦ ਈ: ਵਿਚ ਸੱਭ ਤੋਂ ਪਹਿਲੇ ਗੁਰਮੁਖੀ ਦਾ ਅਖਬਾਰ ਲਾਹੌਰ ਸਿੰਘ ਸਭਾ ਦੇ ਪ੍ਰਬੰਧ ਹੇਠ ਨਿਕਲਿਆ, ਜਿਸ ਵਿੱਚ ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਦੇ ਮਜ਼ਮੂਨ ਨਿਕਲਨੇ ਸ਼ੁਰੂ ਹੋਏ, ਜਿਨ੍ਹਾਂ ਨੇ ਇਹਨਾਂ ਖਿਆਲਾਂ ਨੂੰ ਅਪਨਾਇਆ ਤੇ ਹਰ ਸ਼ਹਿਰ ਤੇ ਕਸਬੇ ਵਿੱਚ ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ । ਜੋ ਸੱਭ ਲਾਹੌਰ ਸਿੰਘ ਸਭਾ ਨਾਲ ਸੰਬੰਧਤ ਹੁੰਦੀਆਂ ਸਨ।

ਸਿੰਘ ਸਭਾ ਲਹਿਰ ਦਾ ਮੁਖ ਪ੍ਰਯੋਜਨ ਸਿੱਖ ਧਰਮ ਦਾ ਪ੍ਰਚਾਰ ਹੀ ਸੀ, ਪਰ ਇਸ ਦੇ ਨਾਲ ਸਮੇਂ ਦੇ ਵਾਤਾਵਰਨ ਦਾ ਅਸਰ ਤਾਂ ਉਸ ਤੇ ਪੈਣਾ ਹੀ ਸੀ।ਕਈ ਥਾਂਈਂ ਪੁਜਾਰੀਆਂ ਦੀਆਂ ਵਧੀਕੀਆਂ ਤੇ ਕਮਜ਼ੋਰੀਆਂ ਵਿਰੁਧ ਵੀ ਅਵਾਜ਼ ਉਠੀ, ਜਿਸ ਤੋਂ ਪੁਜਾਰੀਆਂ ਨੇ ਗੁਰਦੁਆਰਿਆਂ ਵਿੱਚ ਸਿੰਘ ਸਭਾ ਦੇ ਦਿਵਾਨ ਕਰਨ ਜਾਂ ਉਹਨਾਂ ਦੇ ਆਉਣ ਜਾਣ ਉਤੇ ਕੁਝ ਬੰਦਸ਼ਾਂ ਲਾ ਦਿਤੀਆਂ; ਪਰ ਸਿੰਘ ਸਭਾ ਲਹਿਰ ਦੇ ਪੂਰੇ ਜੋਬਨ ਤੇ ਹੋਣ ਕਾਰਨ ਪੁਜਾਰੀ ਵੀ ਸਹਿਮੇ ਹੋਏ ਸਨ ਤੇ ਬਾਬਾ ਖੇਮ ਸਿੰਘ ਜੀ ਨੂੰ ਵੀ ਹਾਨੀ ਹੋ ਰਹੀ ਸੀ।ਇਸ ਸਮੇਂ ਅੰਮ੍ਰਿਤਸਰ ਸਿੰਘ ਸਭਾ ਤੇ ਲਾਹੌਰ ਸਿੰਘ ਸਭਾ ਦਾ ਝਗੜਾ ਖੜ੍ਹਾ ਕੀਤਾ ਗਿਆ।ਕੁਝ ਲੋਕਾਂ ਨੇ ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਨੂੰ ਅਖੌਤੀ ਨੀਵੀ ਜਾਤ ਦੇ ਹੋਣ ਦਾ ਵਿਤਕਰਾ ਪਾਇਆ ਗਿਆ।ਇਧਰੋਂ ਇਹਨਾਂ ਵੱਲੋਂ ਵੀ ਬਾਬਾ ਖੇਮ ਸਿੰਘ ਜੀ ਦੇ ਵਿਰੁਧ ਅਖਬਾਰ ਵਿਚ ਗੁਰੂ ਡੰਮ ਦੀ ਨਿਖੇਦੀ ਕੀਤੀ ਗਈ।

ਗਿਆਨੀ ਦਿੱਤ ਸਿੰਘ ਜੀ ਹੁਰਾਂ ਆਰੀਆ ਸਮਾਜ ਤੇ ਗੁਰੂ ਡੰਮ੍ਹ ਵਿਰੁਧ ਜ਼ੋਰਦਾਰ ਮਹਿੰਮ ਸ਼ੁਰੂ ਕਰ ਦਿਤੀ।ਅਛੂਤ ਉਧਾਰ ਤੇ ਅਨੰਦ ਵਿਵਾਹ ਦੇ ਪ੍ਰਚਾਰ ਦਾ ਪ੍ਰੋਗਰਾਮ ਬਣਾਇਆ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਜਾਣ ਲਗਾ।ਇਸ ਸਮੇਂ ਲਾਹੌਰ ਵਿੱਚ ਪੰਜਾਬੀ ਪ੍ਰੈਸ ਵੀ ਖੋਲ ਦਿਤਾ ਗਿਆ।ਇਸ ਖਾਲਸਾ ਅਖਬਾਰ ਦੇ ਐਡੀਟਰ ਗਿਆਨੀ ਦਿਤ ਸਿੰਘ ਜੀ ਨਿਯੁਕਤ ਹੋਏ।ਗੁਰੂ ਡੰਮ੍ਹ ਦੇ ਵਿਰੁਧ 'ਖਾਲਸਾ ਅਖਬਾਰ' ਦਾ ਪ੍ਰਚਾਰ ਬਾਬਾ ਖੇਮ ਸਿੰਘ ਜੀ ਹੁਰਾਂ ਨੂੰ ਸਤਾ ਰਿਹਾ ਸੀ।ਕੁਝ ਸਮਾਂ ਤਾਂ ਸਿੰਘ ਸਭਾ ਲਹਿਰ ਦੇ ਵਿਰੋਧੀਆਂ ਦੀ ਕੁਝ ਪੇਸ਼ ਨਾ ਗਈ।ਜਦੋਂ ਫਰੀਦਕੋਟੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਉਣ ਪ੍ਰੋਗਰਾਮ ਬਣਾਇਆ ਤਾਂ ਉਸ ਵੇਲੇ ਕੌਮ ਦੇ ਕਾਫੀ ਵਿਦਵਾਨ ਇਕੱਠੇ ਹੋਏ।ਉਥੇ ਬਹੁਤੇ ਗਿਆਨੀ ਸਨਾਤਨੀ ਖਿਆਲਾਂ ਦੇ ਸਨ। ਪ੍ਰੋ: ਗੁਰਮੁਖ ਸਿੰਘ ਜੀ ਨੇ ਕਿਹਾ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਮਖੋਲ ਨਾ ਸਮਝੋ ਕਿ ਜੋ ਕੁਝ ਕੋਈ ਚਾਹੇ ਅਰਥ ਕਰ ਦੇਵੇ। ਪ੍ਰੋ: ਜੀ ਨੇ ਸਾਫ ਤੌਰ ਤੇ ਕਹਿ ਦਿਤਾ ਕਿ ਸਨਾਤਨੀ ਖਿਆਲਾਂ ਦੇ ਗਿਆਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਠੀਕ ਅਰਥ ਨਹੀਂ ਕਰ ਸਕਦੇ।ਖੇਮ ਸਿੰਘ ਜੀ ਸਨਾਤਨੀ ਵਿਚਾਰਾਂ ਦੇ ਕਾਫੀ ਹਾਮੀ ਸਨ ਇਸ ਲਈ ਉਹਨਾਂ ਬੁਰਾ ਮਨਾਇਆ।੧੮੮੬ ਈ: ਵਿਚ ਕੰਵਲ ਬਿਕ੍ਰਮ ਸਿੰਘ ਜੀ ਦੀ ਮੌਤ ਮਗਰੋਂ ਬੇਦੀ ਸਾਹਿਬ ਨੇ ਮੀਟਿੰਗ ਬੁਲਾਈ ਜਿਸ ਵਿੱਚ ਸਿਰਫ ਉਹਨਾਂ ਦੇ ਹੀ ਹਮਾਇਤੀ ਸਨ।

☛ ਬਾਕੀ ਅਗਲੇ ਸਫ਼ੇ 'ਤੇ




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 49

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਜਮੀਲੁੱਦੀਨ ਲੁੱਟਿਆ ਖ਼ਾਲਸੇ ਦੇ ਜੱਥਿਆਂ ਦੀ ਵੰਡ

ਮੁਲਕ 'ਰਾਖੀ' ਵਿਚ ਲੈ ਕੇ ਦਲ ਖ਼ਾਲਸਾ ਨੇ ਆਪਣੇ ਜੱਥੇ ਇਲਾਕਿਆਂ ਵਿਚ ਵੰਡ ਦਿੱਤੇ, ਜੋ ਫਿਰ੍ਹਫਿਰ ਕੇ ਰਾਖੀ ਕਰਨ ਲੱਗੇ ਸ: ਕਰੋੜਾ ਸਿੰਘ ਤੇ ਬਾਬਾ ਦੀਪ ਸਿੰਘ 'ਸ਼ਹੀਦ' ਦੇ ਜੱਥੇ ਸਤਲੁਜ ਤੋਂ ਦੱਖਣ ਵੱਲ ਚਲੇ ਗਏ। ਸਿੰਘਪੁਰੀਏ ਤੇ ਆਹਲੂਵਾਲੀਏ ਦਰਿਆ ਘਾਰਾ (ਬਿਆਸ ਤੇ ਸਤਲੁਜ ਦੇ ਮਿਲਾਪ-ਹਰੀਕੇ-ਤੋਂ ਥੱਲੇ) ਦੇ ਦੋਹੀਂ ਪਾਸੀਂ ਰਾਖੀ ਕਰਨ ਲਈ ਥਾਪੇ ਗਏ ਨਕਈ ਮਿਸਲ ਦੇ ਹਵਾਲੇ ਨੱਕੇ ਦਾ ਇਲਾਕਾ (ਚੂਹਣੀਆਂ ਤਸੀਲ ਤੇ ਉਸ ਦੇ ਨਾਲ ਲੱਗਦਾ ਇਲਾਕਾ) ਕੀਤਾ ਗਿਆ। ਸ: ਜੈ ਸਿੰਘ ਕਨ੍ਹਈਆ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਰਿਆੜਕੀ ਵਿਚ ਨੀਯਤ ਹੋਏ। ਸ: ਚੜ੍ਹਤ ਸਿੰਘ ਸ਼ੁਕਰਚੱਕੀਆਂ ਤੇ ਸ: ਹਕ ਸਿੰਘ ਭੰਗੀ ਦੁਆਬਾ ਰਚਨਾ (ਰਾਵੀ ਤੇ ਝਨਾਂ ਦੇ ਵਿਚਲਾ ਹਿੱਸਾ) ਤੇ ਦੁਆਬਾ ਚੱਜ (ਝਨਾਂ ਤੇ ਜਿਹਲਮ ਦੇ ਵਿਚਕਾਰ) ਉੱਤੇ ਕਾਬਜ਼ ਹੋਏ।

ਨਸ਼ਾਨਾਂਵਾਲੀ ਮਿਸਲ ਤੇ ਡੱਲੇਵਾਲੀ ਮਿਸਲ ਅੰਮ੍ਰਿਤਸਰ ਰਹੀਆਂ, ਤਾਂ ਜੋ ਕਿਤੇ ਲੋੜ ਪਏ, ਤਾਂ ਮਦਦ ਪੁਚਾਈ ਜਾ ਸਕੇ।

ਪੰਜਾਬ ਦੇ ਬਹੁਤੇ ਉਪਜਾਊ ਹਿੱਸੇ ਉੱਤੇ ਸਿੰਘਾਂ ਨੇ ਆਪਣਾ ਕਬਜ਼ਾ ਜਮਾ ਲਿਆ ਸੀ। ਇਹ ਇਲਾਕਾ ਛੇਤੀ ਹੀ ਇਕ ਮਜ਼ਬੂਤ 'ਸਿੱਖ ਰਾਜ ਵਿਚ ਬਦਲ ਜਾਂਦਾ, ਜੇ ਕਦੇ ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ, ਸਿੱਖਾਂ ਦੇ ਰਾਹ ਵਿਚ ਨਾ ਆ ਜਾਂਦਾ।ਅਬਦਾਲੀ ਦੇ ਚੌਥੇ ਹਮਲੇ ਨੇ ਇਕ ਵਾਰ ਫੇਰ ਸਾਰੇ ਦੇਸ ਵਿਚ ਭਾਜੜ ਪਾ ਦਿੱਤੀ।

## ਅਬਦਾਲੀ ਦਾ ਚੌਥਾ ਹਮਲਾ

ਇਸ ਵਾਰ ਅਹਿਮਦਸ਼ਾਹ ਅਬਦਾਲੀ ਸੱਦਣ ਵਾਲੇ ਨਜੀਬੁੱਦੌਲਾ, ਮੁਰਾਦ ਬੇਗਮ ਤੇ ਦਿੱਲੀ ਦਾ ਬਾਦਸ਼ਾਹ ਆਲਮਗੀਰ ਦੂੱਜਾ ਸੀ। ਅਬਦਾਲੀ 15 ਨਵੰਬਰ, 1756 ਈ। ਨੂੰ ਪਿਸ਼ਾਵਰ ਤੋਂ ਤੁਰਿਆ ਤੇ 20 ਦਸੰਬਰ ਨੂੰ ਲਾਹੌਰ ਆ ਪੁੱਜਾ। ਉਹ ਬਾਰਾਂ ਦਿਨ ਲਾਹੌਰ ਰਿਹਾ ਤੇ ਓਥੋਂ ਅਮੀਰਾਂ ਕੋਲੋਂ ਨਜ਼ਰਾਨੇ ਲਏ ।

## ਅਬਦਾਲੀ ਲਾਹੌਰ ਵਿਚ ਅਦੀਨਾ ਬੇਗ ਨੱਸ ਗਿਆ

ਰਾਹ ਵਿਚਲਾ ਇਲਾਕਾ ਸਾਰਾ ਲੁੱਟ ਲਿਆ ਗਿਆ ਸੀ। ਅਬਦਾਲੀ ਨੇ ਜਹਾਨ ਖ਼ਾਂ ਨੂੰ ਜਲੰਧਰ ਦੁਆਬਾ ਵੱਲ ਭੇਜਿਆ। ਅਦੀਨਾ ਬੇਗ ਡਰਦਾ ਹਾਂਸੀ ਹਿਸਾਰ ਨੂੰ ਨੱਸ ਗਿਆ ਤੇ ਜਹਾਨ ਖਾਂ ਨੇ ਸਾਰਾ ਦੁਆਬਾ ਲੁੱਟ ਕੇ ਤਬਾਹ ਕਰ ਦਿੱਤਾ। ਅਦੀਨਾ ਬੇਗ ਹਾਂਸੀ ਛੱਡ ਕੇ ਫੇਰ ਸਣੇ ਪਰਵਾਰ ਕਾਂਗੜੇ ਦੇ ਪਹਾੜਾਂ ਅਦੀਨਾ ਬੇਗ ਨੱਸ ਗਿਆ।

ਲਾਹੌਰੋਂ ਅਬਦਾਲੀ ਨੇ ਸਿੱਧਾ ਦਿੱਲੀ ਦਾ ਰੁਖ਼ ਕੀਤਾ। ਉਹ 10 ਜਨਵਰੀ, 1751 ਈ। ਨੂੰ ਦਰਿਆ ਸਤਲੁਜ ਟਪਿਆ। ਮੁਰਾਦ ਬੇਗਮ ਉਸ ਨੂੰ ਕਰਨਾਲ ਆ ਮਿਲੀ ਤੇ ਨਜੀਬੁੱਦੌਲਾ 'ਨਰੇਲਾ' ਕੋਲ 16 ਜਨਵਰੀ ਨੂੰ 19 ਜਨਵਰੀ ਨੂੰ ਦਿੱਲੀ ਦਾ ਵਜ਼ੀਰ ਗ਼ਾਜ਼ੀਉੱਦੀਨ ਅਬਦਾਲੀ ਦੇ ਕੈਂਪ ਵਿਚ ਹਾਜ਼ਰ ਹੋਇਆ, ਜੋ 20 ਜਨਵਰੀ ਨੂੰ ਕੈਦ ਕਰ ਲਿਆ ਗਿਆ।

## ਅਬਦਾਲੀ ਦਿੱਲੀ ਵਿਚ

28 ਜਨਵਰੀ, 1757ਈ: ਨੂੰ ਅਬਦਾਲੀ ਦਿੱਲੀ ਵਿਚਦਾਖਲ ਹੋਇਆ। ਇਸ ਵਾਰ ਪਿਸ਼ਾਵਰ ਤੋਂ ਤੁਰ ਕੇ ਦਿੱਲੀ ਤੱਕ ਉਸ ਨੂੰ ਇਕ ਵੀ ਗੋਲੀ ਨਾ ਚਲਾਉਣੀ ਪਈ।

## ਦਿੱਲੀ ਵਿਚ ਦੁਰਾਨੀਆਂ ਦੇ ਜ਼ੁਲਮ

ਦਿੱਲੀ ਵਿਚ ਵੜਦਿਆਂ ਹੀ ਉਸ ਨੇ ਸ਼ਹਿਰ ਲੁਟਣਾ ਸ਼ੁਰੂਕਰ ਦਿੱਤਾ। ਮੁਰਾਦ ਬੇਗਮਨੇ ਦੱਸ-ਦੱਸ ਕੇ ਅਮੀਰਾਂ ਦੇ ਘਰ ਲੁਟਾਏ। ਏਥੇ ਹੀ ਬੱਸ ਨਹੀਂ, ਬੇਗਮ ਨੇ ਇਹ ਵੀ ਦੱਸਿਆ, ਕਿ ਕਿਸ ਅਮੀਰ ਦੇ ਘਰ ਸੁੰਦਰ ਲੜਕੀ ਜਾਂ ਇਸਤਰੀ ਹੈ। ਸਾਧਾਰਨ ਲੁੱਟ ਪਿਛੋਂ ਸ਼ਹਿਰ ਨੂੰ ਪੱਤੀਆਂ ਵਿਚ ਵੰਡ ਕੇ ਇਕ-ਇਕ ਘਰ ਲੁੱਟਿਆ ਗਿਆ। ਲੁਕਿਆ ਹੋਇਆ ਮਾਲ ਕੱਢਣ ਵਾਸਤੇ ਘਰਾਂ ਦੇ ਫ਼ਰਸ਼ ਪੁੱਟੇ ਗਏ ਤੇ ਛੱਤਾਂ ਢਾਹੀਆਂ ਗਈਆਂ। ਪਿਛੋਂ ਘਰ ਪ੍ਰਤੀ ਚੰਦਾ (ਟੈਕਸ) ਲਾ ਕੇ ਉਗਰਾਹਿਆ ਗਿਆ। ਲੋਕਾਂ ਦੀਆਂ ਜੁਆਨ ਧੀਆਂ ਤੇ ਇਸਤਰੀਆਂ ਵਾਲਾਂ ਤੋਂ ਫੜ ਕੇ ਧੂਹੀਆਂ ਗਈਆਂ। ਦੁਰਾਨੀ ਸਿਪਾਹੀਆਂ ਦੀ ਵਾਸ਼ਨਾ ਪੂਰੀ ਕਰਨ ਵਾਸਤੇ ਨਿੱਤ ਨਵੇਂ ਸੂਰਜ ਘਰਾਂ ਤੋਂ ਇਸਤਰੀਆਂ ਕੱਢ ਕੇ ਲਿਆਂਦੀਆਂ ਜਾਂਦੀਆਂ। ਕਈਆਂ ਦੀ ਏਸੇ ਤਰਾਂ ਜਾਨ ਗਈ ਤੇ ਕਈਆਂ ਨੇ ਆਪਣੀ ਪਤ ਬਚਾਉਣ ਵਾਸਤੇ ਖੂਹਾਂ ਵਿਚ ਛਾਲਾਂ ਮਾਰ ਕੇ, ਫਾਹ ਲੈ ਕੇ, ਜ਼ਹਿਰ ਖਾ ਕੇ ਜਾਨ ਦੇ ਦਿੱਤੀ। ਏਸ ਤਰਾਂ ਦਿੱਲੀ ਦੇ ਹਜ਼ਾਰਾਂ ਵਸਨੀਕ ਆਤਮਘਾਤ ਕਰ ਕੇ ਮਰੇ ਤੇ ਹਜ਼ਾਰਾਂ ਦੁਰਾਨੀ ਸਿਪਾਹੀਆਂ ਦੇ ਹੱਥੋਂ ਕਤਲ ਕੀਤੇ ਗਏ। ਇਹ ਹਾਲਤ ਇਕ ਮਹੀਨੇ ਤਕ ਰਹੀ। ਬਾਦਸ਼ਾਹ ਆਲਮਗੀਰ ਦੂਜੇ ਦੀ ਲੜਕੀ

## ਜ਼ੁਹਰਾ ਬੇਗਮ

ਜ਼ੁਹਰਾ ਬੇਗਮ ਦਾ ਵਿਆਹ ਸ਼ਹਿਜ਼ਾਦਾ ਤੈਮੂਰ ਸ਼ਾਹ (ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ) ਨਾਲ ਕੀਤਾ ਗਿਆ।

## ਹਜ਼ਰਤ ਬੇਗਮ

ਸਹੀ ਅਰਥਾਂ ਵਿਚ ਅਜੇਹੇ ਵਿਆਹ ਲੁੱਟ ਦਾ ਮਾਲ ਹੀ ਹੁੰਦੇ ਹਨ। ਬਾਦਸ਼ਾਹ ਮੁਹੰਮਦ ਸ਼ਾਹ ਦੀ ਸੋਲਾਂ ਸਾਲ ਦੀ ਕੁਆਰੀ ਲੜਕੀ-ਹਜ਼ਰਤਬੇਗਮ-ਅਬਦਾਲੀ ਨੇ ਆਪਣੇ ਘਰ ਪਾ ਲਈ।

## ਸ਼ਾਹੀ ਘਰਾਣੇ ਤੇ ਅਮੀਰਾਂ ਦੀਆਂ ਲੜਕੀਆਂ ਬੰਨ ਲਈਆਂ

ਸ਼ਾਹੀ ਘਰਾਣੇ ਦੀਆਂ ਹੋਰ ਸਤਾਰਾਂ ਲੜਕੀਆਂ ਤੇ ਚਾਰ ਸੌ ਲੜਕੀਆਂ ਨਵਾਬਾਂ ਤੇ ਅਮੀਰਾਂਦੀਆਂ ਬੰਨ੍ਹਕੇ ਅਬਦਾਲੀ ਲੁੱਟ ਦੇ ਮਾਲ ਵਿਚ ਅਫ਼ਗ਼ਾਨਿਸਤਾਨ ਨੂੰ ਨਾਲ ਲੈ ਗਿਆ।

20 ਫ਼ਰਵਰੀ ਨੂੰ ਮੁਰਾਦ ਬੇਗਮ ਨੇ ਅਬਦਾਲੀ ਦੇ ਨਜ਼ਰਾਨਾ ਪੇਸ਼ ਕੀਤਾ ਅਬਦਾਲੀ ਨੇ ਆਪਣੀ ਹੀਰਿਆਂ ਜੜੀ ਕਲਗ਼ੀ ਸਣੇ ਪੱਗ ਬੇਗਮ ਦੇ ਸਿਰ 'ਤੇ ਧਰ ਦਿੱਤੀ ਤੇ

## ਮੁਰਾਦ ਬੇਗਮ ਨੂੰ ਖ਼ਿਤਾਬ ਉਮਦਾ ਬੇਗਮ ਦਾ ਵਿਆਹ

ਉਸ ਨੂੰ ਆਪਣਾ ਪੁੱਤਰ ਕਹਿਕੇ 'ਸੁਲਤਾਨ ਮਿਰਜ਼ਾ' ਦਾ ਖ਼ਿਤਾਬ ਦਿੱਤਾ। ਬੇਗਮ ਦੇ ਕਹਿਣ ਉੱਤੇ ਅਬਦਾਲੀ ਨੇ ਉਸ ਦੀ ਲੜਕੀ ਉਮਦਾ ਬੇਗਮ ਦਾ ਵਿਆਹਗ਼ਾਜ਼ੀਉੱਦੀਨ ਵਜ਼ੀਰ (ਜੋ ਪਹਿਲਾਂ ਤੋਂ ਉਹਦੇ ਕੋਲ ਸੀ) ਨਾਲ ਕੀਤਾ, ਤੇ ਉਸ ਨੂੰ ਦਿੱਲੀ ਦਾ ਵਜ਼ੀਰ ਰਹਿਣ ਦਿੱਤਾ। ਅਬਦਾਲੀ ਦੇ ਹੁਕਮ ਨਾਲ ਗਾਜ਼ੀਉੱਦੀਨ ਨੂੰ ਆਪਣੀਆਂ ਪਹਿਲੀਆਂ

☛ ਬਾਕੀ ਅਗਲੇ ਅੰਕ ਵਿੱਚ

- ਪਿਛਲੇ ਸਫ਼ੇ ਦਾ ਬਾਕੀ -

ਮੌਕਾ ਵੇਖ ਕੇ ਉਹਨਾਂ ਫੈਸਲਾ ਕਰ ਦਿਤਾ ਕਿ ਪ੍ਰੋ: ਗੁਰਮੁਖ ਸਿੰਘ ਜੀ ਨੂੰ ਪੰਥ ਵਿਚੋਂ ਛੇਕ ਦਿਤਾ ਜਾਵੇ।ਸੋ, 17 ਮਾਰਚ 1887 ਨੂੰ ਸ੍ਰੀ ਅਕਾਲ ਤਖਤ ਦੇ ਹੈਡ ਪੁਜਾਰੀ, ਸ੍ਰੀ ਦਰਬਾਰ ਸਾਹਿਬ, ਗੁਰਦੁਆਰਾ ਬਾਬਾ ਅਟਲ, ਝੰਡਾ ਬੁੰਗਾ ਤੇ ਸ਼ਹੀਦ ਗੰਜ ਦੇ ਪੁਜਾਰੀਆਂ ਦੇ ਦਸਖਤਾਂ ਹੇਠ ਹੁਕਮਨਾਮਾ ਜਾਰੀ ਕੀਤਾ ਗਿਆ ਕਿ ਪ੍ਰੋ: ਗੁਰਮੁਖ ਸਿੰਘ ਸਿੱਖੀ ਤੋਂ ਛੇਕੇ ਜਾਂਦੇ ਹਨ; ਕਿਉਂਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਜਿਹੇ ਮਹਾਨ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਸ਼ਿ ਕੀਤੀ ਹੈ।

ਇਸ ਸਰਾਸਰ ਨਜ਼ਾਇਜ਼ ਵਧੀਕੀ ਤੇ ਚਲਾਕੀ ਨੇ ਗਿਆਨੀ ਜੀ ਦੇ ਮਨ ਵਿਚ ਇਨ੍ਹਾ ਜੋਸ਼ ਭਰ ਦਿਤਾ ਕਿ ਉਨ੍ਹਾਂ ਨੇ ਨੋਟਸਾਂ ਤੇ ਅਖਬਾਰਾਂ ਰਾਂਹੀਂ ਉਸ ਹੁਕਮਨਾਮੇ ਦੀ ਪੁਰਜ਼ੋਰ ਮੁਖਾਲਫਤ ਕਰਕੇ ਉਸ ਦੀਆਂ ਧਜੀਆਂ ਉਡਾ ਦਿਤੀਆਂ।ਗਿਆਨੀ ਜੀ ਨੇ ਇਕ "ਸੁਪਠੱ ਨਾਟਕ" ਦੇ ਨਾਮ ਥਲੇ ਡਰਾਮਾ ਲਿਖਿਆ । ਉਸ ਵਿਚ ਹਾਸ ਰਸ ਨਾਲ ਇਨ੍ਹਾਂ ਪੁਜਾਰੀਆਂ ਤੇ ਗੁਰੂ ਡੰਮੀਆਂ ਦੇ ਕਾਰਨਾਮਿਆਂ ਦੀ ਹੂ-ਬ-ਹੂ ਤਸਵੀਰ ਖਿੱਚ ਕੇ ਰੱਖ ਦਿਤੀ ਕਿ ਕਿਵੇਂ ਇਹ ਲੋਕ ਆਪਣੇ ਆਪ ਦੀ ਪੂਜਾ ਲੋਕਾਂ ਕੋਲੋ ਕਰਵਾਉਂਦੇ ਹਨ ਅਤੇ ਕਿਵੇਂ ਸਿੱਖ ਧਰਮ ਨੂੰ ਨੁਕਸਾਨ ਪੁਚਾ ਰਹੇ ਹਨ।

ਬਾਬਾ ਸੁਮੇਲ ਸਿੰਘ ਮਹੰਤ ਪਟਨਾ ਸਾਹਿਬ ਤੇ ਬਾਬਾ ਖੇਮ ਸਿੰਘ ਜੀ ਤਾਂ ਇਸ ਨਾਟਕ ਨੂੰ ਪੜ੍ਹਦੇ ਸੜਬਲ ਉਠੇ। ਸੋ, ਉਦੇ ਸਿੰਘ ਬੇਦੀ ਜੀ ਨੂੰ ਅੱਗੇ ਲਾਇਆ ਗਿਆ ਅਤੇ ਗਿਆਨੀ ਜੀ ਵਿਰੁਧ ਮੁਕਦਮਾ ਚਲਵਾਕੇ ਪ੍ਰੈਸ ਤੇ ਅਖਬਾਰ ਦੋਨੋਂ ਬੰਦ ਕਰਵਾ ਦਿਤੇ।ਅਖ਼ਬਾਰ ਤੇ ਪ੍ਰੈਸ ਬੰਦ ਹੋਣ ਨਾਲ 'ਸਿੰਘ ਸਭਾ ਲਹਿਰ' ਨੂੰ ਭਾਰੀ ਨੁਕਸਾਨ ਹੋਇਆ।ਮੁਕੱਦਮੇ ਤੋਂ ਵਿਹਲੇ ਹੁੰਦਿਆਂ ਹੀ ਗਿਆਨੀ ਜੀ ਨੇ ਫਿਰ ਆਪਣੀਆ ਕੋਸ਼ਸ਼ਿਾਂ ਜਾਰੀ ਕਰ ਦਿਤੀਆਂ।ਪ੍ਰੋ: ਗੁਰਮੁਖ ਸਿੰਘ ਜੀ ਨੇ ਇਸ ਕੰਮ ਵਿੱਚ ਹਿੱਸਾ ਪਾਇਆ।ਸੰਨ 1890 ਵਿੱਚ ਪ੍ਰੈਸ ਤੇ ਅਖ਼ਬਾਰ ਫਿਰ ਚਾਲੂ ਹੋ ਗਏ।

ਇਸ ਤੋਂ ਇਲਾਵਾ ਗੁਰਬਾਣੀ ਤੇ ਗੁਰੁ ਭਾਵਾਂ ਦੇ ਅਰਥਾਂ ਤੇ ਗੁਰਮਿਤ ਫਿਲਾਸਫ਼ੀ ਬਾਰੇ ਗਿਆਨੀ ਜੀ ਨੇ ਲੇਖ ਲਿਖਣੇ ਸ਼ੁਰੂ ਕਰ ਦਿੱਤੇ।ਪੂਰੇ ਜੋਰ ਨਾਲ ਇਹ ਪ੍ਰਚਾਰ ਕੀਤਾ ਗਿਆ ਕਿ 'ਧੁਰ ਕੀ ਬਾਣੀ' ਦੇ ਹੁੰਦਿਆਂ ਹੋਰ ਕਿਸੇ ਦੇਹਧਾਰੀ ਗੁਰੂ ਦੀ ਲੋੜ ਨਹੀਂ।

ਉਹਨਾਂ ਦਿਨਾਂ ਵਿਚ ਦਰਬਾਰ ਸਾਹਿਬ ਦੀ ਪ੍ਰਕਰਮਾਂ ਤੇ ਦਰਸ਼ਨੀ ਡਿਉਢੀ ਤੇ ਹੋਰ ਕਈ ਥਾਂਈਂ ਮੂਰਤੀਆਂ ਪਈਆਂ ਹੁੰਦੀਆਂ ਸਨ। ਗਿਆਨੀ ਜੀ ਨੇ ਇਸ ਮਨਮਤ ਦਾ ਖੰਡਨ ਕੀਤਾ ਤੇ ਬੁਤ ਪੂਜਾ ਤੋਂ ਸਿੱਖਾਂ ਨੂੰ ਰੋਕਿਆ।ਇਨ੍ਹਾਂ ਦੇ ਇਸ ਪ੍ਰਚਾਰ ਨਾਲ ਦਰਸ਼ਨੀ ਡਿਉਢੀ ਵਿੱਚੋਂ ਪੁਜਾਰਿਆਂ ਨੇ ਬੁਤ ਚੁੱਕ ਲਏ; ਪਰ ਪ੍ਰਕਰਮਾਂ ਵਿੱਚੋਂ ਅਕਾਲੀ ਲਹਿਰ ਸਮੇਂ ਹੀ ਚੁੱਕੇ ਗਏ।ਉਸ ਸਮੇਂ ਸ੍ਰੀ ਅਕਾਲ ਤਖਤ ਤੇ ਦਰਬਾਰ ਸਾਹਿਬ ਪੁਜਾਰੀਆਂ ਦਾ ਕਬਜਾ ਸੀ, ਇਸ ਲਈ ਉਥੇ ਭਾਰੀ ਛੂਤ-ਛਾਤ ਦਾ ਖਿਆਲ ਰਖਿਆ ਜਾਂਦਾ ਸੀ।

ਉਸ ਸਮੇਂ ਵੀ ਕਈ ਦੰਭੀ ਤੇ ਪਖੰਡੀ ਲੋਕ ਗੁਰਮਤਿ ਨੂੰ ਗਲਤ ਮਲਤ ਕਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੇ ਅਨਰਥ ਕਰ ਰਹੇ ਸਨ, ਜਿਸ ਨਾਲ ਮਨਮਤ ਦਾ ਪ੍ਰਚਾਰ ਹੋ ਰਿਹਾ ਸੀ ਤੇ ਬਾਣੀ ਦੇ ਅਸਲੀ ਭਾਵ ਨਹੀਂ ਦੱਸੇ ਜਾਂਦੇ ਸਨ।ਗਿਆਨੀ ਜੀ ਨੇ ਗੁਰਬਾਣੀ ਦੇ ਗੂੜ੍ਹ ਅਰਥਾਂ ਦੀ ਵਿਆਖਿਆ ਲੇਖਾਂ ਤੇ ਲੈਕਚਰਾਂ ਰਾਂਹੀਂ ਕਰਨੀ ਸ਼ੁਰੂ ਕੀਤੀ ਸੀ।

੧੯੯੦ ਈ: ਵਿੱਚ ਖਾਲਸਾ ਕਾਲਜ ਬਣਾਉਣ ਦੀ ਗੱਲ ਚਲੀ; ਪਰ ਝਗੜਾ ਖੜ੍ਹਾ ਹੋ ਗਿਆ ਕਿ ਕਾਲਜ ਲਾਹੌਰ ਬਣੇ ਜਾਂ ਅੰਮ੍ਰਿਤਸਰ ।ਇਸ ਸਮੇਂ ਸ੍ਰ: ਦਿਆਲ ਸਿੰਘ ਮਜੀਠਾ ਜੋ ਉਘੇ ਸਰਦਾਰਾਂ ਵਿੱਚੋਂ ਸਨ ਤੇ ਔਲਾਦ ਨਾ ਹੋਣ ਕਰਕੇ ਲੱਖਾਂ ਰੁਪਏ ਇਸ ਕਾਰਜ ਲਈ ਦੇਣ ਦੇ ਇਛੱਕ ਸਨ, ਕਾਲਜ ਦਾ ਨਾਂਅ 'ਦਿਆਲ ਸਿੰਘ ਕਾਲਜ' ਰੱਖਣ ਤੇ ਹੀ ਸਹਾਇਤਾ ਕਰਨ ਲਈ ਤਿਆਰ ਸਨ; ਪਰ ਗਿਆਨੀ ਜੀ ਤੇ ਪ੍ਰੋ: ਗੁਰਮੁਖ ਸਿੰਘ ਜੀ ਅੜ੍ਹ ਗਏ ਕਿ ਕਾਲਜ ਦਾ ਨਾਮ 'ਖਾਲਸਾ ਕਾਲਜ' ਹੀ ਹੋਣਾ ਚਾਹੀਦਾ ਹੈ।ਇਸ ਜਿਦ ਦਾ ਫਾਇਦਾ ਆਰੀਆ ਸਮਾਜੀ ਉਠਾ ਗਏ ਤੇ ਦਿਆਲ ਸਿੰਘ ਕਾਲਜ ਲਾਹੌਰ ਵਿੱਚ ਬਣਾ ਲਿਆ।

ਛੇਤੀ ਹੀ ਗਿਆਨੀ ਜੀ ਤੇ ਪ੍ਰੋ: ਗੁਰਮੁਖ ਸਿੰਘ ਜੀ ਨੇ ਅੰਮ੍ਰਿਤਸਰ ਖਾਲਸਾ ਕਾਲਜ ਖੋਲਣ ਦਾ ਪ੍ਰਬੰਧ ਕਰ ਲਿਆ।ਜੋ ੫ ਮਾਰਚ,੧੯੯੨ ਈ: ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ 'ਖਾਲਸਾ ਕਾਲਜ' ਦਾ ਨੀਂਹ ਪੱਥਰ ਰਖ ਦਿੱਤਾ ।੨੨ ਅਕਤੂਬਰ ੧੯੯੩ ਈ: ਨੂੰ ਹਾਈ ਸਕੂਲ ਦੀ ਸ਼ਕਲ ਵਿੱਚ ਕਾਲਜ ਦੀ ਆਰੰਭਕ ਰਸਮ ਅਦਾ ਕੀਤੀ ਗਈ।

੧੯੧੯-੧੯੨੫ ਈ: ਵਿੱਚ ਅਕਾਲੀ ਲਹਿਰ ਦੇ ਸਮੇਂ ਸਿੱਖ ਫ਼ੌਜੀਆਂ ਨੇ ਜੋ ਹਿਸਾ ਪਾਇਆ ਸੀ, ਉਹ ਗਿਆਨੀ ਜੀ ਦੀ ਸਿੱਖੀ ਦੀ ਗੁੜ੍ਹਤੀ ਦਾ ਹੀ ਫਲ ਸੀ।

ਗੁਰਸਿੱਖੀ ਲਈ ਪਿਆਰ ਤੇ ਸ਼ਰਧਾ, ਗੁਰਬਾਣੀ ਦਾ ਸਤਿਕਾਰ ਤੇ ਨਿੱਤ ਦੇ ਜੀਵਨ ਵਿੱਚ ਗੁਰਬਾਣੀ ਹੀ ਸਿੱਖ ਦਾ ਜੀਵਨ ਆਸਰਾ ਹੈ, ਇਨ੍ਹਾਂ ਵਿਸ਼ਿਆਂ ਨੂੰ ਪ੍ਰਗਟਾਉਣ ਲਈ ਗਿਆਨੀ ਜੀ ਨੇ ਅਨੇਕਾਂ ਲੈਕਚਰ ਕੀਤੇ, ਮਜ਼ਬੂਨ ਲਿੱਖੇ।ਉਨ੍ਹਾਂ ਦਾ ਬਹੁਤਾ ਸਮਾਂ ਸਿੱਖੀ ਪ੍ਰਚਾਰ ਵੱਲ ਹੀ ਲੱਗਾ ਰਿਹਾ।

ਗਿਆਨੀ ਜੀ ਦੇ ਪ੍ਰਚਾਰ ਦੇ ਢੰਗ ਸਦਕਾ ਕਾਫੀ ਹਿੰਦੂ ਪ੍ਰਵਾਰ ਵੀ ਸਿੱਖੀ ਵਿੱਚ ਦਾਖਲ ਹੋਏ ਸਨ। ੧੯੯੬ ਈ: ਵਿੱਚ ਸਿੰਘ ਸਭਾ ਦੇ ਮੋਢੀ ਪ੍ਰੋ: ਗੁਰਮੁਖ ਸਿੰਘ ਜੀ ਗੁਰਪੁਰੀ ਪਧਾਰ ਗਏ। ਉਧਰ ਗਿਆਨੀ ਜੀ ਦੇ ਘਰ ਦੇ ਹਾਲਾਤ ਕਾਫੀ ਖਰਾਬ ਹੋ ਗਏ।ਇਨ੍ਹਾਂ ਦੀ ਸਪੁਤਰੀ ਕਾਫੀ ਲੰਮੀ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਈ, ਜਿਸ ਦੀ ਬੀਮਾਰੀ ਤੇ ਕਾਫੀ ਖਰਚ ਕੀਤਾ ਗਿਆ ਸੀ।ਇਸ ਕਰਕੇ ਘਰ ਦੀ ਹਾਲਤ ਅਤਿ ਨਾਜ਼ਕ ਹੋ ਗਈ ਤੇ ੧੯੦੧ ਈ: ਵਿੱਚ ਅਖਬਾਰ ਵੀ ਬੰਦ ਹੋ ਗਿਆ।

ਗਿਆਨੀ ਜੀ ਵੀ ਅੰਤ ਇਸ ਸੰਸਾਰ ਤੋਂ ੦੬ ਸੰਤਬਰ, ੧੯੦੧ ਨੂੰ ਕੂਚ ਕਰ ਗਏ ਤੇ ਕੌਮ ਨੂੰ ਵਿਲਕਦਿਆ ਛੱਡ ਗਏ। ਆਓ, ਉਹਨਾਂ ਵੱਲੋਂ ਆਰੰਭੇ ਗੁਰਮਤਿ ਪ੍ਰਚਾਰ ਨੂੰ ਅਗੇ ਤੋਰੀਏ ਅਤੇ ਸਿੱਖੀ ਪਹਿਰਾਵੇ ਵਿੱਚ ਵੱਧ ਰਹੇ ਅਖੌਤੀ ਸੰਤ-ਸਾਧ, ਗੁਰੂ-ਡੰਮ੍ਹ, ਡੇਰਾਵਾਦ ਤੇ ਉਨ੍ਹਾਂ ਵੱਲੋਂ ਗੁਰਬਾਣੀ ਦਾ ਭੁਲੇਖਾ ਪਾ ਕੇ ਪ੍ਰਚਾਰੀ ਜਾ ਰਹੀ ਕੱਚੀ ਬਾਣੀ ਤੋਂ ਸਿੱਖਾਂ ਨੂੰ ਜਾਗਰੂਕ ਕਰੀਏ।

### ਗਿ: ਦਿਤ ਸਿੰਘ ਜੀ ਦੀ ਸ਼ਖਸੀਅਤ:

ਗਿਆਨਵਾਨ: ਗਿਆਨੀ ਦਿਤ ਸਿੰਘ ਜੀ ਪੂਰਨ ਵਿਦਵਾਨ ਸਨ। ਉਹਨਾਂ ਦੀ ਤੀਖਰ ਬੁਧੀ ਤੇ ਹਾਜਰ ਜੁਓਬੀ ਤੋਂ ਵਡੇ ਵਡੇ ਧੁਰੰਧਰ ਵਿਦਵਾਨ ਵੀ ਖੰਮ ਖਾਂਦੇ ਸਨ। ਦਇਆ ਨੰਦ, ਆਰੀਆ ਸਮਾਜ ਦਾ ਮੋਢੀ ਜੋ ਬਾਕੀ ਮਤਾਂ ਨੂੰ ਬਿਨਾਂ ਕਿਸੇ ਦਲੀਲ ਦੇ ਛੁਟਿਆਉਣ ਵਿਚ ਕਾਫੀ ਮਾਹਿਰ ਆਪਣੇ ਆਪ ਨੂੰ ਸਮਝਦਾ ਸੀ, ਆਪ ਜੀ ਅਗੇ ਇਉਂ ਡਰਦਾ ਸੀ, ਜਿਵੇਂ ਸ਼ੇਰ ਤੋਂ ਭੇਡਾਂ ਡਰਦੀਆਂ ਹਨ।

**ਦੂਰੰਦੇਸ਼ ਆਗੂ:** ਕੌਮ ਦੀ ਨਿਘਰਦੀ ਹਾਲਤ ਨੂੰ ਕਿਵੇਂ ਤੇ ਕਿਸ ਤਰ੍ਹਾਂ ਸੁਧਾਰਨਾ ਹੈ, ਇਸ ਲਈ ਦੂਰਅੰਦੇਸੀ ਦਾ ਜੋ ਸਬੂਤ ਉਨ੍ਹਾਂ ਨੇ ਦਿਤਾ, ਉਹ ਇਕ ਆਗੂ ਵਿੱਚ ਹੋਣਾ ਜ਼ਰੂਰੀ ਹੈ. ਉਹਨਾਂ ਨੂੰ ਪਤਾ ਸੀ ਕਿ ਕੌਮ ਨੂੰ ਜੇ ਇਕ ਵਾਰੀ ਗੁਰਬਾਣੀ ਦੇ ਲੜ ਲਾ ਦਿਤਾ ਗਿਆ ਤਾਂ ਉਹ ਦਿਨ ਦੂਰ ਨਹੀਂ, ਜਦੋਂ ਕੌਮ ਆਜ਼ਾਦੀ ਦੇ ਸੁਫਨੇ ਲਵੇਗੀ। ਭਾਵੇਂ ਆਪ ਜੀ ਨੂੰ ਇਸ ਮਨੋਰਥ ਦੀ ਪੂਰਤੀ ਲਈ ਅੰਗਰੇਜਾਂ ਨਾਲ ਗੰਢ-ਤੁਪ ਵੀ ਕਰਨੀ ਪਈ, ਪਰ ਅਸੂਲਾਂ ਤੇ ਕਾਇਮ ਰਹਿ ਕੇ ਹੀ ਐਸਾ ਕੀਤਾ ਗਿਆ।

**ਨਿਡਰ, ਨਿਰਭੈ:** ਆਪ ਸੱਚੀ ਗੱਲ ਕਹਿਣ ਲਗਿਆਂ ਝਿਜਕਦੇ ਨਹੀਂ ਸਨ, ਭਾਵੇਂ ਉਸਦਾ ਆਪ ਨੂੰ ਕਿੰਨਾ ਵੀ ਮੁਆਮਜ਼ਾ ਦੇਣਾ ਪਵੇ। ਬੇਦੀ ਖੇਮ ਸਿੰਘ, ਮਹੰਤ ਸੁਮੈਰ ਸਿੰਘ ਪਟਨਾ ਸਾਹਿਬ ਆਦਿ ਦੀ ਖੁਲ੍ਹੇ ਆਮ ਵਿਰੋਧਤਾ ਕੀਤੀ; ਜੋ ਆਪਣੇ ਆਪ ਨੂੰ ਸਿੱਖ ਪੰਥ ਦੇ ਵਾਹਿਦ ਨੇਤਾ ਅਖਵਾਉਂਦੇ ਸਨ। ਪ੍ਰੋ; ਗੁਰਮੁਖ ਸਿੰਘ ਜੀ ਦੇ ਵਿਰੁਧ ਨਿਕਲੇ ਹੁਕਮਨਾਮੇ ਦੀਆਂ ਧਜੀਆਂ ਉਡਾ ਦਿਤੀਆਂ। ਇਥੋਂ ਤਕ ਕਿ ਇਤਿਹਾਸਿਕ ਗੁਰਦੁਆਰਿਆਂ ਦੇ ਪੁਜਾਰੀਆਂ ਨੂੰ, ਜਿਨ੍ਹਾਂ ਕੋਲ ਗੁੰਡੇ ਵੀ ਸਨ, ਦੀ ਖੇਹ ਉਡਾਈ।

**ਮਿਤਰਤਾ ਨਿਭਾਉਣੀ:** ਗਿਆਨੀ ਜੀ, ਪੂਰਨ ਗੁਰਸਿੱਖਾਂ ਵਾਂਗ ਸੱਚੇ ਮਿੱਤਰ ਸਨ ਤੇ ਜਿਨ੍ਹਾਂ ਨੂੰ ਆਪਨੇ ਆਪਣੇ ਮਿੱਤਰ ਬਣਾਇਆਂ, ਉਹਨਾਂ ਨਾਲ ਮਿੱਤਰਤਾ ਪੂਰੀ ਨਿਭਾਈ। ਜਦੋਂ ਪ੍ਰੋ: ਗੁਰਮਖ ਸਿੰਘ ਜੀ ਨੂੰ ਅਕਾਲ ਤਖਤ ਸਾਹਿਬ ਦੀ ਕੁਰਵਤੋਂ ਕਰਕੇ ਕਾਬਜ ਪੁਜਾਰੀਆਂ, ਬੇਦੀ ਸਾਹਿਬਜ਼ਾਦਿਆਂ, ਸਨਾਤਨੀ ਗਿਆਨੀਆਂ ਸਦਕਾ ਜਦੋਂ ਛੇਕਿਆ ਗਿਆ ਤਾਂ ਆਪਨੇ ਉਹਨਾਂ ਮਹੰਤਾਂ ਵਿਰੁਧ ਧੂਆਂਧਾਰ ਪ੍ਰਚਾਰ ਕੀਤਾ ਤੇ ਉਹਨਾਂ ਦੇ ਪੈਰ ਉਖੇੜ ਕੇ ਰਖ ਦਿਤੇ। ਕਿਥੇ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮਨਾਮਾਂ ਕੌਮ ਨੇ ਹਰ ਹਾਲਤ ਪਾਲਣਾ ਕਰਨਾ ਸੀ ਤੇ ਕਿਥੇ ਇਹ ਹੁਕਮਨਾਮਾ ਗਿਆਨੀ ਜੀ ਦੀਆਂ ਲਿਖਤਾਂ, ਲੈਕਚਰਾਂ ਆਦਿ ਨਾਲ ਉਂਵੇ ਨਪਿਆ ਗਿਆ।

**ਦ੍ਰਿੜ ਇਰਾਦਾ:** ਗੁਰਬਾਣੀ ਗੁਰਸਿੱਖ ਲਈ ਜੀਵਨ ਦਾ ਰਾਹ ਹੈ। ਇਸ ਦੇ ਤੁਰਨ ਨਾਲ ਮਨੁੱਖ ਦ੍ਰਿੜ ਇਰਾਦੇ ਵਾਲਾ ਹੋ ਜਾਂਦਾ ਹੈ।ਸਾਰਾ ਇਤਿਹਾਸ ਗਵਾਹੀ ਦਿੰਦਾ ਹੈ ਕਿ ਗੁਰਮਤਿ ਵਿੱਚ ਦ੍ਰਿੜ ਮਨੁੱਖ ਆਪਣਾ ਸਭ ਕੁਝ ਵਾਰਕੇ ਵੀ ਦਿਲ ਨਹੀਂ ਹਾਰਦੇ।ਗਿਆਨੀ ਜੀ ਵੀ ਇਸੇ ਲੋਰੀਆਂ ਵਿਚ ਪੱਲੇ ਸਨ। ਇਹੋ ਹੀ ਕਾਰਨ ਹੈ ਕਿ ਬਾਵਜੂਦ ਇਨੀਆਂ ਮੁਸੀਬਤਾਂ, ਮੁਕਦਮਿਆਂ, ਗਰੀਬੀ ਆਦਿ ਹੋਣ ਤੇ ਦਿਲ ਨਹੀਂ ਹਾਰਿਆ।

**ਸੁਧਾਰਕ:** ਗਿਆਨੀ ਜੀ ਅਨਮਤੀਆਂ ਦੇ ਕਰਮ-ਕਾਂਡਾਂ ਤੇ ਕੁਰੀਤੀਆਂ ਦੇ ਵਡੇ ਸੁਧਾਰਕ ਸਨ।ਆਪ ਦੀਆਂ ਦਲੀਲਾਂ, ਉਕਤੀਆਂ, ਯੁਕਤੀਆਂ ਦਾ ਕਿਸੇ ਨੇ ਵੀ ਮੁਕਾਬਲਾ ਨਾ ਕੀਤਾ ਤੇ ਆਪ ਜੀ ਦੀ ਇਸ ਕਾਮਯਾਬੀ ਨੇ ਹੀ ਆਪ ਦੀ ਪ੍ਰਸਿਧਤਾ ਨੂੰ ਵਧਾਇਆ। ਪਛੜੀਆਂ ਸ਼ਰੇਣੀਆਂ ਨੂੰ , ਜੋ ਉਸ ਸਮੇਂ ਵੀਸਾਈ ਪਾਦਰੀਆਂ ਦੀ ਪ੍ਰੇਰਨਾ ਸਦਕਾ ਈਸਾਈ ਮਤ ਧਾਰਨ ਕਰ ਰਹੀਆਂ ਸਨ, ਨੂੰ ਗੁਰਮਤਿ ਸਮਝਾ ਕੇ ਗੁਰਸਿੱਖੀ ਦੀ ਫੁਲਵਾੜੀ ਅੰਦਰ ਸ਼ਾਮਲ ਕੀਤਾ।

ਆਪ ਜੀ ਨੇ ਅੰਨਦ ਵਿਆਹ ਦਾ ਜ਼ੋਰਦਾਰ ਪ੍ਰਚਾਰ ਕੀਤਾ। ਬ੍ਰਾਹਮਣਵਾਦ ਵਲੋਂ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਲਈ ਰਚਨਾਵਾਂ ਰਚੀਆਂ, ਲੈਕਚਰ ਦਿਤੇ।

# ਖ਼ੁਦਕੁਸ਼ੀਆਂ ਦੀ ਮਹਾਂਮਾਰੀ ਨੂੰ ਨਕਾਰਨਾ ਮੁਸ਼ਕਿਲ



ਲੇਖਕ : ਰਣਜੀਤ ਪਵਾਰ

ਭਾਰਤ ਵਿੱਚ ਜਿੰਨੇ ਲੋਕ ਖ਼ੁਦਕੁਸ਼ੀ ਕਰ ਜਾਂਦੇ ਹਨ, ਓਨੇ ਦੁਨੀਆ ਵਿੱਚ ਹੋਰ ਕਿਤੇ ਨਹੀਂ ਕਰਦੇ। ਸਾਲ 2016 ਦੇ ਅੰਕੜਿਆਂ ਮੁਤਾਬਿਕ ਭਾਰਤ ਵਿੱਚ ਇੱਕ ਲੱਖ ਦੀ ਆਬਾਦੀ ਪਿੱਛੇ ਖ਼ੁਦਕੁਸ਼ੀ ਦੀ ਦਰ 16.5 ਫੀਸਦੀ ਸੀ ਜਦੋਂਕਿ ਆਲਮੀ ਔਸਤ 10.5 ਫੀਸਦ ਦੀ ਹੈ। ਆਖ਼ਰ ਲੋਕਾਂ ਵੱਲੋਂ ਇੰਝ ਆਪਣੀ ਜਾਨ ਲੈਣ ਦੇ ਕੀ ਕਾਰਨ ਹਨ? ਕੀ ਖ਼ੁਦਕੁਸ਼ੀ ਦੀ ਅਲਾਮਤ ਕੋਈ ਨਿੱਜੀ ਵਰਤਾਰਾ ਹੈ ਜਾਂ ਕੀ ਸਾਡੀਆਂ ਸਮਾਜਿਕ, ਪ੍ਰਸ਼ਾਸਕੀ, ਆਰਥਿਕ, ਵਿਦਿਅਕ ਅਤੇ ਧਾਰਮਿਕ ਪ੍ਰਣਾਲੀਆਂ ਨੂੰ ਵੀ ਅੱਗੇ ਆ ਕੇ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ?

ਮਾਨਸਿਕ ਸਿਹਤ, ਨਸ਼ਿਆਂ ਦੀ ਲ਼ਤ, ਤਲਾਕ, ਪ੍ਰੇਮ ਸਬੰਧਾਂ ’ਚ ਨਾਕਾਮੀ, ਜਿਨਸੀ ਹਿੰਸਾ, ਦੀਵਾਲੀਆਪਣ, ਵਿਦਿਅਕ ਦਿੱਕਤਾਂ, ਬੇਰੁਜ਼ਗਾਰੀ ਅਤੇ ਗ਼ਰੀਬੀ ਖ਼ੁਦਕੁਸ਼ੀ ਦੇ ਪ੍ਰਮੁੱਖ ਕਾਰਨਾਂ ਵਿੱਚ ਗਿਣੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਦੱਖਣੀ ਏਸ਼ੀਆ ਦੇ ਦੇਸ਼ਾਂ ਅੰਦਰ ਭਾਈਚਾਰੇ ਅੰਦਰ ਆਪਣਾ ਸਨਮਾਨ ਗੁਆ ਲੈਣ ਦਾ ਇੱਕ ਖ਼ਾਸ ਕਾਰਨ ਵੀ ਜੋੜਿਆ ਜਾਂਦਾ ਹੈ। ਭਾਰਤ, ਖ਼ਾਸਕਰ ਸਮਾਜ ਦੇ ਕੁਝ ਖ਼ਾਸ ਤਬਕਿਆਂ ਵਿੱਚ ਖ਼ੁਦਕੁਸ਼ੀ ਦੀ ਉੱਚੀ ਦਰ ਦੇ ਕਾਰਨਾਂ ਦੀ ਪੜਤਾਲ ਕਰਨ ਦੀ ਲੋੜ ਹੈ। ਵਰਲਡ ਹੈਪੀਨੈਸ ਰਿਪੋਰਟ 2024 ਵਿੱਚ 143 ਦੇਸ਼ਾਂ ’ਚੋਂ ਭਾਰਤ 126ਵੇਂ ਨੰਬਰ ’ਤੇ ਆਉਂਦਾ ਹੈ; ਦੇਖਿਆ ਜਾਵੇ ਤਾਂ ਇਹ ਸਭ ਤੋਂ ਹੇਠਲੇ ਪੱਧਰ ਦੇ ਦੇਸ਼ਾਂ ਵਿੱਚ ਸ਼ੁਮਾਰ ਹੁੰਦਾ ਹੈ; ਆਪਣੇ ਗੁਆਂਢੀ ਪਾਕਿਸਤਾਨ ਅਤੇ ਨੇਪਾਲ ਤੋਂ ਵੀ ਹੇਠਾਂ। ਭਾਰਤ ਵਿੱਚ ਦੁਖੀ ਲੋਕਾਂ ਦੀ ਸੰਖਿਆ ਐਨੀ ਜ਼ਿਆਦਾ ਕਿਉਂ ਹੈ? ਸਾਂਝੇ ਪਹਿਲੂਆਂ ਤੋਂ ਇਲਾਵਾ ਭਾਰਤ ਵਿੱਚ ਖ਼ੁਦਕੁਸ਼ੀ ਦੇ ਗ੍ਰਾਫ਼ ਦਾ ਇੱਕ ਖ਼ਾਸ ਪੈਟਰਨ ਹੈ; ਨੌਜਵਾਨਾਂ, ਘੱਟ ਆਮਦਨ ਵਾਲੇ ਸਮੂਹਾਂ, ਕਿਸਾਨਾਂ ਅਤੇ ਔਰਤਾਂ ਅੰਦਰ ਖ਼ੁਦਕੁਸ਼ੀ ਦੀ ਦਰ ਬਹੁਤ ਜ਼ਿਆਦਾ ਹੈ।

ਭਾਰਤ ਵਿੱਚ 15 ਤੋਂ 29 ਸਾਲਾਂ ਤੱਕ ਦੀ ਉਮਰ ਦੇ ਨੌਜਵਾਨਾਂ ਦਾ ਵੱਡਾ ਹਿੱਸਾ ਖ਼ੁਦਕੁਸ਼ੀ ਕਰ ਜਾਂਦਾ ਹੈ ਅਤੇ ਭਾਰਤ ਦੀ ਆਬਾਦੀ ਵਿੱਚ ਇਸ ਉਮਰ ਵਰਗ ਦਾ ਹਿੱਸਾ 53.7 ਫ਼ੀਸਦੀ ਬਣਦਾ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੀ 2020 ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ 35 ਤੋਂ ਵੱਧ ਵਿਦਿਆਰਥੀ ਹਰ ਰੋਜ਼ ਖ਼ੁਦਕੁਸ਼ੀ ਕਰ ਜਾਂਦੇ ਹਨ। ਇਸ ਸਾਲ ਰਾਜਸਥਾਨ ਦੇ ਕੋਟਾ ਵਿੱਚ 13 ਵਿਦਿਆਰਥੀਆਂ ਨੇ ਆਪਣੀ ਜਾਨ ਦਿੱਤੀ ਹੈ ਜਦੋਂਕਿ ਪਿਛਲੇ ਸਾਲ ਇਸ ਕੋਚਿੰਗ ਹੱਬ ਵਿੱਚ 26 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਸੀ। ਗਲਵੱਢ ਮੁਕਾਬਲੇਬਾਜ਼ੀ, ਵੱਧ ਅੰਕ ਹਾਸਿਲ ਕਰਨ ਦਾ ਦਬਾਅ ਅਤੇ ਫੇਲ੍ਹ ਹੋ ਜਾਣ ਦੇ ਹਰ ਵਕਤ ਦੇ ਡਰ (ਜੋ ਕਈ ਵਾਰ ਮਾਪਿਆਂ ਵੱਲੋਂ ਵੀ ਵਧਾ ਦਿੱਤਾ ਜਾਂਦਾ ਹੈ) ਨੂੰ ਝੱਲਣਾ ਉਨ੍ਹਾਂ ਲਈ ਔਖਾ ਹੋ ਜਾਂਦਾ ਹੈ। ਨੌਕਰੀ ਲੈਣ ਵਾਲਿਆਂ ਦੀ ਤਾਦਾਦ ਬਹੁਤ ਜ਼ਿਆਦਾ ਹੈ ਜਦੋਂਕਿ ਅਸਾਮੀਆਂ ਦੀ ਗਿਣਤੀ ਬਹੁਤ ਘੱਟ ਹੈ। ਕਰੀਬ 10 ਫ਼ੀਸਦੀ ਭਾਰਤੀ ਨੌਜਵਾਨ ਬੇਰੁਜ਼ਗਾਰ, ਨਾਖੁਸ਼, ਬੇਚੈਨ ਅਤੇ ਆਪਣਾ ਰੋਜ਼ਮੱਰ੍ਹਾ ਦਾ ਗੁਜ਼ਾਰਾ ਚਲਾਉਣ ਤੋਂ ਵੀ ਅਸਮੱਰਥ ਹਨ। ਰੁਜ਼ਗਾਰ ਦੇ ਮਾਮਲੇ ਵਿੱਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਬਹੁਤ ਪਿੱਛੇ ਹਨ। ਨੌਕਰੀਆਂ ਦੀ ਘਾਟ ਹੀ ਨਹੀਂ ਸਗੋਂ ਮੁਨਾਸਿਬ ਚੋਣ ਪ੍ਰਕਿਰਿਆ, ਮੈਰਿਟ ਆਧਾਰਿਤ ਭਰਤੀ ਦੀ ਵੀ ਅਣਹੋਂਦ ਹੈ ਜਿਸ ਕਰ ਕੇ ਰੋਸ ਅਤੇ ਨਿਰਾਸ਼ਾ ਪੈਦਾ ਹੁੰਦੇ ਹਨ। ਰਾਜਸਥਾਨ ਲੋਕ ਸੇਵਾ ਕਮਿਸ਼ਨ ਨੂੰ ਪਿਛਲੇ ਚਾਰ ਸਾਲਾਂ ਦੌਰਾਨ ਪੇਪਰ ਲੀਕ ਅਤੇ ਨਤੀਜਿਆਂ ਨਾਲ ਛੇੜਛਾੜ ਦੇ ਮੁਕੱਦਮਿਆਂ ਕਰ ਕੇ ਬਹੁਤ ਸਾਰੀਆਂ ਭਰਤੀ ਪ੍ਰੀਖਿਆਵਾਂ ਰੱਦ ਕਰਨੀਆਂ ਪਈਆਂ ਹਨ। ਬਾਕੀ ਸੂਬਿਆਂ ਵਿੱਚ ਇਹੋ ਜਿਹੀਆਂ ਘਟਨਾਵਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ।

ਖ਼ੁਦਕੁਸ਼ੀ ਕਰਨ ਵਾਲਿਆਂ ’ਚ ਦੋ ਤਿਹਾਈ ਅਨੁਪਾਤ ਸਭ ਤੋਂ ਘੱਟ ਆਮਦਨ ਵਰਗ ਦੇ ਲੋਕਾਂ ਦਾ ਬਣਦਾ ਹੈ। ਇਸ ਤੋਂ ਇਲਾਵਾ, ਸਾਲ 2022 ਵਿੱਚ 11,290 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਕੀਤੀਆਂ ਗਈਆਂ ਸਨ। ਇਨਸਾਨ ਦੇ ਜਿਊਂਦੇ ਅਤੇ ਖੁਸ਼ ਰਹਿਣ ਦੀਆਂ ਘੱਟੋ-ਘੱਟ ਲੋੜਾਂ ਕੀ ਹਨ? ਰੋਟੀ, ਕੱਪੜਾ ਅਤੇ ਮਕਾਨ? ਨੀਤੀ ਆਯੋਗ ਮੁਤਾਬਿਕ ਭਾਰਤ ਦੀ ਹੇਠਲੀ 50 ਫ਼ੀਸਦੀ ਆਬਾਦੀ ਦੀ ਔਸਤ ਮਾਸਿਕ ਖਰੀਦ ਸ਼ਕਤੀ ਪੇਂਡੂ ਖੇਤਰਾਂ ਵਿੱਚ 3094 ਰੁਪਏ ਅਤੇ ਸ਼ਹਿਰੀ ਖੇਤਰਾਂ ਵਿੱਚ 4963 ਰੁਪਏ ਹੈ। ਹੇਠਲੀ ਵੀਹ ਫ਼ੀਸਦੀ ਪੇਂਡੂ ਅਤੇ ਸ਼ਹਿਰੀ ਆਬਾਦੀ ਦੀ ਆਪਣੇ ਪਰਿਵਾਰਾਂ ਨੂੰ ਜ਼ਿੰਦਾ ਰੱਖਣ ਲਈ ਰੋਜ਼ਮੱਰ੍ਹਾ ਖਰਚ ਕਰਨ ਦੀ ਸਮੱਰਥਾ ਮਹਿਜ਼ 70-100 ਰੁਪਏ ਹੈ।

ਜੇ ਇਕ ਵਿਅਕਤੀ ਖ਼ੁਦਕੁਸ਼ੀ ਕਰਦਾ ਹੈ ਤਾਂ 200 ਤੋਂ ਵੱਧ ਵਿਅਕਤੀਆਂ ਅੰਦਰ ਅਜਿਹਾ ਰੁਝਾਨ ਜਾਂ ਸੋਚ ਪਾਈ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤੀ ਔਰਤਾਂ ਅੰਦਰ ਖ਼ੁਦਕੁਸ਼ੀ ਦੀ ਦਰ ਆਲਮੀ ਔਸਤ ਨਾਲੋਂ ਦੁੱਗਣੀ ਤੋਂ ਵੀ ਜ਼ਿਆਦਾ ਹੈ। ਐੱਨਸੀਆਰਬੀ ਦੇ ਅੰਕੜਿਆਂ ਮੁਤਾਬਕ ਸਾਲ 2021 ਵਿਚ ਰੋਜ਼ਾਨਾ ਔਸਤ 86 ਬਲਾਤਕਾਰ ਦੇ ਕੇਸ ਦਰਜ ਹੋਏ ਸਨ। ਕੇਸਾਂ ਦੀ ਅਸਲ ਸੰਖਿਆ ਇਸ ਤੋਂ ਕਿਤੇ ਜ਼ਿਆਦਾ ਹੈ ਕਿਉਂਕਿ ਸ਼ਰਮ ਤੇ ਬਦਨਾਮੀ ਦੇ ਡਰੋਂ ਪੀੜਤ ਔਰਤਾਂ ਕੇਸ ਦਰਜ ਹੀ ਨਹੀਂ ਕਰਵਾਉਂਦੀਆਂ। ਵੱਡੀ ਤਾਦਾਦ ਵਿੱਚ ਔਰਤਾਂ ਨੂੰ ਸਰੀਰਕ ਤੇ ਮਾਨਸਿਕ ਸ਼ੋਸ਼ਣ, ਮਹਿਰੂਮੀ ਅਤੇ ਦਮਨ ਝੱਲਣਾ ਪੈ ਰਿਹਾ ਹੈ ਕਿਉਂਕਿ ਕਾਨੂੰਨ ਵਿਵਸਥਾ ਪ੍ਰਬੰਧ ਭ੍ਰਿਸ਼ਟਾਚਾਰ ਵਿੱਚ ਗ਼ਲਤਾਨ ਹੋਣ ਕਰ ਕੇ ਇਸ ਤੋਂ ਕੋਈ ਉਮੀਦ ਨਹੀਂ ਬਚੀ।

ਪੇਂਡੂ ਨੌਜਵਾਨ ਖੇਤੀਬਾੜੀ ਤੋਂ ਮੁੱਖ ਮੋੜ ਰਹੇ ਹਨ ਅਤੇ ਚਕਾਚੌਂਧ ਭਰੀ ਜ਼ਿੰਦਗੀ ਦੇ ਸੁਫਨੇ ਦੇਖ ਕੇ ਵੱਡੇ ਸ਼ਹਿਰਾਂ ਵੱਲ ਜਾ ਰਹੇ ਹਨ। ਸ਼ਹਿਰੀਕਰਨ ਭਾਵ ਜ਼ਿੰਦਗੀ ਦੇ ਖਰਚ ਵਧਣ, ਤੇਜ਼ ਰਫ਼ਤਾਰ ਅਤੇ ਸਫ਼ਲ ਹੋਣ ਅਤੇ ਦੁਨੀਆ ਵਿੱਚ ਆਪਣਾ ਮੁਕਾਮ ਬਣਾਉਣ ਦੀ ਜੱਦੋਜਹਿਦ ਕਰ ਕੇ ਤਣਾਅ ਵਧ ਰਿਹਾ ਹੈ। ਪਰਿਵਾਰ ਅਤੇ ਭਾਈਚਾਰੇ ਦੀ ਸੁਰੱਖਿਆ ਛਤਰੀ ਟੁੱਟ ਗਈ ਹੈ ਅਤੇ ਇਸ ਕਰ ਕੇ ਅਸੁਰੱਖਿਆ ਅਤੇ ਅਧੂਰੇਪਣ ਦਾ ਅਹਿਸਾਸ ਪੈਦਾ ਹੁੰਦਾ ਹੈ। ਸਾਡੀ ਸਿੱਖਿਆ ਪ੍ਰਣਾਲੀ ਵਿਚ ਕੋਈ ਗੰਭੀਰ ਘਾਟ ਹੈ। ਆਰਥਿਕ ਸਰਵੇਖਣ 2023-24 ਮੁਤਾਬਿਕ ਸਿਰਫ਼ 51.25 ਫ਼ੀਸਦੀ ਨੌਜਵਾਨ ਹੀ ਰੁਜ਼ਗਾਰ ਲਾਇਕ ਸਮਝੇ ਜਾਂਦੇ ਹਨ। ਇਸ ਦਾ ਮਤਲਬ ਹੈ ਕਿ ਦੋ ਵਿੱਚੋਂ ਇੱਕ ਨੌਜਵਾਨ ਕਾਲਜਾਂ ’ਚੋਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨਿਕਲਣ ਸਾਰ ਕਿਰਤ ਸ਼ਕਤੀ ਦਾ ਹਿੱਸਾ ਨਹੀਂ ਬਣ ਪਾਉਂਦੇ। ਬੇਰੁਜ਼ਗਾਰੀ ਕਰ ਕੇ ਪੈਦਾ ਹੋਣ ਵਾਲੀ ਨਾਉਮੀਦੀ ਦਾ ਅਕਸਰ ਨਸ਼ਿਆਂ ਦੀ ਲ਼ਤ, ਹਿੰਸਾ, ਅਪਰਾਧ, ਨਿਰਾਸ਼ਾ ਅਤੇ ਖ਼ੁਦਕੁਸ਼ੀਆਂ ਜਿਹਾ ਪ੍ਰਭਾਵ ਪੈਂਦਾ ਹੈ।

ਰੋਜ਼ਾਨਾ 100 ਰੁਪਏ ਨਾਲ ਗੁਜ਼ਰ-ਬਸਰ ਕਰ ਰਹੇ ਲੋਕਾਂ ਨੂੰ ਸੋਸ਼ਲ ਮੀਡੀਆ ਰਾਹੀਂ ਅਮੀਰ ਲੋਕਾਂ ਦੀ ਤਲਿਸਮੀ ਦੁਨੀਆ ਅੰਦਰ ਝਾਤ ਮਾਰਨ ਦਾ ਮੌਕਾ ਮਿਲਦਾ ਹੈ ਜਿਸ ਨਾਲ ਉਨ੍ਹਾਂ ਅੰਦਰ ਵੱਡੀਆਂ ਕਾਰਾਂ ਅਤੇ ਮਹਿੰਗੇ ਫੋਨਾਂ ਦੀ ਚਾਹਤ ਪੈਦਾ ਹੁੰਦੀ ਹੈ। ਖਾਹਿਸ਼ਾਂ ਵਧ ਰਹੀਆਂ ਹਨ ਪਰ ਰੁਜ਼ਗਾਰ ਦੇ ਮੌਕੇ ਘਟਦੇ ਜਾ ਰਹੇ ਹਨ। ਖਾਹਿਸ਼ਾਂ ਅਤੇ ਤਲਖ਼ ਹਕੀਕਤ ਵਿਚਕਾਰ ਵਧ ਰਹੇ ਪਾੜੇ ਨੂੰ ਮਨੁੱਖੀ ਮਨ ਲਈ ਸਮੋਣਾ ਔਖਾ ਹੁੰਦਾ ਜਾ ਰਿਹਾ ਹੈ। ਭਾਰਤ ਵਿੱਚ ਖ਼ੁਦਕੁਸ਼ੀਆਂ ਦੀ ਮਹਾਮਾਰੀ ਨਾਲ ਸਿੱਝਣ ਦਾ ਫੌਰੀ ਹੱਲ ਕੱਢਣ ਦੀ ਲੋੜ ਹੈ ਅਤੇ ਵਿਦਿਆਰਥੀ ਹੋਸਟਲਾਂ ਵਿੱਚ ਹਲਕੇ ਪੱਖੇ ਟੰਗਣ, ਕੀਟਨਾਸ਼ਕਾਂ ਦੀ ਵਿਕਰੀ ਅਤੇ ਝੀਲਾਂ ਆਦਿ ’ਤੇ ਸਖ਼ਤ ਨਿਗਰਾਨੀ ਰੱਖਣ ਜਿਹੇ ਕਾਗਜ਼ੀ ਕਦਮਾਂ ਨਾਲ ਹੱਲ ਨਹੀਂ ਨਿਕਲ ਸਕੇਗਾ। ਸਾਡੇ ਸਿਸਟਮ ਵਿਚਲੇ ਨੁਕਸਾਂ ਨੂੰ ਦੂਰ ਕਰਨ ਦੇ ਬਹੁ-ਪਰਤੀ ਅਤੇ ਸੁਹਿਰਦ ਕਦਮਾਂ ਤੋਂ ਬਿਨਾਂ ਬੇਸ਼ਕੀਮਤੀ ਜਾਨਾਂ ਨੂੰ ਬਚਾਉਣਾ ਸੰਭਵ ਨਹੀਂ ਹੋਵੇਗਾ। ਇੱਕ ਅਜਿਹੇ ਦੇਸ਼ ਵਿੱਚ ਲੋਕ ਆਪਣੀਆਂ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਮਨੋਵਿਗਿਆਨਕਾਂ ਕੋਲ ਲੈ ਕੇ ਆਉਣ ਦੀ ਆਸ ਬਹੁਤ ਘੱਟ ਹੈ ਜਿੱਥੇ ਬਹੁਤ ਸਾਰੇ ਲੋਕ ਆਪਣੀਆਂ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦਾ ਇਲਾਜ ਅਜੇ ਵੀ ਘਰੇਲੂ ਓਹੜ-ਪੋਹੜ ਨਾਲ ਕਰਨ ਦੀ ਕੋਸ਼ਿਸ਼ ਕਰਦੇ ਹਨ।

# ਵੱਧ ਰਹੇ ਅਪਰਾਧਾਂ ਨੂੰ ਰੋਕਣ ਲਈ ਸਿਸਟਮ ਵਿੱਚ ਵੱਡੇ ਪੱਧਰ ’ਤੇ ਸੁਧਾਰ ਦੀ ਲੋੜ

ਲੇਖਕ : ਪ੍ਰਸ਼ੋਤਮ ਬੈਂਸ




ਭਾਰਤ ਅੰਦਰ ਦਿਨ-ਬਦਿਨ ਅਪਰਾਧਿਕ ਮਾਮਲਿਆਂ ਦਾ ਵਧਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਵਡੇਰੀ ਉਮਰ ਦੀਆਂ ਔਰਤਾਂ, ਬੱਚੀਆਂ ਦਾ ਜਿਣਸੀ ਸ਼ੋਸ਼ਣ, ਕਤਲ, ਡਕੈਤੀਆਂ, ਲੁੱਟਾਂ ਖੋਹਾਂ ਅਤੇ ਸਕੂਲਾਂ ਵਿੱਚ ਪੜ੍ਹਦੀਆਂ ਬੱਚੀਆਂ ਨਾਲ ਛੇੜਛਾੜ ਆਦਿ ਦੀਆਂ ਵਾਰਦਾਤਾਂ ਹਰ ਰੋਜ਼ ਅਖਬਾਰਾਂ, ਟੀਵੀ ਅਤੇ ਸੋਸ਼ਲ ਮੀਡੀਆ ਤੋਂ ਦੇਖ ਸੁਣ ਕੇ ਮਨ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਲੋਕਾਂ ਦੀ ਸੋਚ ਸਮਝ ਕਿਸ ਕਦਰ ਨਿਵਾਣ ਵਲ ਜਾ ਰਹੀ ਹੈ। ਅਜਿਹਾ ਨਹੀਂ ਹੈ ਕਿ ਇਹ ਕਾਰਾ ਕਰਨ ਵਾਲੇ ਸਮਾਜ ਦੇ ਆਮ ਲੋਕ ਹੀ ਹਨ। ਸਗੋਂ ਦੇਸ਼ ਦੇ ਉਹ ਜਨਪ੍ਰਤੀਨਿਧੀ, ਲੋਕ-ਨੁਮਾਇੰਦੇ ਜਿਨ੍ਹਾਂ ਦੀ ਚੋਣ ਕਰ ਕੇ ਅਸੀਂ ਉਨ੍ਹਾਂ ਨੂੰ ਲੋਕ ਸਭਾ ਜਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਸਿਰਫ਼ ਇਸ ਲਈ ਭੇਜਦੇ ਹਾਂ ਕਿ ਉਹ ਦੇਸ਼ ਵਿੱਚ ਨਿਘਾਰ ਵਲ ਜਾ ਰਹੀਆਂ ਨੈਤਿਕ ਕਦਰਾਂ ਕੀਮਤਾਂ ਵਿੱਚ ਸੁਧਾਰ ਕਰ ਕੇ ਦੇਸ਼ ਨੂੰ ਤਰੱਕੀ ਵਲ ਲਿਜਾਣਗੇ, ਉਨ੍ਹਾਂ ਵਿੱਚੋਂ ਵੀ ਬਹੁਤ ਸਾਰੇ ਸਾਂਸਦ ਅਤੇ ਵਿਧਾਇਕ ਅਪਰਾਧਿਕ ਅਤੇ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਲਿਪਤ ਹਨ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ ਡੀ ਆਰ) ਦੀ ਤਾਜ਼ਾ ਰਿਪੋਰਟ ਅਨੁਸਾਰ ਇਹ ਖੁਲਾਸਾ ਹੋਇਆ ਹੈ ਕਿ ਦੇਸ਼ ਵਿੱਚ 151 ਸੰਸਦ ਮੈਂਬਰਾਂ ਅਤੇ ਵਿਧਾਇਕਾਂ ’ਤੇ ਮਹਿਲਾਵਾਂ ਦੇ ਖਿਲਾਫ਼ ਅਪਰਾਧ ਸੰਬੰਧੀ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ 16 ਦੇ ਖਿਲਾਫ਼ ਔਰਤਾਂ ਨਾਲ ਜਿਣਸੀ ਸ਼ੋਸ਼ਣ ਦੇ ਦੋਸ਼ ਹਨ। ਰਿਪੋਰਟ ਅਨੁਸਾਰ ਏਡੀਆਰ ਵੱਲੋਂ 2019 ਅਤੇ 2024 ਦਰਮਿਆਨ ਚੋਣਾਂ ਦੌਰਾਨ ਮੌਜੂਦਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਗਏ 4809 ਹਲਫਨਾਮਿਆਂ ਵਿੱਚੋਂ 4693 ਦੀ ਜਾਂਚ ਕੀਤੀ ਗਈ ਤਾਂ ਪਾਇਆ ਗਿਆ ਕਿ ਇਨ੍ਹਾਂ ਵਿੱਚੋਂ 16 ਸੰਸਦ ਮੈਂਬਰਾਂ ਅਤੇ 135 ਵਿਧਾਇਕਾਂ ਦੇ ਖਿਲਾਫ਼ ਮਹਿਲਾਵਾਂ ਦੇ ਵਿਰੁੱਧ ਅਪਰਾਧਾਂ ਨਾਲ ਸੰਬੰਧਿਤ ਮਾਮਲੇ ਦਰਜ ਹਨ। ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਮਹਿਲਾਵਾਂ ਖਿਲਾਫ਼ ਅਪਰਾਧ ਨਾਲ ਸੰਬੰਧਿਤ ਦੋਸ਼ਾਂ ਦਾ ਸਾਹਮਣਾ ਕਰ ਰਹੇ 25 ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨਾਲ ਪੱਛਮੀ ਬੰਗਾਲ ਪਹਿਲੇ ਨੰਬਰ ’ਤੇ ਹੈ। ਉਸ ਤੋਂ ਬਾਅਦ ਆਂਧਰਾ ਪ੍ਰਦੇਸ਼ ਦੇ 21 ਅਤੇ ਉੜੀਸਾ ਦੇ 17 ਸੰਸਦ ਮੈਂਬਰ ਅਤੇ ਵਿਧਾਇਕ ਮਹਿਲਾਵਾਂ ਵਿਰੁੱਧ ਅਪਰਾਧ ਨਾਲ ਸੰਬੰਧਿਤ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।

ਇਸ ਰਿਪੋਰਟ ਅਨੁਸਾਰ 16 ਮੌਜੂਦਾ ਸੰਸਦ ਮੈਂਬਰ ਅਤੇ ਵਿਧਾਇਕ ਜਿਨ੍ਹਾਂ ਵਿੱਚ 2 ਸੰਸਦ ਮੈਂਬਰ ਅਤੇ 14 ਵਿਧਾਇਕ ਹਨ ਅਜਿਹੇ ਹਨ ਜਿਨ੍ਹਾਂ ਵੱਲੋਂ ਆਪਣੇ ਹਲਫਨਾਮਿਆਂ ਵਿੱਚ ਭਾਰਤੀ ਦੰਡ ਵਿਧਾਨ (ਆਈਪੀਸੀ) ਦੀ ਧਾਰਾ 376 ਤਹਿਤ ਜਿਣਸੀ ਸ਼ੋਸ਼ਣ, ਜਬਰ-ਜਨਾਹ ਨਾਲ ਸੰਬੰਧਿਤ ਮਾਮਲਿਆਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ, ਜਿਸਦੇ ਲਈ ਮੁਲਜ਼ਮ ਨੂੰ ਘੱਟੋ ਘੱਟ 10 ਸਾਲ ਦੀ ਸਜ਼ਾ ਹੋ ਸਕਦੀ ਹੈ, ਜਿਸ ਨੂੰ ਉਮਰ ਕੈਦ ਤਕ ਵੀ ਵਧਾਇਆ ਜਾ ਸਕਦਾ ਹੈ। ਰਿਪੋਰਟ ਅਨੁਸਾਰ ਰਾਜਨੀਤਕ ਪਾਰਟੀਆਂ ਵਿੱਚੋਂ ਸਭ ਤੋਂ ਵੱਧ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ 54, ਕਾਂਗਰਸ ਦੇ 23 ਅਤੇ ਤੇਲਗੂ ਦੇਸ਼ਮ ਪਾਰਟੀ ਦੇ 17 ਸੰਸਦ ਮੈਂਬਰ-ਵਿਧਾਇਕ ਹਨ ਜਿਨ੍ਹਾਂ ਦੇ ਖਿਲਾਫ ਮਹਿਲਾਵਾਂ ਵਿਰੁੱਧ ਅਪਰਾਧ ਨਾਲ ਸੰਬੰਧਿਤ ਮਾਮਲੇ ਦਰਜ ਹਨ। ਭਾਵੇਂ ਚੋਣ ਸੁਧਾਰਾਂ ਲਈ ਬਣੀ ਇਸ ਸੰਸਥਾ (ਏਡੀਆਰ) ਵੱਲੋਂ ਰਾਜਨੀਤਕ ਪਾਰਟੀਆਂ ਨੂੰ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ, ਖਾਸ ਕਰਕੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ’ਤੇ ਜਿਣਸੀ ਸ਼ੋਸ਼ਣ ਅਤੇ ਮਹਿਲਾਵਾਂ ਵਿਰੁੱਧ ਅਪਰਾਧ ਦੇ ਹੋਰ ਦੋਸ਼ ਹਨ, ਟਿਕਟ ਦੇਣ ਤੋਂ ਗੁਰੇਜ਼ ਕਰਨ ਅਤੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਖਿਲਾਫ਼ ਅਦਾਲਤਾਂ ਵਿੱਚ ਚੱਲ ਰਹੇ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਅਤੇ ਪੁਲਿਸ ਦੁਆਰਾ ਪੇਸ਼ੇਵਰ ਤਰੀਕੇ ਨਾਲ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ, ਜੋ ਕਿ ਸ਼ਲਾਘਾਯੋਗ ਸੁਝਾਅ ਹੈ ਪਰ ਇਸ ਵਿੱਚ ਕੇਵਲ ਰਾਜਨੀਤਕ ਪਾਰਟੀਆਂ ਹੀ ਜ਼ਿੰਮੇਵਾਰ ਨਹੀਂ ਹਨ। ਰਾਜਨੀਤਕ ਪਾਰਟੀਆਂ ਦੇ ਨੇਤਾ ਇਹ ਭਲੀਭਾਂਤ ਜਾਣਦੇ ਹਨ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਹਰ ਤਰ੍ਹਾਂ ਦਾ ਹੀਲਾ ਵਸੀਲਾ ਵਰਤ ਕੇ ਵੋਟਾਂ ਬਟੋਰ ਲੈਣਗੇ ਅਤੇ ਉਹ ਬਹੁਮੱਤ ਸਾਬਤ ਕਰ ਕੇ ਸਰਕਾਰ ਬਣਾ ਲੈਣਗੇ। ਸਭ ਕੁਝ ਜਾਣਦੇ ਹੋਏ ਵੀ ਰਾਜਨੀਤਕ ਪਾਰਟੀਆਂ ਵੱਲੋਂ ਆਪਣੇ ਨਿੱਜੀ ਮੁਫਾਦ ਲਈ ਦਾਗੀ ਉਮੀਦਵਾਰਾਂ ਨੂੰ ਚੋਣ ਲੜਨ ਲਈ ਟਿਕਟ ਦੇ ਦਿੱਤੇ ਜਾਂਦੇ ਹਨ, ਜਦੋਂ ਕਿ ਉਨ੍ਹਾਂ ਨੂੰ ਹਰ ਉਮੀਦਵਾਰ ਦੇ ਪਿਛੋਕੜ ਦਾ ਪਤਾ ਹੁੰਦਾ ਹੈ ਅਤੇ ਇਹ ਵੀ ਪਤਾ ਹੈ ਕਿ ਇੱਕ ਮਛਲੀ ਪੂਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ। ਉਸ ਤੋਂ ਬਾਅਦ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ ਕਿ ਜਦੋਂ ਉਮੀਦਵਾਰ ਤੋਂ ਲਏ ਗਏ ਹਲਫਨਾਮੇ ਤੋਂ ਪਤਾ ਲਗਦਾ ਹੈ ਕਿ ਉਮੀਦਵਾਰ ਦੇ ਖਿਲਾਫ਼ ਗੰਭੀਰ ਅਪਰਾਧਿਕ ਮਾਮਲੇ ਚੱਲ ਰਹੇ ਹਨ ਤਾਂ ਚੋਣ ਕਮਿਸ਼ਨ ਨੂੰ ਉਸ ਦੀ ਚੋਣ ਲੜਨ ਦੀ ਉਮੀਦਵਾਰੀ/ ਨੌਮੀਨੇਸ਼ਨ ਰੱਦ ਕਰ ਦੇਣੀ ਚਾਹੀਦੀ ਹੈ। ਨਹੀਂ ਤਾਂ ਉਨ੍ਹਾਂ ਤੋਂ ਹਲਫਨਾਮੇ ਲੈਣ ਦੀ ਕੋਈ ਤੁਕ ਨਹੀਂ ਬਣਦੀ। ਦਾਗੀ ਉਮੀਦਵਾਰ ਨੂੰ ਚੋਣ ਲੜਨ ਦੀ ਇਜਾਜ਼ਤ ਦੇ ਕੇ ਅਪਰਾਧ ਨੂੰ ਹੋਰ ਬੱਲ ਮਿਲਦਾ ਹੈ। ਦਾਗੀ ਉਮੀਦਵਾਰ ਨੂੰ ਚੋਣ ਜਿੱਤਣ ਤੋਂ ਬਾਅਦ ਹੋਰ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਉਹ ਆਪਣੇ ਦਾਗ ਧੋਣ ਜਾਂ ਹੋਰ ਅਪਰਾਧ ਕਰਨ ਲਈ ਇਸਤੇਮਾਲ ਕਰ ਸਕਦਾ ਹੈ। ਉਸ ਤੋਂ ਬਾਅਦ ਵਾਰੀ ਆਉਂਦੀ ਹੈ ਵੋਟਰਾਂ ਭਾਵ ਮੱਤਦਾਤਿਆਂ ਦੀ। ਮੱਤਦਾਤਿਆਂ ਨੂੰ ਅਕਸਰ ਉਮੀਦਵਾਰ ਦੇ ਪਿਛੋਕੜ ਬਾਰੇ ਪਤਾ ਹੀ ਨਹੀਂ ਹੁੰਦਾ। ਕਈ ਵਾਰ ਉਹ ਕੇਵਲ ਪਾਰਟੀ ਦੇ ਨਾਂ ’ਤੇ ਹੀ ਉਮੀਦਵਾਰ ਨੂੰ ਵੋਟ ਪਾ ਦਿੰਦੇ ਹਨ। ਚੋਣ ਕਮਿਸ਼ਨ ਨੂੰ ਇਹ ਵੀ ਚਾਹੀਦਾ ਹੈ ਕਿ ਉਹ ਉਮੀਦਵਾਰ ਤੋਂ ਲਏ ਗਏ ਹਲਫਨਾਮੇ ਨੂੰ ਜਨਤਕ ਕਰੇ ਤਾਂ ਕਿ ਆਮ ਲੋਕਾਂ ਨੂੰ ਹਰ ਉਮੀਦਵਾਰ ਦੇ ਪਿਛੋਕੜ ਬਾਰੇ ਪਤਾ ਲੱਗ ਸਕੇ। ਇਸ ਨਾਲ ਮਤਦਾਤਾ ਆਪਣੀ ਵੋਟ ਦਾ ਇਸਤੇਮਾਲ ਸੋਚ ਸਮਝ ਕੇ ਕਰੇਗਾ।

ਜਿਨ੍ਹਾਂ ਸੰਸਦ ਮੈਂਬਰਾਂ ਜਾਂ ਵਿਧਾਇਕਾਂ ਦੇ ਖਿਲਾਫ ਅਪਰਾਧਿਕ ਮਾਮਲੇ ਚੱਲ ਰਹੇ ਹੋਣ ਉਨ੍ਹਾਂ ਖਿਲਾਫ ਦੋਸ਼ ਸਾਬਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਰਾਜਨੀਤੀ ਤੋਂ ਵੱਖ ਵੱਖ ਕਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿੱਚੋਂ ਵੀ ਚੋਣ ਲੜਨ ਅਤੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮਹਿਲਾਵਾਂ ਦਾ ਜਿਣਸੀ ਸ਼ੋਸ਼ਣ ਅਤੇ ਕਤਲ ਵਰਗੀਆਂ ਘਿਨਾਉਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਦਰਿੰਦਿਆਂ ਦੇ ਮਾਮਲਿਆਂ ਨੂੰ ਅਦਾਲਤਾਂ ਵਿੱਚ ਲੰਬਾ ਸਮਾਂ ਨਾ ਲਮਕਾਇਆ ਜਾਵੇ, ਸਗੋਂ ਜਿੰਨਾ ਛੇਤੀ ਹੋ ਸਕੇ ਇਨ੍ਹਾਂ ਨੂੰ ਸਖਤ ਤੋਂ ਸਖਤ ਮਿਸਾਲੀ ਸਜ਼ਾ ਦੇ ਕੇ ਪੀੜਤਾਂ ਨੂੰ ਇਨਸਾਫ਼ ਦਿਵਾਇਆ ਜਾਵੇ। ਅਜਿਹੇ ਦਰਿੰਦਿਆਂ ਨੂੰ ਲੋਕਾਂ ਦੀ ਹਾਜ਼ਰੀ ਵਿੱਚ ਮੌਤ ਵਰਗੀ ਅਜਿਹੀ ਦਰਦਨਾਕ ਸਜ਼ਾ ਦਿੱਤੀ ਜਾਵੇ ਜਿਸ ਨੂੰ ਦੇਖ ਕੇ ਭਵਿੱਖ ਵਿੱਚ ਕੋਈ ਵੀ ਅਪਰਾਧੀ ਅਪਰਾਧ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ। ਭਾਵੇਂ ਇਸਦੇ ਲਈ ਸਿਸਟਮ ਵਿੱਚ ਵਧੇਰੇ ਸੁਧਾਰ ਅਤੇ ਤਬਦੀਲੀ ਦੀ ਲੋੜ ਹੈ ਪਰ ਇਹੀ ਸਮੇਂ ਦੀ ਭਖਵੀਂ ਮੰਗ ਹੈ। ਜੇਕਰ ਰਾਤੋ ਰਾਤ ਨੋਟ ਬਦਲੀ ਦੇ ਹੁਕਮ ਦਿੱਤੇ ਜਾ ਸਕਦੇ ਹਨ, ਜੇਕਰ ਨੇਤਾਵਾਂ ਦੇ ਵੇਤਨ ਭੱਤੇ ਵਧਾਉਣ ਲਈ ਵਿਸ਼ੇਸ਼ ਸੈਸ਼ਨ ਬੁਲਾਇਆ ਜਾ ਸਕਦਾ ਹੈ, ਜੇਕਰ ਭਰੋਸੇ ਦੇ ਵੋਟ ਲਈ ਸੰਸਦ ਪੂਰੀ ਰਾਤ ਖੁੱਲ੍ਹੀ ਰਹਿ ਸਕਦੀ ਹੈ ਤਾਂ ਮਹਿਲਾਵਾਂ ਦਾ ਜਿਣਸੀ ਸ਼ੋਸ਼ਣ ਅਤੇ ਕਤਲ ਕਰਨ ਵਾਲੇ ਦਰਿੰਦਿਆਂ ਦੇ ਖਿਲਾਫ ਸਖਤ ਕਾਨੂੰਨ ਪਾਸ ਕਰਨ ਲਈ ਇੰਨਾ ਸਮਾਂ ਕਿਉਂ ਲੱਗ ਰਿਹਾ ਹੈ? ਜੇਕਰ ਸਰਕਾਰ ਵੱਲੋਂ ਅਪਰਾਧੀਆਂ ਨੂੰ ਤੁਰੰਤ ਸਖਤ ਸਜ਼ਾ ਦੇਣ ਲਈ ਕਦਮ ਨਾ ਚੁੱਕੇ ਗਏ ਤਾਂ ਭਵਿੱਖ ਵਿੱਚ ਹੋਣ ਵਾਲੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ’ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਵੇਗਾ।

# ਫਾਈਬਰ ਆਪਟਿਕਸ ਦਾ ਪਿਤਾਮਾ
# ਨਰਿੰਦਰ ਸਿੰਘ ਕਪਾਨੀ

**ਲੇਖਕ : ਆਤਮਜੀਤ**

ਅੱਜ ਦੁਨੀਆ ਵਿੱਚ ਮੋਬਾਈਲ ਫੋਨ ਤਕਨੀਕ ਅਤਿ ਵਿਕਸਤ ਹੋ ਕੇ 5ਜੀ ਨੈੱਟਵਰਕ ਕਨੈਕਸ਼ਨ ਤੱਕ ਪਹੁੰਚ ਗਈ ਹੈ। ਦੁਨੀਆ ਦੇ ਕਿਸੇ ਵੀ ਹਿੱਸੇ 'ਚ ਵੀਡੀਓ ਕਾਲ ਦੀ ਸਹੂਲਤ ਨੇ ਪਰਵਾਸ ਕਰ ਚੁੱਕੇ ਵਿਅਕਤੀਆਂ ਨੂੰ ਉਨ੍ਹਾਂ ਦੀ ਜਨਮ ਭੋਇੰ ਨਾਲ ਜੋੜ ਰੱਖਿਆ ਹੈ। ਇਸ ਤਕਨੀਕ ਦੀ ਬੁਨਿਆਦ ਬਣੀ ਫਾਈਬਰ ਆਪਟਿਕਸ ਦੀ ਖੋਜ। ਇਹ ਲੇਖ ਇਸ ਦੀ ਕਾਢ ਕੱਢਣ ਵਾਲੇ ਵਿਗਿਆਨੀ ਨਰਿੰਦਰ ਸਿੰਘ ਕਪਾਨੀ ਦੇ ਯੋਗਦਾਨ ਬਾਰੇ ਦੱਸਦਾ ਹੈ।

'ਫਾਰਚੂਨ' ਨਾਂ ਦਾ ਵੱਕਾਰੀ ਵਪਾਰ ਮੈਗਜ਼ੀਨ 1929 ਵਿਚ ਨਿਊ ਯਾਰਕ ਵਿਚ ਛਪਣਾ ਸ਼ੁਰੂ ਹੋਇਆ ਸੀ। ਇਸਦੇ 1999 ਵਿਚ ਛਪੇ ਇਕ ਲੇਖ ਨੇ ਸੰਸਾਰ ਦੇ ਉਨ੍ਹਾਂ ਸੱਤ ਨਾਇਕਾਂ ਦਾ ਜ਼ਿਕਰ ਕੀਤਾ ਸੀ ਜਿਨ੍ਹਾਂ ਦੀ ਮਹਾਨ ਦੇਣ ਨੂੰ ਦੁਨੀਆ ਨੇ ਸਲੀਕੇ ਨਾਲ ਯਾਦ ਨਹੀਂ ਰੱਖਿਆ। ਉਨ੍ਹਾਂ ਵਿਚ ਇਕ ਨਰਿੰਦਰ ਸਿੰਘ ਕਪਾਨੀ ਸੀ ਜਿਸ ਨੂੰ ਫਾਈਬਰ ਆਪਟਿਕਸ ਤਕਨਾਲੋਜੀ ਦਾ ਪਿਤਾਮਾ ਕਿਹਾ ਜਾਂਦਾ ਹੈ। ਅਸੀਂ ਹਿੰਦੋਸਤਾਨੀ ਲੋਕ ਵੀ ਕਪਾਨੀ ਤੋਂ ਅਣਜਾਣ ਹਾਂ। ਅੱਜ ਦੇ ਯੁੱਗ ਵਿਚ ਫਾਈਬਰ ਆਪਟਿਕਸ ਤਕਨੀਕ ਦੀ ਵਿਆਪਕ ਵਰਤੋਂ ਹੋ ਰਹੀ ਹੈ। ਇਹ ਅਜਿਹੀਆਂ ਕੇਬਲਾਂ ਦਾ ਨੈੱਟਵਰਕ ਹੈ ਜਿਨ੍ਹਾਂ ਰਾਹੀਂ ਸੂਚਨਾ ਦਾ ਡਾਟਾ ਰੋਸ਼ਨੀ ਦੀ ਸ਼ਕਲ ਵਿਚ ਦੂਰ-ਦੁਰੇਡੇ ਜਾ ਪਹੁੰਚਦਾ ਹੈ। ਸਾਰੇ ਸੰਸਾਰ ਦਾ ਇੰਟਰਨੈੱਟ, ਕੇਬਲ ਟੀਵੀ ਅਤੇ ਟੈਲੀਫੋਨ ਸਿਸਟਮ ਇਨ੍ਹਾਂ ਕੇਬਲਾਂ ਰਾਹੀਂ ਹੀ ਚਲਦਾ ਹੈ। ਜਿਵੇਂ ਬਿਜਲੀ ਦੀ ਕੇਬਲ ਵਿਚ ਆਮ ਕਰਕੇ ਤਾਂਬੇ ਦੀਆਂ ਬਹੁਤ ਸਾਰੀਆਂ ਬਾਰੀਕ ਤਾਰਾਂ ਦਾ ਸਮੂਹ ਹੁੰਦਾ ਹੈ ਉਸੇ ਤਰ੍ਹਾਂ ਫਾਈਬਰ ਆਪਟਿਕ ਕੇਬਲ ਵਿਚ ਵੀ ਤਾਰਾਂ ਹੁੰਦੀਆਂ ਹਨ ਜਿਹੜੀਆਂ ਸ਼ੀਸ਼ੇ ਜਾਂ ਫਾਈਬਰ ਦੀਆਂ ਬਣੀਆਂ ਹੁੰਦੀਆਂ ਹਨ। ਇਹ ਸਾਡੇ ਵਾਲਾਂ ਵਾਂਗ ਬਾਰੀਕ ਹੁੰਦੀਆਂ ਹਨ। ਅਸੀਂ ਆਪਣੇ ਕਸਬਿਆਂ ਅਤੇ ਸ਼ਹਿਰਾਂ ਵਿਚ ਜ਼ਮੀਨ ਹੇਠਾਂ ਵਿਛਾਈਆਂ ਜਾਂਦੀਆਂ ਜਿਹੜੀਆਂ ਮੋਟੀਆਂ ਕੇਬਲਾਂ ਦੇਖਦੇ ਹਾਂ ਉਹ ਇਸੇ ਤਰ੍ਹਾਂ ਦੀਆਂ ਸੈਂਕੜੇ ਤਾਰਾਂ ਦਾ ਸਮੂਹ ਹੁੰਦਾ ਹੈ ਜਿਸ ਉੱਤੇ ਪਛਾਣ ਅਤੇ ਸੁਰੱਖਿਆ ਵਾਸਤੇ ਰੰਗੀਨ ਰਬੜ ਦਾ ਮੋਟਾ ਗਲਾਫ਼ ਚੜ੍ਹਾ ਦਿੱਤਾ ਜਾਂਦਾ ਹੈ। ਇਨ੍ਹਾਂ ਕੇਬਲਾਂ ਵਿਚੋਂ ਸਾਰਾ ਡੇਟਾ ਆਉਂਦਾ-ਜਾਂਦਾ ਹੈ। ਸ਼ਾਇਦ ਕੁਝ ਲੋਕਾਂ ਨੂੰ ਹੈਰਤ ਹੋਵੇ, ਅੱਡ-ਅੱਡ ਕੰਪਨੀਆਂ ਨੇ ਇਸ ਤਰ੍ਹਾਂ ਦੀਆਂ ਮੋਟੇ ਰੱਸਿਆਂ ਵਰਗੀਆਂ ਕੇਬਲਾਂ ਵੱਖ-ਵੱਖ ਸਮੁੰਦਰਾਂ ਹੇਠ ਵੀ ਵਿਛਾਈਆਂ ਹੋਈਆਂ ਹਨ ਜਿਹੜੀਆਂ ਡੇਟਾ ਇਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਤਕ ਪਹੁੰਚਾਉਂਦੀਆਂ ਹਨ। ਨਤੀਜੇ ਵਜੋਂ ਸਾਡੀਆਂ ਈ-ਮੇਲਾਂ, ਵਟਸਐਪ ਆਦਿ ਦੇ ਸੁਨੇਹੇ ਅਤੇ ਫੋਨਾਂ ਦੀ ਆਵਾਜ਼ ਦੁਨੀਆ ਦੇ ਦੂਜੇ ਸਿਰੇ ਤਕ ਪਲਾਂ ਵਿਚ ਪੁੱਜ ਜਾਂਦੀ ਹੈ। ਇਹ ਸਾਰਾ ਕਮਾਲ ਫਾਈਬਰ ਆਪਟਿਕਸ ਦਾ ਹੈ ਜਿਸਦਾ ਪਹਿਲਾ ਸਫ਼ਲ ਤਜਰਬਾ ਕਪਾਨੀ ਨੇ ਕੀਤਾ ਅਤੇ ਦੁਨੀਆ ਵਿਚ ਇਨਫਰਮੇਸ਼ਨ ਤਕਨਾਲੋਜੀ ਦੀ ਕ੍ਰਾਂਤੀ ਦੀ ਨੀਂਹ ਰੱਖੀ। 'ਫਾਈਬਰ ਆਪਟਿਕਸ' ਨਾਂ ਦੀ ਈਜਾਦ ਵੀ ਕਪਾਨੀ ਨੇ ਕੀਤੀ ਅਤੇ ਇਸ ਵਿਸ਼ੇ ਉੱਤੇ ਪਹਿਲੀ ਪੁਸਤਕ ਵੀ ਲਿਖੀ। ਉਹ ਦੱਸਦਾ ਹੈ ਕਿ ਜਦੋਂ ਆਗਰਾ ਯੂਨੀਵਰਸਟੀ ਵਿਚ ਉਸਨੂੰ ਫਿਜ਼ਿਕਸ ਦਾ ਪ੍ਰੋਫੈਸਰ ਪੜ੍ਹਾਉਂਦਾ ਹੁੰਦਾ ਸੀ ਕਿ ਰੋਸ਼ਨੀ ਸਿਰਫ਼ ਸਿੱਧੀ ਲਕੀਰ ਵਿਚ ਹੀ ਅਗਾਂਹ ਵਧਦੀ ਹੈ ਤਾਂ ਉਸਦੇ ਦਿਮਾਗ਼ ਵਿਚ ਹਲਚਲ ਮਚ ਜਾਂਦੀ ਸੀ। ਜਦੋਂ ਮੰਚ ਉੱਤੇ ਉਹ ਆਪ ਕਲਾਸੀਕਲ ਨਾਚ ਨੱਚਦਾ ਜਾਂ ਦੂਜਿਆਂ ਨੂੰ ਨ੍ਰਿਤ ਕਰਦਿਆਂ ਦੇਖਦਾ ਤਾਂ ਉਨ੍ਹਾਂ ਉੱਤੇ ਪੈਣ ਵਾਲੀ ਰੋਸ਼ਨੀ ਵੀ ਉਸਦਾ ਧਿਆਨ ਖਿੱਚਦੀ ਸੀ। ਉਸਦਾ ਦਿਲ-ਦਿਮਾਗ਼ ਕਹਿੰਦਾ ਸੀ ਕਿ ਰੋਸ਼ਨੀ ਨੂੰ ਵੀ ਵਿੰਗਾ-ਟੇਢਾ ਕੀਤਾ ਜਾ ਸਕਦਾ ਹੈ, ਉਹ ਸਰੀਏ ਵਾਂਗ ਲਿਫ ਸਕਦੀ ਹੈ। ਉਹ 1952 ਵਿਚ ਇੰਪੀਰੀਅਲ ਕਾਲਜ ਲੰਡਨ ਵਿਚ ਪੀਐੱਚ ਡੀ ਦੀ ਖੋਜ ਵਾਸਤੇ ਗਿਆ। ਉੱਥੇ ਹੈਰੋਲਡ ਹੌਪਕਿਨਜ਼ ਨਾਂ ਦੇ ਇਕ ਹੋਰ ਵੱਡੇ ਵਿਗਿਆਨੀ ਦੀ ਦੇਖ-ਰੇਖ ਵਿਚ ਉਸਨੇ ਪਹਿਲੀ ਵਾਰ 1953 ਵਿਚ ਫਾਈਬਰ ਤਾਰਾਂ ਦੇ ਗੁੱਛੇ ਵਿਚੋਂ ਰੋਸ਼ਨੀ ਲੰਘਾ ਕੇ ਵਧੀਆ ਨਤੀਜੇ ਹਾਸਲ ਕੀਤੇ। ਜਦੋਂ ਉਹ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ 'ਇਲੀਨੌਇ ਇੰਸਟੀਚਿਊਟ ਆਫ ਟੈਕਨਾਲੋਜੀ' ਦੀ ਇਕ ਸੰਸਥਾ ਵਿਚ ਕੰਮ ਕਰਦਾ ਸੀ ਤਾਂ ਵਿਗਿਆਨ ਦੇ ਵਿਸ਼ਿਆਂ ਉਤੇ ਲਿਖਣ ਵਾਲੇ ਇਕ ਪੱਤਰਕਾਰ ਨੇ ਕਮਾਲ ਦੀ ਪੇਸ਼ੀਨਗੋਈ ਕੀਤੀ ਸੀ। ਉਸਨੇ 'ਡੇਅਲੀ ਸ਼ਿਕਾਗੋ ਨਿਊਜ਼' ਦੇ ਨਵੰਬਰ 21, 1960 ਦੇ ਅੰਕ ਵਿਚ ਕਪਾਨੀ ਦੇ ਹਵਾਲੇ ਨਾਲ ਲਿਖਿਆ ਸੀ, ''ਕਿਸੇ ਦਿਨ ਡਾਕਟਰ ਆਪਣੇ ਮਰੀਜ਼ਾਂ ਦੇ ਦਿਲ ਅੰਦਰ ਇਕ ਸੁਪਰਫਲੈਸ਼ ਨਾਲ ਝਾਤੀ ਮਾਰ ਸਕਣਗੇ।'' ਅਖ਼ਬਾਰ ਨੇ ਲਿਖਿਆ ਕਿ ਹੁਣ ਰੋਸ਼ਨੀ ਸਿਰਫ਼ ਸਿੱਧੀ ਲਕੀਰ ਵਿਚ ਨਹੀਂ ਚੱਲੇਗੀ, ਉਸਨੂੰ ਫਾਈਬਰ ਆਪਟਿਕਸ ਨਾਲ ਵਲ-ਵਲੇਵਿਆਂ ਵਿਚ ਵੀ ਭੇਜਿਆ ਜਾ ਸਕਦਾ ਹੈ। ਅੱਜ ਇਹ ਸੱਚ ਸਾਡੇ ਸਾਹਮਣੇ ਉਜਾਗਰ ਹੈ। ਇਸ ਵਿਧੀ ਨੇ ਮੈਡੀਕਲ ਸਾਇੰਸ ਵਿਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਐਂਡੋਸਕੋਪੀ ਦਾ ਅਰਥ ਹੁੰਦਾ ਹੈ ਅੰਦਰ ਦੀ ਤਸਵੀਰ। ਅੱਜਕੱਲ੍ਹ ਸਾਡੇ ਸਰੀਰ ਦੇ ਅੰਦਰੂਨੀ ਅੰਗਾਂ ਨੂੰ ਇਸੇ ਤਕਨੀਕ ਨਾਲ ਦੇਖ ਕੇ ਕਈ ਵਾਰ ਅਪਰੇਸ਼ਨ ਵੀ ਕੀਤੇ ਜਾਂਦੇ ਹਨ। ਲੇਜ਼ਰ ਸਰਜਰੀ ਦੇ ਪਿੱਛੇ ਵੀ ਨਰਿੰਦਰ ਕਪਾਨੀ ਦੀ ਮਿਹਨਤ ਹੈ। ਗੈਸਟਰੋਸਕੋਪੀ ਵਿਚ ਵੀ ਕਪਾਨੀ ਦੀ ਕਾਢ ਨੇ ਭੂਮਿਕਾ ਅਦਾ ਕੀਤੀ। ਇਹ ਐਮ ਆਰ ਆਈ, ਸੀਟੀ ਸਕੈਨ ਅਤੇ ਪੈੱਟ ਸਕੈਨ ਵਿਚ ਵੀ ਕੰਮ ਆਉਂਦੀ ਹੈ। ਪਿਛਲੇ ਵੀਹ ਸਾਲਾਂ ਵਿਚ ਇਸ ਦਿਸ਼ਾ ਵਿਚ ਬਹੁਤ ਜ਼ਿਆਦਾ ਤਰੱਕੀ ਹੋ ਚੁੱਕੀ ਹੈ ਅਤੇ ਕਈ ਰੋਗਾਂ ਦੀ ਪਛਾਣ ਅਤੇ ਉਨ੍ਹਾਂ ਦਾ ਇਲਾਜ ਬਹੁਤ ਸਰਲ ਹੋ ਗਿਆ ਹੈ ਜਿਵੇਂ ਇਨ੍ਹਾਂ ਫਾਈਬਰਾਂ ਨੂੰ ਬਾਇਓਮੈਡੀਕਲ ਸੈਂਸਰਾਂ ਦੇ ਰੂਪ ਵਿਚ ਵੀ ਵਰਤਿਆ ਜਾਂਦਾ ਹੈ। ਆਪਟੀਕਲ ਸੈਂਸਰ ਆਪਣੀ ਰੋਸ਼ਨੀ ਨਾਲ ਇਲਾਜ ਵੀ ਕਰ ਸਕਦੇ ਹਨ ਜਿਵੇਂ ਫੋਟੋਡਾਇਨੈਮਿਕ ਥੈਰੇਪੀ ਨਾਲ ਸਰੀਰ ਦੇ ਕਿਸੇ ਵੀ ਹਿੱਸੇ ਵਿਚ ਅਜਿਹੀ ਦਵਾਈ ਨੂੰ ਉਤੇਜਿਤ ਕੀਤਾ ਜਾਂਦਾ ਹੈ ਜਿਹੜੀ ਕੈਂਸਰ ਦੇ ਸੈੱਲਾਂ ਨੂੰ ਮਾਰ ਸਕਦੀ ਹੈ।



ਕਿਸੇ ਵੀ ਕਾਢ ਪਿੱਛੇ ਅਨੇਕਾਂ ਸਾਇੰਸਦਾਨਾਂ ਦੀ ਦੇਣ ਹੁੰਦੀ ਹੈ ਪਰ ਨੋਬੇਲ ਉਸਨੂੰ ਮਿਲਦਾ ਹੈ ਜਿਸਨੇ ਉਸ ਖੇਤਰ ਵਿਚ ਬਹੁਤ ਫ਼ੈਸਲਾਕੁਨ ਕੰਮ ਕੀਤਾ ਹੋਵੇ। ਬਹੁਤ ਸਾਰੇ ਸਾਇੰਸਦਾਨ ਕਪਾਨੀ ਦੇ ਕੰਮ ਨੂੰ ਇਹ ਦਰਜਾ ਦਿੰਦੇ ਹਨ। ਅਸੀਂ ਜਾਣਦੇ ਹਾਂ ਕਿ ਹਰ ਨਾਇਕ ਨੂੰ ਨੋਬੇਲ ਨਹੀਂ ਮਿਲ ਸਕਦਾ। ਹੈਰੋਲਡ ਹੌਪਕਿਨਜ਼ ਉਸਦਾ ਅਧਿਆਪਕ ਸੀ ਅਤੇ ਉਸਦਾ ਦੋ ਵਾਰ ਨੋਬੇਲ ਲਈ ਨਾਮਾਂਕਣ ਹੋਇਆ ਪਰ ਪੁਰਸਕਾਰ ਨਹੀਂ ਮਿਲ ਸਕਿਆ। ਇਸੇ ਤਰ੍ਹਾਂ 1966 ਵਿਚ ਫਾਈਬਰ ਆਪਟਿਕਸ ਦਾ ਨੋਬੇਲ ਪੁਰਸਕਾਰ ਹਾਂਗਕਾਂਗ ਦੇ ਚਾਰਲਸ ਕੇ ਕਾਉ ਨੂੰ ਮਿਲਿਆ ਸੀ। ਪਰ ਜਿਹੜਾ ਕੰਮ ਕਾਉ ਨੇ 1966 ਵਿਚ ਕੀਤਾ ਉਸਨੂੰ ਕਪਾਨੀ 1953 ਵਿਚ ਲੰਡਨ ਵਿਚ ਕਰ ਚੁੱਕਾ ਸੀ। ਉਸਦਾ ਇਕ ਸਬੂਤ ਇਹ ਹੈ ਕਿ ਉਹ ਆਪਣੀ ਖੋਜ ਸੰਬੰਧੀ ਦੋ ਲੇਖ ਇੰਟਰਨੈਸ਼ਨਲ ਜਰਨਲਾਂ ਵਿਚ ਵੀ ਪ੍ਰਕਾਸ਼ਿਤ ਕਰ ਚੁੱਕਾ ਸੀ। 'ਨੇਚਰ' ਨਾਂ ਦੇ ਮੈਗਜ਼ੀਨ ਦੇ ਜਨਵਰੀ 2, 1954 ਦੇ ਅੰਕ ਵਿਚ 'ਏ ਫਲੈਕਸੀਬਲ ਫਾਈਬਰਸਕੋਪ, ਯੂਜ਼ਿੰਗ ਸਟੈਟਿਕ ਸਕੈਨਿੰਗ' ਛਪਿਆ। ਇਹ ਖੋਜ-ਪੱਤਰ ਪ੍ਰੋਫੈਸਰ ਹੌਪਕਿਨਜ਼ ਨਾਲ ਮਿਲ ਕੇ ਲਿਖਿਆ ਗਿਆ ਸੀ। 1960 ਵਿਚ ਉਸਦਾ ਇਕ ਹੋਰ ਖੋਜ-ਪੱਤਰ 'ਸਾਇੰਟੀਫਿਕ ਅਮੈਰੀਕਨ' ਵਿਚ ਛਪਿਆ ਜਿਸ ਵਿਚ ਉਸਨੇ 'ਫਾਈਬਰ ਆਪਟਿਕਸ' ਨਾਮ ਦੀ ਵੀ ਪਹਿਲੀ ਵਾਰ ਵਰਤੋਂ ਕੀਤੀ। ਜਦੋਂ ਕਾਉ ਨੂੰ ਪੁਰਸਕਾਰ ਮਿਲਿਆ ਤਾਂ ਕਪਾਨੀ ਨੇ ਸਾਂ ਫ਼ਰਾਂਸਿਸਕੋ ਵਿਚ 'ਮੇਲ ਟੂਡੇ' ਦੇ ਪੱਤਰਕਾਰ ਨੂੰ ਸਿਰਫ਼ ਇੰਨਾ ਕਿਹਾ ਸੀ, ''ਇਸ ਬਾਰੇ ਕੀ ਕਿਹਾ ਜਾ ਸਕਦਾ ਹੈ। ਸਾਰੀ ਦੁਨੀਆ ਜਾਣਦੀ ਹੈ ਕਿ ਪ੍ਰੋਫੈਸਰ ਕਾਉ ਦੇ ਕੰਮ ਤੋਂ ਬਹੁਤ ਸਮਾਂ ਪਹਿਲਾਂ ਮੈਂ ਫਾਈਬਰ ਆਪਟਿਕਸ ਦੀ ਕਾਢ ਕੱਢ ਚੁੱਕਾ ਸੀ। ਪਰ ਇਸ ਬਾਰੇ ਕੋਈ ਵਾਦ-ਵਿਵਾਦ ਨਹੀਂ ਪੈਦਾ ਕਰਨਾ ਚਾਹੀਦਾ, ਇਹ ਤਾਂ ਸਵੀਡਨ ਦੀ ਅਕਾਦਮੀ ਦੀ ਆਪਣੀ ਮਰਜ਼ੀ ਅਤੇ ਪ੍ਰਕਿਰਿਆ 'ਤੇ ਨਿਰਭਰ ਕਰਦਾ ਹੈ।'' ਕਪਾਨੀ ਬਾਰੇ ਲਿਖੀ ਪੁਸਤਕ 'ਸੈਂਡ ਟੂ ਸਿਲੀਕੋਨ' ਦਾ ਲੇਖਕ ਸ਼ਿਵਾਨੰਦ ਕਾਨਵੀ, ਜੋ ਭੌਤਿਕ ਵਿਗਿਆਨੀ ਵੀ ਸੀ, ਲਿਖਦਾ ਹੈ: ''ਕੁਝ ਹੋਰ ਸਾਇੰਸਦਾਨਾਂ ਨੇ ਵੀ ਸਾਬਤ ਕੀਤਾ ਕਿ ਰੋਸ਼ਨੀ ਨੂੰ ਦੂਜੀ ਥਾਂ ਲਿਜਾਣ ਦਾ ਕੰਮ ਕੱਚ ਦੇ ਸਿਲੰਡਰ ਜਾਂ ਫ;ਈਬਰ ਕਰ ਸਕਦੇ ਹਨ ਪਰ ਕਪਾਨੀ ਇਸ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ ਕਰਨ ਵਿਚ ਸਭ ਨਾਲੋਂ ਵੱਧ ਕਾਮਯਾਬ ਸੀ ਅਤੇ ਉਸ ਨੇ ਇਸ ਦਾ ਸਫ਼ਲਤਾ ਸਹਿਤ ਪ੍ਰਦਰਸ਼ਨ ਵੀ ਕੀਤਾ।'' ਕੁਝ ਲੋਕਾਂ ਦਾ ਖ਼ਿਆਲ ਹੈ ਕਿ ਇਹ ਪੁਰਸਕਾਰ ਕਾਉ ਅਤੇ ਕਪਾਨੀ ਨੂੰ ਸਾਂਝੇ ਤੌਰ 'ਤੇ ਮਿਲਣਾ ਚਾਹੀਦਾ ਸੀ। ਜਦੋਂ 'ਫਾਰਚੂਨ' ਉਸ ਨੂੰ 'ਅਨਸੰਗ ਹੀਰੋ' ਕਹਿੰਦਾ ਹੈ ਜਾਂ 1999 ਵਿਚ 'ਟਾਈਮਜ਼' ਮੈਗਜ਼ੀਨ ਉਸਨੂੰ ਵੀਹਵੀਂ ਸਦੀ ਦੇ 10 ਸਰਵੋਤਮ ਵਿਗਿਆਨੀਆਂ ਵਿਚ ਸ਼ਾਮਿਲ ਕਰਦਾ ਹੈ ਤਾਂ ਕਪਾਨੀ ਦੀ ਦੇਣ ਦੇ ਅਸਲ ਦੀਦਾਰ ਹੁੰਦੇ ਹਨ। ਇਉਂ ਹੀ ਜਦੋਂ ਉਸਦੀ 2020 ਵਿਚ ਮੌਤ ਹੋਈ ਤਾਂ 'ਨਿਊਯਾਰਕ ਟਾਈਮਜ਼' ਨੇ ਵੀ ਲਿਖਿਆ ਸੀ ਕਿ ਫਾਈਬਰ ਆਪਟਿਕਸ ਦਾ ਪਿਤਾਮਾ ਤੁਰ ਗਿਆ ਹੈ। ਇਹ ਆਪਣੇ-ਆਪ ਵਿਚ ਬਹੁਤ ਵੱਡਾ ਪੁਰਸਕਾਰ ਸੀ। ਉਂਜ ਕਪਾਨੀ ਨੂੰ ਵੱਡੇ ਪੱਧਰ ਦੇ ਕਈ ਹੋਰ ਪੁਰਸਕਾਰ ਮਿਲੇ ਜਿਨ੍ਹਾਂ ਵਿਚ ਭਾਰਤ ਸਰਕਾਰ ਵੱਲੋਂ 2012 ਵਿਚ ਦਿੱਤਾ ਗਿਆ ਪਦਮ ਵਿਭੂਸ਼ਨ ਵੀ ਸ਼ਾਮਿਲ ਹੈ।

ਕਪਾਨੀ ਦਾ ਜਨਮ 31 ਅਕਤੂਬਰ 1926 ਨੂੰ ਕੁੰਦਨ ਕੌਰ ਕਪਾਨੀ ਅਤੇ ਸੁੰਦਰ ਸਿੰਘ ਕਪਾਨੀ ਦੇ ਘਰ ਮੋਗਾ ਵਿਚ ਹੋਇਆ ਸੀ। ਉਸਦੇ ਪਿਤਾ ਨੇ ਪਹਿਲੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਸੀ। ਆਗਰਾ ਯੂਨੀਵਰਸਿਟੀ ਵਿਚ ਮੁਢਲੀ ਵਿਦਿਆ ਹਾਸਲ ਕਰਨ ਤੋਂ ਬਾਅਦ ਉਹ 1952 ਵਿਚ ਪੀਐੱਚ ਡੀ ਕਰਨ ਲਈ ਇੰਗਲੈਂਡ ਦੇ ਇੰਪੀਰੀਅਲ ਕਾਲਜ ਚਲਾ ਗਿਆ ਜਿੱਥੇ ਉਸਨੂੰ ਆਪਟਿਕਸ ਦੇ ਇਕ ਵੱਡੇ ਸਾਇੰਸਦਾਨ ਹੈਰਲਡ ਹੌਪਕਿਨਜ਼ ਦੀ ਅਗਵਾਈ ਪ੍ਰਾਪਤ ਹੋਈ। 1955 ਵਿਚ ਪੀਐੱਚ ਡੀ ਕਰਨ ਪਿੱਛੋਂ ਉਹ ਅਮਰੀਕਾ ਚਲਾ ਗਿਆ ਜਿੱਥੇ ਉਸ ਨੇ ਆਪਟਿਕਸ ਟੈਕਨਾਲੋਜੀ ਇੰਕ ਨਾਂ ਦੀ ਕੰਪਨੀ ਖੋਲ੍ਹੀ ਜਿਸ ਵਿਚ ਸਿਲੀਕੋਨ ਵੈਲੀ ਦੀਆਂ ਵੱਡੀਆਂ ਕੰਪਨੀਆਂ ਨੇ ਆਪਣਾ ਪੈਸਾ ਲਾਇਆ। ਸਾਲ ਦੇ ਅੰਦਰ ਅੰਦਰ ਉਸ ਨੇ ਕੰਪਨੀ ਨੂੰ ਪਬਲਿਕ ਦੀ ਹਿੱਸੇਦਾਰੀ ਵਾਸਤੇ ਖੋਲ੍ਹ ਦਿੱਤਾ ਅਤੇ ਆਪਟਿਕਸ ਨਾਲ ਸਬੰਧਿਤ ਸਾਮਾਨ ਨੂੰ ਸਨਅਤੀ ਅਤੇ ਮਿਲਟਰੀ ਵਰਤੋਂ ਵਾਸਤੇ ਬਣਾਉਣਾ ਸ਼ੁਰੂ ਕਰ ਦਿੱਤਾ। 1977 ਵਿਚ ਉਸਨੇ ਇਕ ਹੋਰ ਕੰਪਨੀ ਬਣਾਈ ਜਿਸਨੇ ਦੁਨੀਆ ਦੀਆਂ ਵੱਡੀਆਂ ਟੈਲੀਫੋਨ ਅਤੇ ਇੰਟਰਨੈੱਟ ਕੰਪਨੀਆਂ ਵਾਸਤੇ ਸਾਮਾਨ ਬਣਾਉਣਾ ਸ਼ੁਰੂ ਕੀਤਾ। ਹੌਲੀ-ਹੌਲੀ ਉਸ ਨੇ ਆਪਣੀ ਖੋਜ ਦੇ ਘੇਰੇ ਨੂੰ ਵਧਾਇਆ ਅਤੇ ਫਾਈਬਰ ਆਪਟਿਕਸ ਤੋਂ ਪਾਰ ਜਾ ਕੇ ਬਾਇਓ-ਮੈਡੀਕਲ ਇੰਸਟਰੂਮੈਂਟੇਸ਼ਨ, ਸੋਲਰ ਐਨਰਜੀ, ਅਤੇ ਪ੍ਰਦੂਸ਼ਨ ਉੱਤੇ ਨਜ਼ਰ ਰੱਖਣ ਵਰਗੇ ਵੱਖ ਵੱਖ ਖੇਤਰਾਂ ਵਿਚ 120 ਪੇਟੈਂਟ ਹਾਸਲ ਕੀਤੇ। ਇਸ ਦਾ ਭਾਵ ਹੈ ਕਿ ਏਨੀਆਂ ਨਵੀਆਂ ਕਾਢਾਂ ਉਸ ਦੇ ਨਾਂ 'ਤੇ ਰਜਿਸਟਰ ਹੋ ਗਈਆਂ। ਕਿਸੇ ਵੀ ਕੰਪਨੀ ਵਾਸਤੇ ਉਨ੍ਹਾਂ ਕਾਢਾਂ ਦੀ ਵਰਤੋਂ ਲਈ ਕਪਾਨੀ ਦੀ ਆਗਿਆ ਲੈਣੀ ਅਤੇ ਉਸਦੀ ਰਾਇਲਟੀ ਦੇਣੀ ਜ਼ਰੂਰੀ ਸੀ। ਉਸ ਪਾਸ ਖੁੱਲ੍ਹਾ ਪੈਸਾ ਆਉਣਾ ਲਾਜ਼ਮੀ ਸੀ। ਸਾਰੇ ਜੀਵਨ ਵਿਚ ਉਸ ਦੀ ਪਤਨੀ ਸਤਿੰਦਰ ਕਪਾਨੀ ਨੇ ਉਹਦਾ ਪੂਰੀ ਤਰ੍ਹਾਂ ਸਾਥ ਦਿੱਤਾ। ਭਾਵੇਂ ਉਹ ਨੋਬੇਲ ਤੋਂ ਪਿੱਛੇ ਰਹਿ ਗਿਆ ਪਰ ਉਸ ਨੇ ਸਨਅਤੀ ਖੇਤਰ ਦੇ ਨਾਲ-ਨਾਲ ਅਕਾਦਮਿਕ ਸੰਸਾਰ ਵਿਚ ਵੀ ਆਪਣੀ ਪੈਂਠ ਬਣਾਈ। ਉਹ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਅੱਡ-ਅੱਡ ਚਾਰ ਕੇਂਦਰਾਂ ਨਾਲ ਅਧਿਆਪਨ ਅਤੇ ਖੋਜ ਵਾਸਤੇ ਜੁੜਿਆ ਰਿਹਾ। ਉਹ ਵੱਖ-ਵੱਖ ਵਿਭਾਗਾਂ ਨੂੰ ਖੁੱਲ੍ਹੀ ਆਰਥਿਕ ਸਹਾਇਤਾ ਦੇਣ ਦੇ ਮਾਮਲੇ ਵਿਚ ਵੀ ਸਦਾ ਕਰਮਸ਼ੀਲ ਰਿਹਾ। 1998 ਵਿਚ ਉਸਨੇ ਯੂਨੀਵਰਸਟੀ ਆਫ ਕੈਲੀਫੋਰਨੀਆ ਦੇ ਸੈਂਟਾ ਬਾਰਬਰਾ ਕੈਂਪਸ ਵਿਚ ਸਿੱਖ ਸਟੱਡੀਜ਼ ਦੀ ਚੇਅਰ ਸਥਾਪਿਤ ਕੀਤੀ। ਉਸਨੇ ਸੈਂਟਾ ਕਰੂਜ਼ ਕੈਂਪਸ ਵਿਚ ਦੋ ਹੋਰ ਚੇਅਰਾਂ ਦੀ ਸਥਾਪਨਾ ਵੀ ਕੀਤੀ।

ਕਪਾਨੀ ਨੇ ਕਾਫ਼ੀ ਪੈਸਾ ਖ਼ਰਚ ਕੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀਆਂ ਪੇਂਟਿੰਗਾਂ ਵੀ ਇਕੱਤਰ ਕੀਤੀਆਂ ਜਿਸ ਵਿਚ ਵੱਡਾ ਹਿੱਸਾ ਅਰਪਨਾ ਕੌਰ ਦੀਆਂ ਪੇਂਟਿੰਗਾਂ ਦਾ ਹੈ। ਜਦੋਂ 1984 ਵਿਚ ਪੰਜਾਬ ਬਹੁਤ ਮੰਦਭਾਗੇ ਦੌਰ ਵਿਚੋਂ ਨਿਕਲ ਰਿਹਾ ਸੀ ਅਤੇ ਦੁਨੀਆ ਸਿੱਖਾਂ ਨੂੰ ਸਿਰਫ਼ ਅਤਿਵਾਦੀ ਮੰਨਣ ਲਗ ਪਈ ਸੀ, ਕਪਾਨੀ ਵੱਲੋਂ 1967 ਵਿਚ ਸਥਾਪਿਤ ਸੰਸਥਾ ਸਿੱਖ ਫਾਊਂਡੇਸ਼ਨ ਨੇ ਦੁਨੀਆ ਦੇ ਕੁਝ ਬਿਹਤਰੀਨ ਮਿਊਜ਼ੀਅਮਾਂ ਵਿਚ ਉਸ ਵੱਲੋਂ ਇਕੱਤਰ ਕੀਤੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਲਾਈ ਗਈ। ਇਹ ਗ਼ੈਰ-ਰਾਜਸੀ ਤਰੀਕੇ ਨਾਲ ਸਿੱਖਾਂ ਦੀ ਅਸਲ ਤਸਵੀਰ ਲੋਕਾਂ ਸਾਹਮਣੇ ਲਿਆਉਣ ਦਾ ਸਫ਼ਲ ਉਪਰਾਲਾ ਸੀ। ਇਨ੍ਹਾਂ ਵਿਚ ਵਿਕਟੋਰੀਆ ਅਤੇ ਐਲਬਰਟ ਮਿਊਜ਼ੀਅਮ ਲੰਡਨ, ਰੂਬਿਨ ਮਿਊਜ਼ੀਅਮ ਆਫ ਆਰਟ ਨਿਊ ਯਾਰਕ, ਏਸ਼ੀਅਨ ਆਰਟ ਮਿਊਜ਼ੀਅਮ ਸਾਂ ਫ਼ਰਾਂਸਿਸਕੋ, ਰਾਇਲ ਉਂਟਾਰੀਓ ਮਿਊਜ਼ੀਅਮ ਟਰਾਂਟੋ, ਸਮਿਥਸੋਨੀਅਨ ਇੰਸਟੀਚਿਊਸ਼ਨ ਵਾਸ਼ਿੰਗਟਨ, ਇੰਸਟੀਚਿਊਟ ਆਫ ਟੈਕਸਨ ਕਲਚਰ ਸਾਂ ਐਂਟੋਨੀਓ, ਮਿਊਜ਼ੀਅਮ ਆਫ ਨੈਚੁਰਲ ਹਿਸਟਰੀ ਸੈਂਟਾ ਬਾਰਬਰਾ, ਫਰੈਜ਼ਨੋ ਆਰਟ ਮਿਊਜ਼ੀਅਮ ਆਦਿ ਸ਼ਾਮਿਲ ਹਨ। ਕਪਾਨੀ ਦੁਆਰਾ ਇਕੱਠੀਆਂ ਕੀਤੀਆਂ ਕਲਾ-ਕਿਰਤਾਂ ਨੂੰ ਏਸ਼ੀਅਨ ਆਰਟ ਮਿਊਜ਼ੀਅਮ ਅੰਦਰ ਉਸਦੀ ਪਤਨੀ ਸਤਿੰਦਰ ਕੌਰ ਕਪਾਨੀ ਦੀ ਯਾਦ ਵਿਚ ਬਣਾਈ ਗਈ ਗੈਲਰੀ ਵਿਚ ਪੱਕੇ ਤੌਰ 'ਤੇ ਪ੍ਰਦਰਸ਼ਿਤ ਕੀਤਾ ਹੋਇਆ ਹੈ। ਗੈਲਰੀ ਦੀਆਂ ਤਸਵੀਰਾਂ ਉਸਦੇ ਮਿਆਰ ਦੀਆਂ ਸੂਚਕ ਹਨ। ਇਸ ਕਾਰਜ ਲਈ ਉਸਨੇ ਮਿਊਜ਼ੀਅਮ ਨੂੰ ਪੰਜ ਲੱਖ ਡਾਲਰ ਦਿੱਤੇ। ਉਸ ਵੱਲੋਂ ਸਥਾਪਿਤ ਸਿੱਖ ਫਾਊਂਡੇਸ਼ਨ ਦੀ ਪੰਜਾਹਵੀਂ ਵਰ੍ਹੇਗੰਢ ਮੌਕੇ ਪੌਲ ਮਾਈਕਲ ਟੇਲਰ ਅਤੇ ਸੋਨੀਆ ਧਾਮੀ ਵੱਲੋਂ ਸੰਪਾਦਿਤ ਵੱਡ-ਅਕਾਰੀ ਅਤੇ ਉੱਚ-ਮਿਆਰੀ ਕੌਫ਼ੀ ਟੇਬਲ ਪੁਸਤਕ 'ਸਿੱਖ ਆਰਟ' ਬਹੁਤ ਮੁੱਲਵਾਨ ਪ੍ਰਕਾਸ਼ਨਾ ਹੈ। ਉਸਦੀ ਸਵੈਜੀਵਨੀ 'ਦਿ ਮੈਨ ਹੂ ਬੈਂਟ ਲਾਈਟ' ਵੀ ਪੜ੍ਹਨਯੋਗ ਰਚਨਾ ਹੈ। ਭਾਵੇਂ 4 ਦਸੰਬਰ 2020 ਨੂੰ ਨਰਿੰਦਰ ਸਿੰਘ ਕਪਾਨੀ ਨੇ 94 ਸਾਲ ਦੀ ਉਮਰ ਵਿਚ ਅੰਤਿਮ ਸਾਹ ਲਏ ਪਰ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਉਸਨੂੰ ਆਪਣੀਆਂ ਰਚਨਾਵਾਂ, ਕਥਾਵਾਂ, ਸਭਾਵਾਂ ਅਤੇ ਗੱਲਾਂ-ਬਾਤਾਂ ਵਿਚ ਜ਼ਿੰਦਾ ਰੱਖੀਏ। ਉਹ ਅਮੁੱਲਾ ਪੰਜਾਬੀ ਹੈ ਜਿਸਦੀ ਬਣਾਈ ਆਪਟਿਕਸ ਫਾਈਬਰ ਸਾਡੇ ਹਰ ਘਰ ਵਿਚ ਆਪਣਾ ਜਲਵਾ ਦਿਖਾ ਰਹੀ ਹੈ। ਸਾਨੂੰ ਉਸਦੀ ਜ਼ਹਾਨਤ, ਮਿਹਨਤ, ਲਗਨ ਅਤੇ ਦੇਣ ਉੱਤੇ ਮਾਣ ਹੋਣਾ ਚਾਹੀਦਾ ਹੈ ਅਤੇ ਸਾਨੂੰ ਉਸਦਾ ਜਸ਼ਨ ਮਨਾਉਣਾ ਚਾਹੀਦਾ ਹੈ।







# ਆਪਣੇ ਰਸਤੇ ਆਪ ਲੱਭੋ

ਲੇਖਕ : ਗੁਰਸ਼ਰਨ ਸਿੰਘ ਕੁਮਾਰ

ਮਨੁੱਖ ਦੇ ਜੀਵਨ ਦੇ ਤਿੰਨ ਮੁੱਖ ਅੰਗ ਹਨ। ਬਚਪਨ, ਜੁਆਨੀ ਅਤੇ ਬੁਢਾਪਾ। ਬਚਪਨ ਵਿਚ ਮਨੁੱਖ ਬਿਲਕੁਲ ਨਿਰਬਲ ਹੁੰਦਾ ਹੈ ਉਸ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਦੂਸਰੇ ਸਹਾਰੇ ਦੀ ਜ਼ਰੂਰਤ ਪੈਂਦੀ ਹੈ। ਜੁਆਨੀ ਵਿਚ ਮਨੁੱਖ ਸ਼ਰੀਰਕ ਤੌਰ ਤੇ ਮਜ਼ਬੂਤ ਹੁੰਦਾ ਹੈ ਅਤੇ ਆਤਮ ਨਿਰਭਰ ਬਣਦਾ ਹੈ। ਮਾਨਸਿਕ ਤੌਰ ਤੇ ਵੀ ਉਸਦਾ ਵਿਕਾਸ ਹੁੰਦਾ ਹੈ ਅਤੇ ਉਸਦਾ ਤਜਰਬਾ ਵਧਦਾ ਹੈ। ਉਹ ਨਵੀਆਂ ਚੁਣੌਤੀਆਂ ਨਾਲ ਦੋ ਦੋ ਹੱਥ ਕਰਨਾ ਸਿੱਖਦਾ ਹੈ। ਉਹ ਜੋਖਿਮ ਉਠਾਉਂਦਾ ਹੈ ਅਤੇ ਚੰਗੇ ਮਾੜੇ ਨਤੀਜੇ ਵੀ ਖੁਸ਼ੀ ਨਾਲ ਭੁਗਤਦਾ ਹੈ ਕਿਉਂਕਿ ਇਹ ਉਸਦੇ ਆਪਣੇ ਕੀਤੇ ਹੋਏ ਫੈਸਲਿਆਂ ਦਾ ਸਿੱਟਾ ਹੀ ਹੁੰਦੇ ਹਨ। ਉਸਦੇ ਫੈਸਲਿਆਂ ਦੇ ਨਤੀਜੇ ਇੱਛਾ ਅਨੁਸਾਰ ਲਾਭਦਾਇਕ ਵੀ ਹੋ ਸਕਦੇ ਹਨ ਪਰ ਇੱਛਾ ਦੇ ਉਲਟ ਹਾਨੀ ਕਾਰਕ ਵੀ ਹੋ ਸਕਦੇ ਹਨ। ਇਹ ਫੈਸਲੇ ਅਤੇ ਨਤੀਜੇ ਅੱਗੇ ਜਾ ਕੇ ਉਸਦਾ ਤਜ਼ਰਬਾ ਬਣਦੇ ਹਨ ਅਤੇ ਉਹ ਪ੍ਰੌੜ ਅਵਸਥਾ ਵਲ ਵਧਦਾ ਹੈ। ਉਸ ਤੋਂ ਬਾਅਦ ਉਹ ਬਜ਼ੁਰਗੀ ਵਿਚ ਕਦਮ ਰੱਖਦਾ ਹੈ।ਉਸਦਾ ਤਜ਼ਰਬਾ ਉਸਦੇ ਆਪਣੇ ਅਤੇ ਬੱਚਿਆਂ ਦੇ ਕੰਮ ਆਉਂਦਾ ਹੈ। ਯੂਰਪੀ ਮੁਲਕਾਂ ਵਿਚ ਬਜ਼ੁਰਗਾਂ ਨੂੰ ਸੀਨੀਅਰ ਸਿਟੀਜ਼ਨ ਦੇ ਨਾਂਅ ਨਾਲ ਨਿਵਾਜਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

ਬਚਪਨ ਤੋਂ ਹੀ ਬੱਚਿਆਂ ਵਿਚ ਚੰਗੀਆਂ ਆਦਤਾਂ ਦਾ ਸੰਚਾਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਵੱਡੇ ਹੋ ਕੇ ਚੰਗੇ ਗੁਣਾ ਦੇ ਧਾਰਨੀ ਹੋਣ ਅਤੇ ਚੰਗੇ ਨਾਗਰਿਕ ਬਣ ਸੱਕਣ। ਅੱਜ ਕੱਲ ਛੋਟੇ ਪਰਿਵਾਰ ਹੋਣ ਕਰ ਕੇ ਮਾਂ ਬਾਪ, ਬੱਚਿਆਂ ਨਾਲ ' ਜਿਆਦਾ ਮੋਹ ਕਰਦੇ ਹਨ। ਉਨ੍ਹਾਂ ਤੇ ਪਾਬੰਦੀਆਂ ਵੀ ਕੁਝ ਜਿਆਦਾ ਹੀ ਲਾਉਂਦੇ ਹਨ। ਮਾਂ ਬਾਪ ਦਾ ਇਹ ਪਿਆਰ ਬੱਚਿਆਂ ਦੇ ਪੈਰਾਂ ਦੀਆਂ ਬੇੜੀਆਂ ਨਹੀਂ ਬਣਨੀਆਂ ਚਾਹੀਦੀਆਂ। ਬੱਚੇ ਦੀ ਵਧਦੀ ਉਮਰ ਨੂੰ ਧਿਆਨ ਵਿਚ ਰੱਖਦੇ ਹੋਏ ਮਾਂ ਬਾਪ ਨੂੰ ਆਪਣੇ ਕੰਟਰੋਲ ਦਾ ਡੰਡਾ ਕੁਝ ਨਰਮ ਕਰਨਾ ਚਾਹੀਦਾ ਹੈ ਅਤੇ ਬੱਚੇ ਨੂੰ ਉਮਰ ਮੁਤਾਬਕ ਆਪਣੇ ਕੰਮ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਬੱਚੇ ਵਿਚ ਆਤਮ ਵਿਸ਼ਵਾਸ਼ ਪੈਦਾ ਹੋ ਸੱਕੇ। ਜੇ ਕਿਧਰੇ ਬੱਚੇ ਤੋਂ ਕੋਈ ਕੰਮ ਗਲਤ ਵੀ ਹੋ ਜਾਵੇ ਤਾਂ ਕੋਈ ਹਰਜ਼ ਨਹੀਂ। ਬੱਚੇ ਨੂੰ ਸ਼ਰਮਿੰਦਾ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨਾਲ ਵੀ ਬੱਚੇ ਨੂੰ ਜ਼ਿੰਦਗੀ ਦਾ ਤਜ਼ਰਬਾ ਤਾਂ ਹਾਸਲ ਹੁੰਦਾ ਹੀ ਹੈ। ਆਪਣੇ ਤਜ਼ਰਬੇ ਤੋਂ ਗ੍ਰਹਿਣ ਕੀਤੀ ਹੋਈ ਸਿਖਿਆ ਮਨੁੱਖ ਦੀ ਜ਼ਿੰਦਗੀ ਭਰ ਮਾਂ ਦੀ ਤਰ੍ਹਾਂ ਰੱਖਿਆ ਕਰਦੀ ਹੈ।ਨਹੀਂ ਤਾਂ ਕਈ ਵਾਰੀ ਦੇਖਿਆ ਗਿਆ ਹੈ ਕਿ ਬੱਚੇ ਵੱਡੇ ਹੋ ਕੇ ਵਿਆਹੇ ਵੀ ਜਾਂਦੇ ਹਨ ਪਰ ਉਹ ਹਰ ਕੰਮ ਕਰਨ ਲੱਗੇ ਆਪਣੇ ਮਾਂ ਬਾਪ ਦੇ ਮੂੰਹ ਵਲ ਹੀ ਦੇਖਦੇ ਹਨ। ਉਹ ਕੋਈ ਵੀ ਫੈਸਲਾ ਆਪਣੇ ਤੌਰ ਤੇ ਨਹੀਂ ਲੈ ਸਕਦੇ। ਬੇਸ਼ੱਕ ਉਨ੍ਹਾਂ ਵਿਚ ਕੰਮ ਕਰਨ ਦੀ ਪ੍ਰਤਿਭਾ ਤਾਂ ਹੁੰਦੀ ਹੈ ਪਰ ਉਨ੍ਹਾਂ ਦਾ ਵਿਕਾਸ ਠੀਕ ਨਾ ਹੋਣ ਕਰ ਕੇ ਉਹ ਵਿਆਹੁਤਾ ਜ਼ਿੰਦਗੀ ਵਿਚ ਅਸਫਲ ਹੋ ਜਾਂਦੇ ਹਨ।ਜਦ ਤਕ ਕੋਈ ਵਿਅਕਤੀ ਦੂਸਰੇ ਦੀ ਉਂਗਲੀ ਫੜ ਕੇ ਚਲਦਾ ਹੈ ਤਦ ਤਕ ਉਹ ਕਦੀ ਆਪਣੇ ਰਸਤੇ ਆਪ ਤਲਾਸ਼ ਨਹੀਂ ਕਰ ਸਕਦਾ। ਉਸ ਵਿਚ ਸਦਾ ਆਤਮ ਵਿਸ਼ਵਾਸ਼ ਦੀ ਘਾਟ ਰਹੇਗੀ। ਜ਼ਿੰਦਗੀ ਦਾ ਕੋਈ ਫੈਸਲਾ ਲੈਣ ਲੱਗੇ ਉਹ ਦੂਸਰੇ ਦਾ ਆਸਰਾ ਲੱਭੇਗਾ।



ਸਕੂਲ ਅਤੇ ਕਾਲਜ ਦੀ ਪੜ੍ਹਾਈ ਤਕ ਬੱਚੇ ਕਾਫ਼ੀ ਹੱਦ ਤਕ ਮਾਂ ਬਾਪ ਤੇ ਨਿਰਭਰ ਹੁੰਦੇ ਹਨ। ਕਾਲਜ ਦੀ ਪੜ੍ਹਾਈ ਤੋਂ ਬਾਅਦ ਆਪਣੇ ਸਾਥੀਆਂ ਦੀ ਸੰਗਤ ਕਰਕੇ ਉਨ੍ਹਾਂ ਨੂੰ ਇਕ ਨਵੀਂ ਦੁਨੀਆਂ ਨਜ਼ਰ ਆਉਣ ਲਗ ਪੈਂਦੀ ਹੈ। ਉਨ੍ਹਾਂ ਦੀ ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਉਨ੍ਹਾਂ ਨੂੰ ਆਪਣੇ ਫੈਸਲੇ ਆਪ ਲੈਣੇ ਚਾਹੀਦੇ ਹਨ ਅਤੇ ਆਪਣੇ ਰਸਤੇ ਵੀ ਆਪ ਲੱਭਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਆਪਣੀ ਮਜ਼ਿਲ ਆਪ ਮਿਥਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਉਨ੍ਹਾਂ ਨੇ ਵੱਡੇ ਹੋ ਕੇ ਜ਼ਿੰਦਗੀ ਵਿਚ ਕੀ ਬਣਨਾ ਹੈ ਅਤੇ ਕਿੱਥੇ ਪਹੁੰਚਣਾ ਹੈ। ਡਾਕਟਰ,ਇਨਜੀਨੀਅਰ, ਸਾਂਇੰਸਦਾਨ,ਅਧਿਆਪਕ, ਰਾਜਨੇਤਾ ਜਾਂ ਵਪਾਰੀ ਬਣਨਾ ਹੈ? ਕਿਸੇ ਕਾਮਯਾਬ ਮਨੁੱਖ ਨੂੰ ਆਪਣਾ ਆਦਰਸ਼ ਬਣਾਓ। ਆਪਣੇ ਕੈਰੀਅਰ ਦਾ ਫੈਸਲਾ ਬੜੇ ਧਿਆਨ ਨਾਲ ਸੋਚ ਸਮਝ ਕੇ ਆਪਣੀ ਰੁੱਚੀ, ਯੋਗਤਾ ਅਤੇ ਭਵਿਖ ਦਾ ਸਕੋਪ ਦੇਖ ਕੇ ਹੀ ਲੈਣਾ ਚਾਹੀਦਾ ਹੈ। ਜ਼ਿੰਦਗੀ ਦਾ ਇਹ ਮੋੜ ਬਹੁਤ ਹੀ ਮਹੱਤਵ ਪੂਰਨ ਹੁੰਦਾ ਹੈ।ਹਨੇਰੇ ਵਿਚ ਠੋਕ੍ਹਰਾਂ ਖਾਣ ਦਾ ਕੀ ਫ਼ਾਇਦਾ?ਬਿਨਾ ਮਜ਼ਿਲ ਤੋਂ ਚੱਲੇ ਹੋਏ ਰਾਹੀ ਨੂੰ ਭਟਕਣ ਅਤੇ ਰਸਤੇ ਦੀਆਂ ਠੋਕ੍ਹਰਾਂ ਹੀ ਮਿਲਦੀਆਂ ਹਨ।ਬਗ਼ੈਰ ਸਿਧਾਂਤ ਦੇ ਕੀਤਾ ਹੋਇਆ ਕੰਮ ਅੰਨ੍ਹੇ ਵਿਅਕਤੀ ਵਲੋਂ ਕੀਤੀ ਗਈ ਖੋਜ ਹੀ ਹੁੰਦੀ ਹੈ। ਘਬਰਾਹਟ ਵਿਚ ਜਾਂ ਕਾਹਲੀ ਵਿਚ ਜਾਂ ਲੋਕਾਂ ਦੀ ਦੇਖਾ ਦੇਖੀ ਆਪਣਾ ਕਿੱਤ ਨਹੀਂ ਚੁਣਨਾ ਚਾਹੀਦਾ।ਉਸ ਕਿੱਤੇ ਦੇ ਕਿਸੇ ਸਿਆਣੇ ਅਤੇ ਕਾਮਯਾਬ ਬੰਦੇ ਦੀ ਰਾਇ ਵੀ ਲਈ ਜਾ ਸਕਦੀ ਹੈ। ਜੇ ਕੈਰੀਅਰ ਚੁਣਨ ਵਿਚ ਤੁਹਾਡਾ ਫੈਸਲਾ ਗਲਤ ਹੋ ਗਿਆ ਤਾਂ ਪਿੱਛੇ ਮੁੜ ਕੇ ਦੂਜਾ ਵਿਸ਼ਾ ਚੁਣਨ ਵਿਚ ਤੁਹਾਡਾ ਕਾਫੀ ਸਾਰਾ ਸਮਾਂ ਬਰਬਾਦ ਹੋ ਜਾਵੇਗਾ ਅਤੇ ਤੁਹਾਡੀ ਮਜ਼ਿਲ ਵੀ ਦੂਰ ਹੋ ਜਾਵੇਗੀ।ਆਪਣੀ ਮਜ਼ਿਲ ਤੇ ਪਹੁੰਚਣ ਲਈ ਮਿਹਨਤ ਵੀ ਆਪ ਹੀ ਕਰਨੀ ਪਵੇਗੀ।ਸਿਖਰ ਤਕ ਪਹੁੰਚਣ ਲਈ ਮਨੁੱਖ ਨੂੰ ਪੌੜੀਆਂ ਵੀ ਆਪ ਹੀ ਚੜ੍ਹਣੀਆ ਪੈਂਦੀ ਹਨ।

ਕਈ ਵਾਰੀ ਅਸੀਂ ਆਪਣੀ ਅਸਫਲਤਾ ਲਈ ਕਿਸਮਤ ਜਾਂ ਹਾਲਾਤ ਨੂੰ ਦੋਸ਼ ਦਿੰਦੇ ਹਾਂ। ਇਹ ਠੀਕ ਨਹੀਂ। ਦੇਖੋ ਕਿ ਤੁਹਡੇ ਪ੍ਰਯਤਨ ਵਿਚ ਕਿੱਥੇ ਕਮੀ ਰਹਿ ਗਈ ਹੈ ਅਤੇ ਸਫਲਤਾ ਤੁਹਾਡੇ ਹੱਥੋਂ ਨਿਕਲ ਗਈ। ਆਪਣੀ ਜ਼ਿਮੇਵਾਰੀ ਲਓ। ਆਪਣੀ ਗਲਤੀ ਨੂੰ ਸੁਧਾਰੋ। ਉਹ ਹੀ ਗਲਤੀ ਦੁਬਾਰਾ ਨਾ ਕਰੋ। ਤੁਹਾਨੂੰ ਸਫਲਤਾ ਮਿਲੇਗੀ। ਕਾਮਯਾਬ ਜ਼ਿੰਦਗੀ ਤੁਹਾਡੇ ਸੁਖ,ਅਰਾਮ ਅਤੇ ਆਲਸ ਦੀ ਹੱਦ ਟੱਪ ਕੇ ਸ਼ੁਰੂ ਹੁੰਦੀ ਹੈ।ਜ਼ਿੰਦਗੀ ਵਿਚ ਨਵੀਂਆਂ ਚੁਣੌਤੀਆਂ ਦਾ ਸਾਹਮਣਾ ਕਰੋ। ਆਪਣੀ ਮਜ਼ਿਲ ਖੁਦ ਮਿਥੋ ਅਤੇ ਆਪਣੇ ਰਸਤੇ ਵੀ ਆਪ ਤਲਾਸ਼ ਕਰੋ। ਇਸ ਨਾਲ ਤੁਹਾਡਾ ਮਨੋਬਲ ਵਧੇਗਾ। ਮੁਸ਼ਕਲਾਂ ਤੇ ਰੁਕਾਵਟਾਂ ਦਾ ਸੂਰਬੀਰਾਂ ਦੀ ਤਰਾਂ ਮੁਕਾਬਲਾ ਕਰੋ।ਮੈਦਾਨ ਛੱਡ ਕੇ ਨਾ ਭੱਜੋ। ਜਦ ਤਕ ਸਫਲ ਨਾ ਹੋ ਜਾਵੋ ਡਟੇ ਰਹੋ। ਨਵੀਂਆਂ ਚੀਜ਼ਾਂ ਤਲਾਸ਼ਣ ਦੀ, ਨਵੀਂਆਂ ਖੋਜਾਂ ਕਰਨ ਦੀ, ਨਵੇਂ ਦਿਸਹੱਦਿਆਂ ਨੂੰ ਲੱਭਣ ਦੀ , ਨਵੇਂ ਸਥਾਨਾ ਨੂੰ ਦੇਖਣ ਦੀ ਅਤੇ ਨਵੇਂ ਲੋਕਾਂ ਨੂੰ ਮਿਲਣ ਦੀ ਮਨੁੱਖ ਦੀ ਸ਼ੁਰੂ ਤੋਂ ਹੀ ਲਾਲਸਾ ਰਹੀ ਹੈ। ਇਸੇ ਲਾਲਸਾ ਨੂੰ ਪੂਰਾ ਕਰਨ ਲਈ ਮਨੁੱਖ ਵਿਚ ਸਫ਼ਰ ਕਰਨ ਦੀ ਰੁੱਚੀ ਪੈਦਾ ਹੋਈ ਕਈ ਵਾਰੀ ਉਹ ਆਪਣੀ ਜਾਨ ਜੋਖਿਮ ਵਿਚ ਪਾ ਕੇ ਵੀ ਸਫ਼ਰ ਲਈ ਤੁਰ ਪੈਂਦਾ ਹੈ।ਜਿਤਨੇ ਕਦਮ ਮਨੁੱਖ ਅੱਗੇ ਵਧਦਾ ਹੈ ਉਤਨੀ ਹੀ ਉਸਦੀ ਮਜ਼ਿਲ ਨਜਦੀਕ ਆਉਂਦੀ ਜਾਂਦੀ ਹੈ। ਰਸਤੇ ਬਣਦੇ ਜਾਂਦੇ ਹਨ। ਬੰਦ ਦਰਵਾਜੇ ਖੁਲ੍ਹਦੇ ਜਾਂਦੇ ਹਨ।ਮਜ਼ਿਲ ਸਪਸ਼ਟ ਨਜ਼ਰ ਆਉਣ ਲੱਗ ਪੈਂਦੀ ਹੈ। ਹਿੰਮਤੀ ਬੰਦਾ ਇਕ ਦਿਨ ਆਪਣੀ ਮਜ਼ਿਲ ਤੇ ਪਹੁੰਚ ਜਾਂਦਾ ਹੈ।

ਪੈਸਾ ਜ਼ਿੰਦਗੀ ਦਾ ਗੁਜ਼ਰਾਨ ਹੈ। ਪੈਸੇ ਤੋਂ ਬਿਨਾ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ। ਇਸ ਲਈ ਪੈਸਾ ਜ਼ਿੰਦਗੀ ਲਈ ਬਹੁਤ ਅਹਿਮ ਸਥਾਨ ਰੱਖਦਾ ਹੈ। ਪੈਸੇ ਨਾਲ ਹੀ ਮਨੁੱਖ ਦੀ ਘਰ, ਮੁਹਲੇ ਅਤੇ ਸਮਾਜ ਵਿਚ ਇੱਜਤ ਅਤੇ ਟੌਹਰ ਬਣਦੀ ਹੈ।ਇਸ ਕਰ ਕੇ ਲੋਕਾਂ ਵਿਚ ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ।ਬੇਈਮਾਨੀ ਨਾਲ ਜਾਂ ਬਿਨਾ ਮਿਹਨਤ ਤੋਂ ਕਮਾਇਆ ਧਨ ਨਦੀ ਦੇ ਹੜ੍ਹ ਦੀ ਤਰ੍ਹਾਂ ਹੀ ਹੁੰਦਾ ਹੈ। ਜਿਵੇਂ ਆਇਆ ਉਵੇਂ ਹੀ ਚਲਾ ਜਾਂਦਾ ਹੈ।ਇਮਾਨਦਾਰੀ ਦਾ ਪੈਸਾ ਮਿਹਨਤ ਨਾਲ ਹੀ ਕਮਾਇਆ ਜਾਂਦਾ ਹੈ ਅਤੇ ਉਸ ਵਿਚ ਬਰਕਤ ਵੀ ਪੈਂਦੀ ਹੈ। ਰੁਤਬਾ ਵੀ ਮਿਹਨਤ ਨਾਲ ਹੀ ਮਿਲਦਾ ਹੈ। ਜੇ ਤੁਸੀਂ ਜ਼ਿੰਦਗੀ ਵਚ ਕਾਮਯਾਬ ਹੋਣਾ ਹੈ ਤਾਂ ਮਿਹਨਤ ਅਤੇ ਸਬਰ ਦਾ ਪੱਲਾ ਕਦੀ ਨਾ ਛੱਡੋ। ਜੇ ਕੁਝ ਕਰੋਗੇ ਤਾਂ ਹੀ ਕੁਝ ਬਣੋਗੇ ਤੇ ਤੁਹਾਡੇ ਪਾਸ ਪੈਸਾ ਵੀ ਆਵੇਗਾ। ਜੇ ਕੁਝ ਵੀ ਨਾ ਕਰੋਗੇ ਤਾਂ ਕੁਝ ਵੀ ਨਹੀਂ ਬਣੋਗੇ ਪਰ ਭੁੱਖੇ ਜਰੂਰ ਮਰੋਗੇ।

ਜੇ ਤੁਸੀਂ ਆਪਣੀ ਮਿਹਨਤ ਅਤੇ ਕਾਬਲੀਅਤ ਨਾਲ ਆਪਣੀ ਮੰਜ਼ਿਲ ਤੇ ਪਹੁੰਚ ਵੀ ਗਏ ਤਾਂ ਕਦੀ ਘੁਮੰਢ ਨਹੀਂ ਕਰਨਾ ਚਾਹੀਦਾ।ਆਪਣੀ ਲਿਆਕਤ ਅਤੇ ਪ੍ਰਤੀਬਾ ਦਾ ਸਬੂਤ ਸ਼ਾਲੀਨਤ ਨਾਲ ਅਤੇ ਆਪਣੇ ਬੋਲਚਾਲ ਅਤੇ ਕੰਮਾ ਨਾਲ ਦਿਓ। ਪੰਜਾਬੀ ਦੀ ਪ੍ਰਸਿਧ ਲਿਖਾਰੀ ਦਲੀਪ ਕੌਰ ਟਿਵਾਣਾ ਲਿਖਦੀ ਹੈ,“ ਇਮਤਿਹਾਨ ਪਾਸ ਕਰ ਲੈਣੇ ਜਾਂ ਡਿਗਰੀਆਂ ਲੈਣੀਆਂ ਕੋਈ ਅਰਥ ਨਹੀਂ ਰੱਖਦੀਆਂ ਜੇ ਤੁਹਾਡੇ ਸੁਭਾਅ,ਵਰਤਾਓ ਅਤੇ ਬੋਲਚਾਲ ਵਿਚ ਕੋਈ ਵਧੀਆ-ਪਣ ਨਹੀਂ।” ਮਨੁੱਖ ਦਾ ਜਨਮ ਹਾਲਾਤ ਦਾ ਗੁਲਾਮ ਬਣਨ ਲਈ ਨਹੀਂ ਹੋਇਆ ਸਗੋਂ ਹਾਲਾਤ ਦਾ ਸਾਹਮਣਾ ਕਰ ਕੇ ਮੁਸ਼ਕਲਾਂ ਵਿਚੋਂ ਲੰਘਣ ਲਈ ਹੋਇਆ ਹੈ।ਤੁਸੀਂ ਹਾਲਾਤ ਦਾ ਸਵਾਮੀ ਬਣੋ। ਇਸ ਲਈ ਤੁਸੀਂ ਆਪਣੇ ਆਪ ਨੂੰ ਸਰਵਸਰੇਸ਼ਟ ਸਮਝੋ। ਆਪਣੇ ਕੰਮ ਨਾਲ ਇਸ ਦਾ ਸਬੂਤ ਦਿਓ। ਤੁਸੀਂ ਸਭ ਦੇ ਸਿਰਤਾਜ ਬਣ ਜਾਵੋਗੇ।

ਇਹ ਵੀ ਯਾਦ ਰੱਖੋ ਕਿ ਇਕੱਲੇ ਬੰਦੇ ਦੀ ਖੁਸ਼ੀ ਕੋਈ ਖੁਸ਼ੀ ਨਹੀਂ ਜੇ ਉਸਦਾ ਪਰਿਵਾਰ ਜਾਂ ਸਮਾਜ ਦੁਖੀ ਹੈ ਤਾਂ ਇਹ ਨੀਰੂ ਦੇ ਬੰਸਰੀ ਵਜਾਉਣ ਦੀ ਤਰ੍ਹਾਂ ਹੀ ਹੈ। ਇਸ ਲਈ ਤੁਹਾਡੀ ਜ਼ਿੰਦਗੀ ਕੇਵਲ ਆਪਣੇ ਆਪ ਲਈ ਨਹੀਂ ਤੁਸੀਂ ਸਮਾਜ ਦਾ ਨਿਰੋਇਆ ਅੰਗ ਬਣਨਾ ਹੈ। ਆਪਣੇ ਪਰਿਵਾਰ ਨੂੰ ਖੁਸ਼ਹਾਲ ਬਣਾਉਣ ਦੇ ਨਾਲ ਨਾਲ ਸਮਾਜ ਨੂੰ ਵੀ ਸੇਧ ਦੇਣੀ ਹੈ। ਆਪਣੇ ਸਾਥੀਆਂ ਦੇ ਉਪਰ ਉਠਣ ਲਈ ਬਾਂਹ ਫੜਣੀ ਹੈ। ਵੱਡੇ ਹੋ ਕੇ ਬੇਸ਼ੱਕ ਬਜ਼ੁਰਗਾਂ ਵਿਚ ਸਰੀਰਕ ਤੌਰ ਤੇ ਕੁਝ ਕੰਮਜੋਰੀ ਆ ਜਾਂਦੀ ਹੈ ਪਰ ਉਨ੍ਹਾਂ ਕੋਲ ਉਮਰ ਭਰ ਦੇ ਤਜ਼ਰਬੇ ਦਾ ਖਜ਼ਾਨਾ ਵੀ ਹੁੰਦਾ ਹੈ ਜੋ ਉਨ੍ਹਾਂ ਨੇ ਆਉਣ ਵਾਲੀ ਪੀੜ੍ਹੀ ਨੂੰ ਵਿਰਾਸਤ ਵਿਚ ਦੇਣਾ ਹੁੰਦਾ ਹੈ।ਇਸ ਲਈ ਆਪਣੇ ਵਿਚ ਆਤਮ ਵਿਸ਼ਵਾਸ ਪੈਦਾ ਕਰੋ। ਵੱਡੇ ਹੋ ਕੇ ਤੁਸੀਂ ਹੀ ਬੱਚਿਆਂ ਦੀ ਅਗਵਾਈ ਕਰਨੀ ਹੈ ਤਾਂ ਕਿ ਬੱਚੇ ਜੁਆਨ ਹੋ ਤੁਹਾਡੇ ਤਜਰਬੇ ਦਾ ਫ਼ਾਇਦਾ ਉਠਾ ਕੇ ਆਤਮ ਨਿਰਭਰ ਬਣ ਸੱਕਣ। ਜੇ ਤੁਹਾਡੇ ਆਪਣੇ ਆਪ ਵਿਚ ਹੀ ਵਿਸ਼ਵਾਸ਼ ਦੀ ਘਾਟ ਹੋਵੇਗੀ ਤਾਂ ਤੁਸੀਂ ਬੱਚਿਆਂ ਨੂੰ ਕੀ ਅਗਵਾਈ ਦੇ ਪਾਵੋਗੇ? ਹਰ ਸਮੇਂ ਕਿਸੇ ਦਾ ਸਹਾਰਾ ਨਾ ਭਾਲਦੇ ਰਹੋ। ਸਗੋਂ ਦੂਜਿਆਂ ਨੂੰ ਸਹਾਰਾ ਦਿਓ। ਡਿਗਦਿਆਂ ਨੂੰ ਉਠਾਓ। ਨਿਰਾਸ਼ਾ ਵਿਚ ਡੁਬਦਿਆਂ ਨੂੰ ਬਾਹਰ ਕੱਢੋ। ਬੁਝਦੇ ਚਿਰਾਗਾਂ ਵਿਚ ਤੇਲ ਪਾ ਕੇ ਉਨ੍ਹਾਂ ਦੀ ਰੋਸ਼ਨੀ ਵਧਾਓ। ਦੂਜਿਆਂ ਲਈ ਸਹਾਰਾ ਬਣੋ। ਹਰ ਸਮੇਂ ਇਹ ਹੀ ਨਾ ਸੋਚਦੇ ਰਹੋ ਕਿ ਮੈਂ ਹਾਲੀ ਛੋਟਾ (ਬੱਚਾ) ਹਾਂ। ਵੱਡਾ ਹੋ ਕੇ ਇਹ ਕੰਮ ਕਰ ਲਵਾਂਗਾ। ਦੂਸਰਿਆਂ ਨੂੰ ਪ੍ਰੇਰਨਾ ਦਿਓ। ਉਨ੍ਹਾਂ ਨੂੰ ਨਿਰਾਸ਼ਾ ਵਿਚੋਂ ਕੱਢੋ। ਉਨ੍ਹਾਂ ਨੂੰ ਯਕੀਨ ਦੁਵਾਓ ਕਿ ਇਕ ਸੱਜਰੀ ਸਵੇਰ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਹੈ ਜੋ ਸਫਲਤਾ ਅਤੇ ਖੁਸ਼ੀਆਂ ਲੈ ਕੇ ਆਵੇਗੀ। ਉਨ੍ਹਾਂ ਦੀਆਂ ਉਮੰਗਾਂ ਪੂਰੀਆਂ ਕਰੇਗੀ। ਥੋੜ੍ਹਾ ਹੌਸਲਾ ਰੱਖੋ ਅਤੇ ਉੱਦਮ ਕਰੋ।ਇਸ ਤਰ੍ਹਾਂ ਉਨ੍ਹਾਂ ਵਿਚ ਇਕ ਨਵਾਂ ਜੋਸ਼ ਪੈਦਾ ਹੋਵੇਗਾ ਅਤੇ ਉਹ ਜ਼ਿੰਦਗੀ ਵਿਚ ਕਾਮਯਾਬ ਹੋ ਕੇ ਚੰਗੇ ਨਾਗਰਿਕ ਬਣ ਸਕਣਗੇ। ਇਸ ਤਰ੍ਹਾਂ ਤੁਸੀਂ ਆਪਣੀ ਜ਼ਿੰਦਗੀ ਦਾ ਕਰਜ ਉਤਾਰ ਸਕੋਗੇ ਅਤੇ ਇਕ ਨਰੋਏ ਸਮਾਜ ਦੀ ਸਿਰਜਣਾ ਹੋ ਸੱਕੇਗੀ। ਆਪਣਾ ਦੇਸ਼ ਅਤੇ ਸਮਾਜ ਖੁਸ਼ਹਾਲ ਬਣੇਗਾ।

# ਪੱਥਰ ਦਿਲ ਲੋਕ

ਲਿਖਤ : ਬਰਜਿੰਦਰ ਕੌਰ ਬਿਸਰਾਓ, 9988901324

ਸੁਰਜੀਤ ਸਿੰਘ ਦਾ ਸਾਰਾ ਪਰਿਵਾਰ ਵਿਦੇਸ਼ ਤੋਂ ਇੰਡੀਆ ਘੁੰਮਣ ਆਇਆ ਹੋਇਆ ਸੀ। ਉਹਨਾਂ ਨੂੰ ਆਇਆਂ ਨੂੰ ਮਹੀਨਾ ਕੁ ਹੋ ਗਿਆ ਸੀ।ਹਜੇ ਮਹੀਨਾ ਡੇਢ ਮਹੀਨਾ ਹੋਰ ਰਹਿਣਾ ਸੀ। ਪਹਿਲਾ ਮਹੀਨਾ ਤਾਂ ਮਿਲਣ ਗਿਲਣ ਵਿੱਚ ਹੀ ਨਿਕਲ ਜਾਂਦਾ ਹੈ।ਡੇਢ ਕੁ ਮਹੀਨੇ ਬਾਅਦ ਉਹਨਾਂ ਦੀ ਇੱਕ ਰਿਸ਼ਤੇਦਾਰ ਸੁਰਿੰਦਰ ਨੇ ਵੀ ਸੋਚਿਆ, ਕਿ ਚਲੋ ਸਾਰੇ ਪਰਿਵਾਰ ਨੂੰ ਆਏ ਨੂੰ ਵਾਹਵਾ ਦੇਰ ਹੋ ਗਈ ਹੈ,ਜਾ ਕੇ ਮਿਲ ਹੀ ਆਈਏ। ਉਹ ਆਪਣੀ ਨੂੰਹ ਨੂੰ ਨਾਲ ਲੈਕੇ ਮਿਲਣ ਚਲੀ ਗਈ। ਉਹਨਾਂ ਦੇ ਘਰ ਵਿੱਚ ਦੋ ਨੌਕਰਨੀਆਂ ਤੁਰੀਆਂ ਫਿਰਦੀਆਂ ਸਨ ਜਿਨ੍ਹਾਂ ਵੱਲ ਮੱਲੋਮੱਲੀ ਧਿਆਨ ਖਿੱਚਿਆ ਜਾਂਦਾ ਕਿਉਂ ਕਿ ਉਹ ਆਏ ਗਏ ਦੀ ਪੁੱਛ ਗਿੱਛ ਕਰਦੀਆਂ,ਸਭ ਨੂੰ ਚਾਹ ਪਾਣੀ ਵੀ ਆਪ ਹੀ ਦਿੰਦੀਆਂ ਭਾਵ ਚੁੱਲ੍ਹਾ ਚੌਂਕਾ ਉਹਨਾਂ ਦੋਹਾਂ ਜਾਣੀਆਂ ਨੇ ਸੰਭਾਲਿਆ ਹੋਇਆ ਸੀ । ਸੁਰਜੀਤ ਸਿੰਘ ਦੀ ਪਤਨੀ ਹਰਜੀਤ ਕੌਰ ਬਹੁਤ ਪਿਆਰ ਨਾਲ ਮਿਲੀ ਤੇ ਹਾਲ ਚਾਲ ਪੁੱਛਿਆ।ਬੈਠ ਕੇ ਹੋਰ ਸਭ ਗੱਲਾਂ ਬਾਤਾਂ ਕਰਕੇ ਨੌਕਰਾਣੀਆਂ ਬਾਰੇ ਆਪ ਹੀ ਸੁਰਿੰਦਰ ਨੂੰ ਆਖਣ ਲੱਗੀ,"ਭੈਣ ਜੀ, ਉੱਥੇ ਤਾਂ ਸਾਰੇ ਅੰਦਰ ਬਾਹਰ ਦੇ ਕੰਮ ਵੀ ਆਪ ਹੀ ਕਰਨੇ ਪੈਂਦੇ ਨੇ.....ਹਣ ਐਥੇ ਜਿਹੜੇ ਚਾਰ ਦਿਨ ਵੈਕੇਸ਼ਨ ਕੱਟਣ ਆਏਂ ਆਂ ਓਹਨੂੰ ਅਰਾਮ ਨਾਲ ਕੱਟੀਏ..... ਨਾਲੇ ਆਇਆ ਗਿਆ ਬਹੁਤ ਰਹਿੰਦਾ..... ਹੁਣ ਭੈਣ ਭਾਈ ਜੀਹਨੂੰ ਪਤਾ ਲੱਗਦਾ ....ਮਿਲਣ ਤਾਂ ਆਉਂਦਾ ਈ ਆ.....ਇਸ ਕਰਕੇ ਦੋਵੇਂ ਜਾਣੀਆਂ ਕੰਮ ਨੂੰ ਲਾ ਲਈਆਂ ਨੇ।"

"ਚਲੋ ਵਧੀਆ ਕੀਤਾ ਭੈਣ ਜੀ.....ਜੇ ਇੱਥੇ ਆ ਕੇ ਵੀ ਕੰਮ ਚ ਈ ਲੱਗੇ ਰਹੇ ਤਾਂ ਕੀ ਫਾਇਦਾ ਐਡੀ ਦੂਰੋਂ ਆਇਆਂ ਦਾ....!" ਸੁਰਿੰਦਰ ਨੇ ਸਹਿਮਤੀ ਪ੍ਰਗਟਾਉਂਦਿਆਂ ਆਖਿਆ। ਉਹ ਆਪਸ ਵਿੱਚ ਹਾਸਾ ਠੱਠਾ ਕਰਦੀਆਂ ਰਹੀਆਂ ,ਜਦ ਤੱਕ ਦੁਪਹਿਰ ਨੂੰ ਰੋਟੀ ਦਾ ਟਾਈਮ ਹੋ ਗਿਆ। ਹਰਜੀਤ ਕੌਰ ਨੇ ਇੱਕ ਨੂੰ ਕੋਲ ਬੁਲਾ ਕੇ ਰੋਟੀ ਲਿਆਉਣ ਨੂੰ ਕਿਹਾ।ਉਹ ਦੋਵੇਂ ਨੌਕਰਨੀਆਂ ਅਸਲ ਵਿੱਚ ਦਰਾਣੀ ਜਠਾਣੀ ਹੀ ਸਨ। ਉਹਨਾਂ ਵਿੱਚੋਂ ਇੱਕ ਬੁਝੀ ਬੁਝੀ ਜਿਹੀ ਬਹੁਤ ਦੁੱਖਾਂ ਦੀ ਮਾਰੀ ਲੱਗਦੀ ਸੀ । ਵਕਤ ਦੀ ਮਾਰ ਨਾਲ ਉਸ ਦਾ ਸਰੀਰ ਵੀ ਕੱਠਾ ਜਿਹਾ ਹੋਇਆ ਪਿਆ ਲੱਗਦਾ ਸੀ।ਪਰ ਦੂਜੀ ਬੜੀ ਮੋਟੀ ਡਾਹਢੀ ਹੰਕਾਰੀ ਜਿਹੀ ਲੱਗਦੀ ਸੀ। ਸੁਰਿੰਦਰ ਦਾ ਧਿਆਨ ਉਹਨਾਂ ਵੱਲ ਵਾਰ ਵਾਰ ਜਾਂਦਾ ਸੀ। ਮਰੀਅਲ ਜਿਹੀ ਨੌਕਰਾਨੀ ਨੇ ਬੈਠੇ ਬਿਠਾਏ ਰਸੋਈ ਵਿੱਚ ਖਾਣਾ ਬਣਾਉਣ ਦਾ ਸਾਰਾ ਕੰਮ ਸੰਭਾਲਿਆ ਹੋਇਆ ਸੀ।ਤਕੜੀ ਨੇ ਤੋਰੇ ਫੇਰੇ ਤੇ ਖਾਣਾ ਪਾਣੀ ਪਰੋਸਣ ਦਾ ਕੰਮ ਸੰਭਾਲਿਆ ਹੋਇਆ ਸੀ।

ਉਹਨਾਂ ਨੇ ਖਾਣਾ ਪਰੋਸਿਆ ਤੇ ਸਾਰਿਆਂ ਨੇ ਇਕੱਠੇ ਬੈਠ ਕੇ ਡਾਇਨਿੰਗ ਟੇਬਲ ਤੇ ਖਾਣਾ ਖਾਧਾ। ਉਸ ਨੇ ਬਹੁਤ ਹੀ ਸਵਾਦ ਖਾਣਾ ਬਣਾਇਆ ਸੀ । ਖਾਣਾ ਖਾ ਕੇ ਸਾਰੇ ਕਮਰੇ ਵਿੱਚ ਬੈਠ ਕੇ ਫਿਰ ਗੱਲਾਂ ਬਾਤਾਂ ਕਰਨ ਲੱਗੇ ਕਿਉਂਕਿ ਸੁਰਿੰਦਰ ਹੋਰਾਂ ਨੇ ਸ਼ਾਮ ਤੱਕ ਉੱਥੇ ਹੀ ਰੁਕਣਾ ਸੀ। ਐਨੇ ਨੂੰ ਉਹ ਮਰੀਅਲ ਜਿਹੀ ਨੌਕਰਾਨੀ ਆ ਕੇ ਹਰਜੀਤ ਨੂੰ ਪੁੱਛਣ ਲੱਗੀ," ਬੀਬੀ ਜੀ .... ਮੈਂ ਘਰ ਜਾ ਆਵਾਂ ....ਦੋ ਘੰਟੇ ਲਈ.... ਆਹ ਦੋ ਰੋਟੀਆਂ ਤੇ ਵਿੱਚ ਸੁੱਕੀ ਸਬਜ਼ੀ ਵਿੱਚੇ ਪਾ ਕੇ ਲੈ ਚੱਲੀ ਆਂ ਆਪਣੇ ਘਰ ਵਾਲੇ ਲਈ.....ਓਹਦਾ ਦਵਾਈ ਦਾ ਟਾਈਮ ਵੀ ਹੋ ਗਿਆ.... ਮੈਂ ਘਰੇ ਘੰਟਾ ਆਰਾਮ ਕਰਕੇ ਓਹਨੂੰ ਚਾਹ ਪਿਆ ਕੇ ਆ ਜਾਊਂਗੀ।" (ਕਹਿਕੇ ਉਹ ਹਰਜੀਤ ਨੂੰ ਰੋਟੀਆਂ ਦਿਖਾਉਣ ਲੱਗਦੀ ਹੈ)

ਹਰਜੀਤ ਓਹਨੂੰ ਟੋਕਦਿਆਂ ਆਖਦੀ ਹੈ,"ਲੈ ਦੱਸ ਦੋ ਰੋਟੀਆਂ ਨਾਲ ਓਹਦਾ ਕੀ ਬਣਨਾ .... ਤੂੰ ਦੋ ਰੋਟੀਆਂ ਹੋਰ ਲੈ ਜਾ.... ਨਾਲੇ ਕਿਸੇ ਡੱਬੀ ਵਿੱਚ ਦਾਲ ਵੀ ਲੈ ਜਾ।" ਉਹ ਉਸੇ ਤਰ੍ਹਾਂ ਹੀ ਕਰਦੀ ਹੈ ਤੇ ਚਲੇ ਜਾਂਦੀ ਹੈ।

ਜਦ ਨੂੰ ਦੂਜੀ ਉਹਨਾਂ ਕੋਲ ਆ ਕੇ ਫਰਸ਼ ਤੇ ਬੈਠ ਜਾਂਦੀ ਹੈ,ਮੌਕਾ ਦੇਖ ਕੇ ਹਰਜੀਤ ਨੂੰ ਆਖਦੀ ਹੈ,"ਬੀਜੀ ਤੁਸੀਂ ਤਾਂ ਓਹਨੂੰ ਬਾਹਲਾ ਈ ਸਿਰ ਚੜ੍ਹਾਈ ਜਾਨੇ ਓਂ.. ..ਓਹਦੇ ਆਦਮੀ ਤੋਂ ਕਿਤੇ ਖਾਧੀਆਂ ਜਾਣੀਆਂ ਨੇ ਐਨੀਆਂ ਰੋਟੀਆਂ....?ਮਰਨ ਕਿਨਾਰੇ ਪਿਆ। ( ਫਿਰ ਉਹ ਸੁਰਿੰਦਰ ਹੋਰਾਂ ਵੱਲ ਨੂੰ ਮੂੰਹ ਕਰਕੇ ਦੱਸਣ ਲੱਗੀ) ..... ਇਹਦੇ ਮੁੰਡੇ ਨੇ ਸੈਕਲ ਚੋਰੀ ਕਰ ਲਿਆ ਸੀ ਕਿਸੇ ਦਾ.... ਪੁਲਿਸ ਨੇ ਫੜ ਲਿਆ ਸੀ..... ਊਂ ਤਾਂ ਮੰਗਿਆ ਹੋਇਆ ਸੀ......ਛੇ ਮਹੀਨੇ ਦੀ ਸਜ਼ਾ ਹੋਈ ਸੀ......ਛੁੱਟ ਕੇ ਆਉਣਾ ਸੀ ਤਾਂ ਪੰਦਰਾਂ ਦਿਨਾਂ ਬਾਅਦ ਵਿਆਹ ਵੀ ਰੱਖਿਆ ਹੋਇਆ ਸੀ..... ਸਜ਼ਾ ਪੂਰੀ ਹੋਣ ਨੂੰ ਮਹੀਨਾ ਰਹਿੰਦਾ ਸੀ.....ਅੰਦਰੇ ਬੁਖ਼ਾਰ ਚੜ੍ਹ ਕੇ ਮਰ ਗਿਆ।" ਉਸ ਨੇ ਮਹਿਮਾਨਾਂ ਨੂੰ ਉਸ ਦੀ ਸਾਰੀ ਕਹਾਣੀ ਸੁਣਾਉਣ ਦਾ ਜਿਵੇਂ ਮਸਾਂ ਮੌਕਾ ਕੱਢਿਆ ਹੁੰਦਾ । ਉਸ ਨੇ ਤਾਂ ਬੜੇ ਖੁਸ਼ ਹੋ ਕੇ ਸਾਰੀ ਕਹਾਣੀ ਸੁਣਾਈ ਸੀ ਪਰ ਸੁਰਿੰਦਰ ਨੂੰ ਬਹੁਤ ਦੁੱਖ ਹੋਇਆ।ਉਹ ਸੋਚਣ ਲੱਗੀ ਕਿ ਉਸ ਦੇ ਪੁੱਤਰ ਨੇ ਆਪਣੀ ਕਰਨੀ ਦੀ ਸਜ਼ਾ ਤਾਂ ਭੁਗਤ ਲਈ ਸੀ ।ਜੇ ਆ ਕੇ ਉਸ ਦਾ ਵਿਆਹ ਹੋ ਜਾਂਦਾ ਤਾਂ ਇਸ ਦੇ ਘਰ ਦੀ ਰੌਣਕ ਦੁੱਗਣੀ ਹੋ ਜਾਂਦੀ....ਤੇ ਹੁਣ ਵਕਤ ਪਾਸ ਕਰ ਰਹੇ ਹਨ।ਉਸ ਨੂੰ ਦੂਜੀ ਨੌਕਰਾਨ ਤੇ ਬਹੁਤ ਗੁੱਸਾ ਆਇਆ ਕਿ ਕਿੰਨੇ ਪੱਥਰ ਦਿਲ ਲੋਕ ਹੁੰਦੇ ਹਨ ਕਿ ਕਿਸੇ ਦੇ ਦੁੱਖ ਨੂੰ ਵੀ ਮਸਾਲੇਦਾਰ ਕਹਾਣੀ ਬਣਾ ਕੇ ਸਭ ਨੂੰ ਦੱਸਦੇ ਫਿਰਦੇ ਹਨ।ਜਦ ਕਿ ਇਸ ਦਾ ਫਰਜ਼ ਤਾਂ ਇਹ ਬਣਦਾ ਹੈ ਕਿ ਉਸ ਨੂੰ ਆਪਣੇ ਵੱਲੋਂ ਵੱਧ ਤੋਂ ਵੱਧ ਹੌਸਲਾ ਦੇ ਕੇ ਜ਼ਿੰਦਗੀ ਜਿਉਣ ਦੀ ਪ੍ਰੇਰਨਾ ਦੇਵੇ।

# ਸਮਾਜਿਕ ਜੀਵਨ 'ਤੇ ਸੋਸ਼ਲ ਮੀਡੀਆ ਦਾ ਪ੍ਰਭਾਵ



ਲੇਖਕ : ਡਾ. ਦਵਿੰਦਰ ਸਿੰਘ, ਸੰਪਰਕ: 78892-69677

ਸੋਸ਼ਲ ਮੀਡੀਆ ਦਾ ਆਰੰਭਲਾ ਪ੍ਰਭਾਵ ਇਹ ਸੀ ਕਿ ਇਹ ਸਮਾਜ ਨੂੰ ਆਪਸ ਵਿੱਚ ਜੋੜਦਾ ਹੈ। ਆਮ ਸਮਝ ਵਾਲੇ ਲੋਕਾਂ ਵਿੱਚ ਹਾਲੇ ਵੀ ਇਸਦਾ ਇਹ ਪ੍ਰਭਾਵ ਕਾਇਮ ਹੈ। ਪਹਿਲੀ ਨਜ਼ਰੇ ਦੇਖਿਆਂ ਇਸ ਦਾ ਇਹ ਪ੍ਰਭਾਵ ਗੰਭੀਰ ਲੋਕਾਂ 'ਤੇ ਵੀ ਨਜ਼ਰ ਆਉਂਦਾ ਹੈ। ਦੂਸਰਾ ਵਿਚਾਰ ਇਹ ਸੀ ਕਿ ਆਮ ਬੰਦੇ ਨੂੰ ਆਪਣਾ ਪੱਖ ਰੱਖਣ ਲਈ ਇੱਕ ਪੁਰਅਸਰ ਮੰਚ ਮੁਹਈਆ ਕਰਵਾਉਂਦਾ ਹੈ ਜਿੱਥੇ ਉਹ ਆਪਣਾ ਪੱਖ ਬਿਨਾਂ ਕਿਸੇ ਦਬਾਅ, ਖਰਚ ਅਤੇ ਔਕੜ ਦਾ ਸਾਹਮਣਾ ਕਰਨ ਤੋਂ ਆਸਾਨੀ ਨਾਲ ਰੱਖ ਸਕਦਾ ਹੈ। ਆਪਣੀ ਆਵਾਜ਼ ਨੂੰ ਆਪਣੇ ਹਮਖਿਆਲਾਂ, ਵਿਰੋਧੀਆਂ, ਸਰਕਾਰ, ਪ੍ਰਸ਼ਾਸਨ ਅਤੇ ਹਰ ਤਰਾਂ ਦੇ ਲੋਕਾਂ ਅਤੇ ਲੋਕ-ਸਮੂਹਾਂ ਤੱਕ ਪਹੁੰਚਾ ਸਕਦਾ ਹੈ। ਓਪਰੀ ਨਜ਼ਰੇ ਇਹ ਸਭ ਕੁਝ ਸੰਭਵ ਅਤੇ ਸੱਚ ਵੀ ਲਗਦਾ ਹੈ। ਸ਼ੁਰੂ ਵਿੱਚ ਕੁਝ ਹੱਦ ਤੱਕ ਲੋਕਾਂ ਨੇ ਹਰ ਖੇਤਰ ਵਿੱਚ ਇਸਦੀ ਸੁਚੱਜੀ ਵਰਤੋਂ ਕੀਤੀ ਵੀ ਜਿਸ ਨਾਲ ਹਰ ਖੇਤਰ ਵਿੱਚ ਇਸਦੇ ਸਾਰਥਕ ਨਤੀਜੇ ਵੀ ਦੇਖਣ ਨੂੰ ਮਿਲੇ ਪਰ ਸੂਚਨਾ ਦੇ ਹੜ ਵਿੱਚ ਇਹ ਸਭ ਕੁਝ ਬਹੁਤ ਜਲਦੀ ਅਪ੍ਰਸੰਗਿਕ ਹੋ ਗਿਆ। ਬੇਲੋੜੀ, ਅਣਸਾਧੀ ਤੇ ਅਣਸੰਪਾਦਿਤ ਸੂਚਨਾ ਸਮੱਗਰੀ ਦੇ ਅੰਬਾਰਾਂ ਵਿੱਚ ਸਾਰਥਕ ਅਤੇ ਸਹੀ ਸੂਚਨਾ ਕਿਧਰੇ ਗੁੰਮ-ਗੁਆਚ ਕੇ ਰਹਿ ਗਈ।

ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿੱਚ ਖੋਜ ਕਰਨ ਵਾਲ਼ੇ ਲੋਕਾਂ ਦਾ ਉਦੇਸ਼ ਆਮ ਤੌਰ 'ਤੇ ਲੋਕਾਈ ਦਾ ਜੀਵਨ ਸੌਖਾ ਤੇ ਚੰਗੇਰਾ ਬਣਾਉਣਾ ਰਿਹਾ ਹੈ ਪ੍ਰੰਤੂ ਜਦੋਂ ਵਿਗਿਆਨ ਦੀਆਂ ਇਹ ਕਾਢਾਂ ਵਪਾਰੀਆਂ ਦੇ ਹੱਥ ਆਉਂਦੀਆਂ ਹਨ ਤਾਂ ਮੁੱਖ ਉਦੇਸ਼ ਮੁਨਾਫਾ ਤੇ ਲਾਭ ਹੋ ਜਾਂਦਾ ਹੈ। ਫਿਰ ਸਾਰਾਂ ਵਿਗਿਆਨ ਅਤੇ ਉਸਤੋਂ ਪੈਦਾ ਹੋਈ ਤਕਨੀਕ ਦਾ ਮੂੰਹ ਇਸ ਦਿਸ਼ਾ ਵਿੱਚ ਹੀ ਘੁਮਾ ਦਿੱਤਾ ਜਾਂਦਾ ਹੈ ਕਿ ਇਸ ਨਾਲ਼ ਵੱਧ ਤੋਂ ਵੱਧ ਮੁਨਾਫਾ ਕਿਵੇਂ ਖੱਟਿਆ ਜਾਵੇ। ਅੱਜ ਜੋ ਤਕਨਾਲੋਜੀ ਲੋਕਾਂ ਨੂੰ ਮੁਹੱਈਆ ਕਰਵਾਈ ਗਈ ਹੈ ਉਸਦੀ ਆਮ ਲੋਕਾਂ ਵਿੱਚੋਂ ਬਹੁਤਿਆਂ ਨੂੰ ਜ਼ਰੂਰਤ ਵੀ ਨਹੀਂ ਹੈ। ਉਸਦਾ ਉਦੇਸ਼ ਨਾ ਕੇਵਲ ਮੁਨਾਫਾ ਸਗੋਂ ਲੋਕਾਂ ਦੀਆਂ ਸੁਰਤੀਆਂ ਬਿਰਤੀਆਂ ਨੂੰ ਸੰਪੂਰਨ ਰੂਪ ਵਿੱਚ ਕਬਜ਼ੇ ਹੇਠ ਕਰਨਾ ਹੈ। ਜਿਸ ਕਾਰਜ ਲਈ ਸੋਸ਼ਲ ਮੀਡੀਆ ਨੂੰ ਸਭ ਤੋਂ ਵੱਡੇ ਹਥਿਆਰ ਦੇ ਰੂਪ ਵਿੱਚ ਵਰਤਿਆ ਜਾ ਰਿਹਾ ਹੈ।

ਸੋਸ਼ਲ ਮੀਡੀਆ ਦੀ ਬਣਤਰ-ਬਣਾਵਟ ਅਜਿਹੀ ਹੈ ਕਿ ਤੁਸੀਂ ਭਾਵੇਂ ਇਸ ਦੀ ਵਰਤੋਂ ਪ੍ਰਤੀ ਕਿੰਨੇ ਵੀ ਸੁਚੇਤ ਹੋਵੋ ਇਸ ਦੀ ਤੁਹਾਨੂੰ ਲਤ ਲੱਗਦੀ ਹੈ ਜੋ ਤੁਹਾਡੇ ਸਾਰੇ ਸਰੀਰਕ ਮਾਨਸਿਕ ਕੰਮਾਂਕਾਰਾਂ ਨੂੰ ਨਕਾਰਾਤਮਕ ਢੰਗ ਨਾਲ ਪ੍ਰਭਾਵਿਤ ਕਰਦੀ ਹੈ। ਤੁਹਾਨੂੰ ਹਮੇਸ਼ਾ ਇਹ ਲੱਗਦਾ ਰਹਿੰਦਾ ਹੈ ਕਿ ਤੁਸੀਂ ਦੁਨੀਆ/ਲੋਕਾਂ ਨਾਲ਼ ਵਧੇਰੇ ਜੁੜ ਰਹੇ ਹੋ ਪਰ ਹੁੰਦਾ ਇਸਦੇ ਬਿਲਕੁਲ ਉਲਟ ਹੈ। ਅਸੀਂ ਨਾ ਕੇਵਲ ਅਸਲੀ ਰਿਸ਼ਤਿਆਂ ਸਗੋਂ ਅਸਲੀ ਦੁਨੀਆ ਤੋਂ ਵੀ ਦੂਰ ਅਤੇ ਅਲੱਗ-ਥਲੱਗ ਹੁੰਦੇ ਜਾਂਦੇ ਹਾਂ। ਬੱਚਿਆਂ ਅਤੇ ਵਿਦਿਆਰਥੀਆਂ ਉੱਪਰ ਇਸਦਾ ਹੋਰ ਵਰਗਾਂ ਨਾਲੋਂ ਵਧੇਰੇ ਮਾਰੂ ਪ੍ਰਭਾਵ ਪਿਆ ਹੈ। ਉਹ ਅਸਲ ਦੁਨੀਆ ਦੀ ਥਾਂ ਪ੍ਰਛਾਵਿਆਂ ਦੇ ਸੰਸਾਰ (ਵਰਚੁਅਲ ਵਰਡ) ਨੂੰ ਵੱਧ ਮਹੱਤਵ ਦੇਣ ਲੱਗਦੇ ਹਨ। ਵੱਡਿਆਂ ਦੁਆਰਾ ਇਸਦੀ ਵਰਤੋਂ ਘੱਟ ਕਰਨ ਜਾਂ ਰੋਕਣ 'ਤੇ ਕੇਵਲ ਖਿਝਦੇ-ਖਪਦੇ ਹੀ ਨਹੀਂ ਸਗੋਂ ਕਈ ਵਾਰ ਆਪਣੀ ਜੀਵਨ ਲੀਲਾ ਵੀ ਸਮਾਪਤ ਕਰ ਲੈਂਦੇ ਹਨ।

ਮਨੁੱਖ ਦੁਆਰਾ ਕੀਤੀ ਹਰ ਨਵੀਂ ਖੋਜ ਜਿੱਥੇ ਇੱਕ ਪਾਸੇ ਉਸਦੇ ਜੀਵਨ ਨੂੰ ਸੁਖਾਲ਼ਾ ਬਣਾਉਂਦੀ ਹੈ ਉੱਥੇ ਦੂਸਰੇ ਪਾਸੇ ਆਪਣੀ ਕਿਸਮ ਦੀਆਂ ਨਵੀਆਂ ਸਮੱਸਿਆਵਾਂ ਖੜੀਆਂ ਕਰ ਦਿੰਦੀ ਹੈ। ਇਸ ਤਰਾਂ ਤਕਨਾਲੋਜੀ ਦੇ ਵਿਕਾਸ ਨੇ ਵੀ ਮਨੁੱਖ ਲਈ ਨਵੀਂ ਤਰਾਂ ਦੀਆਂ ਮਨੋ-ਸਰੀਰਕ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਜਿਸ ਨਾਲ ਉਸਦਾ ਸਰੀਰ ਭਾਵੇਂ ਆਜ਼ਾਦ ਵਿਚਰਦਾ ਦਿਖਾਈ ਦਿੰਦਾ ਹੈ ਪਰ ਉਹ ਮਾਨਸਿਕ ਤੌਰ 'ਤੇ ਘੋਰ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ। ਜਿੱਥੇ ਉਸ ਕੋਲ ਆਜ਼ਾਦ ਮਨੁੱਖ ਵਜੋਂ ਸੋਚਣ-ਵਿਚਾਰਨ ਦੀ ਸ਼ਕਤੀ ਅਛੋਪਲੇ ਹੀ ਖੋਹ ਲਈ ਗਈ ਹੈ। ਮਨੁੱਖ ਦੇ ਕੱਪੜੇ-ਸਾਬਣ-ਤੇਲ ਆਦਿ ਖਰੀਦਣ ਦੇ ਫੈਸਲਿਆਂ ਤੋਂ ਲੈ ਕੇ ਉਸਦੇ ਸਰਕਾਰਾਂ ਚੁਣਨ ਤੱਕ ਦੇ ਫੈਸਲਿਆ ਨੂੰ ਪ੍ਰਭਾਵਿਤ ਹੀ ਨਹੀਂ ਸਗੋਂ ਸੋਸ਼ਲ ਮੀਡੀਆ ਸਾਈਟਾਂ ਵੱਲੋਂ ਨਿਰਧਾਰਤ ਕੀਤਾ ਜਾਂਦਾ ਹੈ। ਅਮਰੀਕਾ ਦੀਆਂ ਚੋਣਾਂ ਤੋਂ ਲੈ ਕੇ ਲੰਘੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਘੋਖਣ-ਵਿਚਾਰਨ ਤੋਂ ਬਾਅਦ ਇਹ ਗੱਲ ਜੱਗ ਜ਼ਾਹਿਰ ਹੋ ਚੁੱਕੀ ਹੈ ਕਿ ਇਹਨਾਂ ਚੋਣਾਂ ਵਿੱਚ ਜਿੱਤ ਉਹਨਾਂ ਦੀ ਹੀ ਹੋਈ ਹੈ ਜਿਹਨਾਂ ਨੇ ਸੋਸ਼ਲ ਮੀਡੀਆ ਦੀ ਵੱਧ ਯੋਗ ਵਰਤੋਂ/ਦੁਰਵਰਤੋਂ ਕੀਤੀ ਹੈ।

ਪੰਜਾਬੀ ਦੀ ਇੱਕ ਕਹਾਵਤ ਹੈ 'ਜੇ ਗੁੜ ਦਿੱਤਿਆਂ ਮਰੇ ਤਾਂ ਜ਼ਹਿਰ ਦੇਣ ਦੀ ਕੀ ਲੋੜ ਹੈ' ਅੱਜ ਦੁਨੀਆ ਭਰ ਦੇ ਵਪਾਰੀਆਂ ਅਤੇ ਸਰਕਾਰਾਂ ਕੋਲ ਸੋਸ਼ਲ ਮੀਡੀਆ ਰੂਪੀ ਉਹ ਗੁੜ ਆ ਗਿਆ ਹੈ ਜੋ ਜ਼ਹਿਰ ਤੋਂ ਵੀ ਵੱਧ ਅਸਰਦਾਰ ਤੇ ਖਤਰਨਾਕ ਹੈ। ਅਸੀਂ ਇਹ ਹਮੇਸ਼ਾ ਪੜ੍ਹਦੇ ਸੁਣਦੇ ਆਏ ਹਾਂ ਕਿ ਪੂੰਜੀਵਾਦ ਵਿਅਕਤੀਵਾਦ ਜਾਂ ਨਿੱਜਵਾਦ ਨੂੰ ਪ੍ਰਫੁੱਲਿਤ ਤੇ ਉਤਸ਼ਾਹਿਤ ਕਰਦਾ ਹੈ। ਕਰੋਨਾ ਵਰਗੀਆਂ ਬਿਮਾਰੀਆਂ ਅਤੇ ਸੋਸ਼ਲ ਮੀਡੀਆ ਬੰਦੇ ਨੂੰ ਬੰਦੇ ਨਾਲੋਂ ਦੂਰ ਕਰਕੇ ਇਸ ਨਿੱਜਵਾਦ ਤੇ ਘੋਗਾਮਈ ਬਿਰਤੀ ਨੂੰ ਸਿਖਰ 'ਤੇ ਪਹੁੰਚਾਉਂਦੇ ਹਨ। ਸਮਾਜ ਵਿੱਚ ਪੈਦਾ ਹੋ ਰਿਹਾ ਇਹ ਨਿੱਜਵਾਦ ਵਪਾਰੀਆਂ ਤੇ ਸਰਕਾਰ ਲਈ ਸੰਜੀਵਨੀ ਦਾ ਕੰਮ ਕਰਦਾ ਹੈ। ਅਜਿਹੇ ਨਿੱਜਵਾਦੀ ਬੰਦੇ ਦੀ ਹੈਸੀਅਤ ਇਨਸਾਨ ਦੀ ਨਾ ਹੋ ਕੇ ਇੱਕ ਸੋਚ-ਵਿਚਾਰਹੀਣ ਖਪਤਕਾਰ ਦੀ ਬਣ ਜਾਂਦੀ ਹੈ। ਨਿੱਜਵਾਦ ਤੱਕ ਸੁੰਗੜੇ ਬੰਦੇ ਵੱਲੋਂ ਕਿਸੇ ਸਮਾਜਕ-ਰਾਜਨੀਤਕ ਘੋਲ ਵਿੱਚ ਹਿੱਸਾ ਲੈਣਾ ਤਾਂ ਦੂਰ ਦੀ ਗੱਲ ਹੈ ਸਗੋਂ ਉਹ ਇਸ ਬਾਰੇ ਸੋਚਣਾ ਵਿਚਾਰਨਾ ਵੀ ਛੱਡ ਦਿੰਦਾ ਹੈ। ਉਹ ਆਪਣੇ ਨਿੱਜੀ ਮਸਲਿਆਂ ਨੂੰ ਹੱਲ ਕਰਾਉਣ ਲਈ ਵੀ ਸੰਘਰਸ਼ ਨਾਲੋਂ ਭ੍ਰਿਸ਼ਟ ਤਰੀਕਿਆਂ ਨੂੰ ਵੱਧ ਤਰਜੀਹ ਦਿੰਦਾ ਹੈ। ਇਸ ਤਰਾਂ ਉਹ ਕਿਸੇ ਵੀ ਤਰਾਂ ਦੇ ਸਰਕਾਰੀ ਗੈਰ-ਸਰਕਾਰੀ ਪ੍ਰਬੰਧ ਦੀਆਂ ਖਾਮੀਆਂ ਨੂੰ ਨਿੰਦਣ ਦਾ ਨੈਤਿਕ ਦਾਅਵਾ ਗੁਆ ਲੈਂਦਾ ਹੈ।

ਸੋਸ਼ਲ ਮੀਡੀਆ ਇੱਕ ਦੋਫਾੜ ਸ਼ਖਸੀਅਤ ਪੈਦਾ ਕਰਦਾ ਹੈ। ਤੁਹਾਡਾ ਇੱਕ ਜਾਅਲੀ ਸਮਾਜਿਕ ਬਿੰਬ ਘੜਦਾ ਹੈ। ਸੋਸ਼ਲ ਮੀਡੀਆ ਉੱਤੇ ਤੁਸੀਂ ਅਸਲ ਨਾਲੋਂ ਵਧੇਰੇ ਸੋਹਣੇ, ਸਿਆਣੇ, ਇਮਾਨਦਾਰ, ਰਿਸ਼ਤਿਆਂ ਤੇ ਸਮਾਜਿਕ ਮਸਲਿਆਂ ਨਾਲ ਜੁੜੇ ਅਤੇ ਸਮਾਜ ਪ੍ਰਤੀ ਫਿਕਰਮੰਦੀ ਰੱਖਣ ਵਾਲ਼ੀ ਸ਼ਖਸੀਅਤ ਵਜੋਂ ਆਪਣੇ ਆਪ ਨੂੰ ਉਭਾਰਦੇ ਹੋ। ਤੁਹਾਡੇ ਇਸ ਨਕਲੀ ਕਿਰਦਾਰ ਨੂੰ ਸੋਸ਼ਲ ਮੀਡੀਆ ਉਪਰਲੇ ਹੋਰ ਨਕਲੀ ਕਿਰਦਾਰਾਂ ਤੋਂ ਹੱਲਾਸ਼ੇਰੀ ਮਿਲਦੀ ਹੈ। ਇਸ ਨਾਲ਼ ਤੁਹਾਡਾ ਸਾਰਾ ਜ਼ੋਰ ਆਪਣੀ ਅਸਲ ਸ਼ਖਸੀਅਤ ਜਾਂ ਕਿਰਦਾਰ ਨੂੰ ਸੁਧਾਰਨ 'ਤੇ ਨਹੀਂ ਸਗੋਂ ਸੋਸ਼ਲ ਮੀਡੀਆ ਉੱਪਰ ਬਣੇ ਆਪਣੇ ਜਾਅਲੀ ਬਿੰਬ ਨੂੰ ਸੁਧਾਰਨ ਜਾਂ ਉਭਾਰਨ ਤੇ ਲੱਗ ਜਾਂਦਾ ਹੈ। ਹੌਲ਼ੀ ਤੁਸੀਂ ਖੁਦ ਵੀ ਆਪਣੇ ਅਸਲੇ ਨੂੰ ਪਛਾਣਨ ਤੋਂ ਇਨਕਾਰੀ ਹੋ ਜਾਂਦੇ ਹੋ ਕਿਉਂਕਿ ਇਹ ਇੱਕ ਮਨੋਵਿਗਆਨਕ ਸਚਾਈ ਹੈ ਕਿ 'ਇਨਸਾਨ ਆਪਣੇ ਆਪ ਨੂੰ ਉਹੀ ਸਮਝਦਾ ਹੈ ਕਿ ਜੋ ਉਸਦੀ ਸਮਝ ਮੁਤਾਬਕ ਲੋਕ ਉਸਨੂੰ ਸਮਝਦੇ ਹਨ।' ਤੁਹਾਡੀ ਅਸਲੀਅਤ ਜਾਣਨ ਵਾਲੇ ਤੁਹਾਡੇ ਇਸ ਦੋਗਲੇਪਣ ਨੂੰ ਦੇਖਕੇ ਤੁਹਾਡੇ ਤੋਂ ਦੂਰ ਹੁੰਦੇ ਜਾਂਦੇ ਹਨ। ਆਪਣੇ ਜਾਅਲੀ ਸਮਾਜਿਕ ਬਿੰਬ ਬਾਰੇ ਫਿਕਰਮੰਦੀ ਪਹਿਲੇ ਸਮੇਂ ਵਿੱਚ ਨੇਤਾ-ਅਭਿਨੇਤਾ ਆਦਿ ਬੰਦਿਆਂ ਨੂੰ ਹੁੰਦੀ ਸੀ ਪਰ ਹੁਣ ਸੋਸ਼ਲ ਮੀਡੀਆ ਦੀ ਲਪੇਟ 'ਚ ਆਇਆ ਹਰ ਆਮ-ਖਾਸ ਇਸ ਰੋਗ ਤੋਂ ਪੀੜਤ ਹੈ।

ਸਿਆਣਿਆਂ ਦਾ ਕਥਨ ਹੈ:

ਅੱਤ ਭਲਾ ਨਾ ਵਰਸਣਾ, ਅੱਤ ਭਲੀ ਨਾ ਧੁੱਪ
ਅੱਤ ਭਲਾ ਨਾ ਬੋਲਣਾ ਅੱਤ ਭਲੀ ਨਾ ਚੁੱਪ।

ਇਸ ਕਰਕੇ ਸਾਨੂੰ ਸੋਸ਼ਲ ਮੀਡੀਆ ਦੀ ਵਰਤੋ ਕਰਨ ਸਮੇਂ ਵੀ ਅੱਤ ਤੋਂ ਬਚਣਾ ਚਾਹੀਦਾ ਹੈ। ਆਪਣਾ ਵਧੇਰੇ ਸਮਾਂ ਅਸਲੀ ਜ਼ਿੰਦਗੀ ਜਿਉਂਦਿਆ ਸੱਚਮੁੱਚ ਦੀ ਦੁਨੀਆ ਗੁਜ਼ਾਰਨਾ ਚਾਹੀਦਾ ਹੈ।

# ਨਵੇਂ ਸਮੁੰਦਰੀ ਸਮਝੌਤੇ ਦੀ ਪ੍ਰਸੰਗਿਕਤਾ



ਲੇਖਕ : ਅਸ਼ਵਨੀ ਚਤਰਥ,
ਸੰਪਰਕ: 62842-20595

ਸੰਯੁਕਤ ਰਾਸ਼ਟਰ ਸੰਘ ਦੀਆਂ ਦੋ ਦਹਾਕਿਆਂ ਦੀਆਂ ਕੋਸ਼ਿਸ਼ਾਂ ਸਦਕਾ ਅਖ਼ੀਰ ਪਿਛਲੇ ਸਾਲ ਭਾਵ 2023 ਵਿੱਚ ਸੰਘ ਦੇ ਮੈਂਬਰ ਦੇਸ਼ਾਂ ਵਿਚਕਾਰ ਇੱਕ ਇਤਿਹਾਸਕ ਸਮਝੌਤਾ ਹੋਇਆ ਸੀ। ਇਸ ਤਹਿਤ ਸਮੂਹ ਸਮੁੰਦਰਾਂ ਦੇ ਕੌਮਾਂਤਰੀ ਪਾਣੀਆਂ, ਸਮੁੰਦਰੀ ਵਾਤਾਵਰਨ ਅਤੇ ਸੁਮੰਦਰੀ ਜੀਵਾਂ ਦੀ ਸਾਂਭ ਸੰਭਾਲ ਦਾ ਅਹਿਦ ਲਿਆ ਗਿਆ ਸੀ। ਇਸ ਸਮਝੌਤੇ ਨੂੰ 'ਸੰਯੁਕਤ ਰਾਸ਼ਟਰ ਹਾਈ ਸੀ ਟਰੀਟੀ' ਦਾ ਨਾਂ ਦਿੱਤਾ ਗਿਆ ਸੀ। ਦੱਸਣਯੋਗ ਹੈ ਕਿ ਪੂਰੇ ਵਿਸ਼ਵ ਵਿੱਚ 155 ਦੇ ਕਰੀਬ ਅਜਿਹੇ ਦੇਸ਼ ਹਨ ਜਿਨ੍ਹਾਂ ਦਾ ਕੋਈ ਨਾ ਕੋਈ ਹਿੱਸਾ ਸਮੁੰਦਰ ਨਾਲ ਲੱਗਦਾ ਹੈ ਅਤੇ 44 ਦੇਸ਼ ਅਜਿਹੇ ਹਨ ਜਿਨ੍ਹਾਂ ਦੀ ਕੋਈ ਵੀ ਸਰਹੱਦ ਕਿਸੇ ਵੀ ਸਮੁੰਦਰ ਨਾਲ ਨਹੀਂ ਲੱਗਦੀ ਹੈ।


ਜੇਕਰ ਇਸ ਸਮਝੌਤੇ ਤੋਂ ਪਹਿਲਾਂ ਦੇ ਸਮੁੰਦਰੀ ਪਾਣੀ ਅਤੇ ਹੋਰ ਸਮੁੰਦਰੀ ਸਾਧਨਾਂ ਦੀ ਵਰਤੋਂ ਕਰਨ ਲਈ ਅਪਣਾਏ ਜਾਂਦੇ ਨਿਯਮਾਂ ਦੀ ਗੱਲ ਕਰੀਏ ਤਾਂ 1982 ਦੇ 'ਲਾਅ ਆਫ ਦਿ ਸੀ ਟਰੀਟੀ' (ਲ਼ਓਾ ਼ਡ ਟਹੲ ਸੲੳ ਟਰੲੳਟੇ) ਅਨੁਸਾਰ ਤੱਟਵਰਤੀ (ਸਮੁੰਦਰ ਕੰਢੇ ਵਾਲੇ ਦੇਸ਼) ਦੇਸ਼ਾਂ ਦੀ ਸਮੁੰਦਰ ਕੰਢੇ ਵਾਲੀ ਹੱਦ ਤੋਂ ਸਮੁੰਦਰ ਦੇ ਅੰਦਰ 12 ਸਮੁੰਦਰੀ ਮੀਲ ਤੱਕ ਭਾਵ 22 ਕਿਲੋਮੀਟਰ ਦੂਰੀ ਤੱਕ ਦੇ ਸਮੁੰਦਰੀ ਪਾਣੀ ਨੂੰ ਉਕਤ ਦੇਸ਼ ਦੀ ਹੱਦ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਇਸ ਨੂੰ ਉਸ ਦੇਸ਼ ਦਾ 'ਖੇਤਰੀ ਸਮੁੰਦਰ' ਕਿਹਾ ਜਾਂਦਾ ਹੈ। ਸਮੁੰਦਰ ਦੇ ਇਸ ਹਿੱਸੇ ਤੱਕ ਉਹ ਦੇਸ਼ ਖ਼ੁਦਮੁਖਤਿਆਰ ਹੁੰਦਾ ਹੈ ਭਾਵ ਇਸ ਇਲਾਕੇ ਤੱਕ ਸਮੁੰਦਰੀ ਤਲ ਦੇ ਉੱਪਰ ਅਤੇ ਹੇਠਾਂ ਅੰਦਰ ਤੱਕ ਉਸ ਦਾ ਵਿਧਾਨਕ ਹੱਕ ਹੁੰਦਾ ਹੈ। 1982 ਦੇ ਇਸ ਸਮਝੌਤੇ ਤਹਿਤ 'ਖੇਤਰੀ ਸਮੁੰਦਰ' ਤੋਂ ਅੱਗੇ ਸਮੁੰਦਰ ਵਿੱਚ 370 ਕਿਲੋਮੀਟਰ ਦੂਰ ਤੱਕ ਦੀ ਸਬੰਧਿਤ ਦੇਸ਼ ਦੀ ਹੱਦ ਨੂੰ 'ਵਿਸ਼ੇਸ਼ ਆਰਥਿਕ ਖੇਤਰ' ਕਿਹਾ ਜਾਂਦਾ ਹੈ। ਇਸ ਵਿਸ਼ੇਸ਼ ਖੇਤਰ ਵਿੱਚ ਉਕਤ ਦੇਸ਼ ਦੇ ਵਿਗਿਆਨਕ ਖੋਜਾਂ ਕਰਨ, ਸਮੁੰਦਰੀ ਸਾਧਨਾਂ ਦੀ ਵਰਤੋਂ ਕਰਨ ਅਤੇ ਉੱਥੋਂ ਦੇ ਪਾਣੀ ਤੋਂ ਊਰਜਾ ਪੈਦਾ ਕਰਨ ਦੇ 'ਵਿਸ਼ੇਸ਼ ਅਧਿਕਾਰ' ਹੁੰਦੇ ਹਨ। ਜੋ ਗੱਲ ਹੁਣ ਤੱਕ ਸਭ ਤੋਂ ਮਾੜੀ ਹੁੰਦੀ ਰਹੀ ਸੀ ਉਹ ਇਹ ਸੀ ਕਿ ਸਮੁੰਦਰਾਂ ਦੇ ਬਾਕੀ ਬਚੇ ਹਿੱਸੇ ਜਿਸ ਨੂੰ 'ਕੌਮਾਂਤਰੀ ਸਮੁੰਦਰ' ਕਿਹਾ ਜਾਂਦਾ ਹੈ, ਨੂੰ ਹੁਣ ਤੱਕ ਤਾਕਤਵਾਰ ਦੇਸ਼ ਪਾਣੀ ਦਾ ਬੇਆਬਾਦ ਅਤੇ ਸ਼ਾਮਲਾਤ ਇਲਾਕਾ ਸਮਝ ਕੇ ਬੇਖ਼ੌਫ ਅਤੇ ਬੇਰੋਕ ਟੋਕ ਵਰਤਦੇ ਰਹੇ ਸਨ, ਜਿਸ ਨੂੰ ਲਗਾਮ ਲਗਾਉਣੀ ਬਹੁਤ ਜ਼ਰੂਰੀ ਸੀ।

ਵਿਸ਼ਵ ਦੇ ਸਾਰੇ ਸਮੁੰਦਰ ਮਿਲਾ ਕੇ ਧਰਤੀ ਦੇ ਕੁੱਲ ਖੇਤਰਫਲ ਦਾ 71 ਫ਼ੀਸਦ ਥਾਂ ਘੇਰਦੇ ਹਨ ਅਤੇ ਹੁਣ ਤੱਕ ਇਨ੍ਹਾਂ ਦਾ ਸਿਰਫ਼ 7 ਫ਼ੀਸਦ ਹਿੱਸਾ ਹੀ ਸੁਰੱਖਿਅਤ ਬਚਦਾ ਸੀ। ਬਾਕੀ ਹਿੱਸੇ ਉੱਤੇ ਤਾਕਤਵਰ ਦੇਸ਼ ਆਪਣੀ ਮਰਜ਼ੀ ਚਲਾਉਂਦੇ ਸਨ। ਖ਼ੁਸ਼ੀ ਦੀ ਗੱਲ ਇਹ ਹੈ ਕਿ ਨਵੇਂ ਸਮਝੌਤੇ ਤਹਿਤ ਕੌਮਾਂਤਰੀ ਸਮੁੰਦਰਾਂ ਦੇ ਪਾਣੀ ਨੂੰ ਜ਼ੋਰਾਵਰ ਦੇਸ਼ਾ ਤੋਂ ਬਚਾਇਆ ਜਾ ਸਕੇਗਾ। ਇਸ ਸੰਧੀ ਤਹਿਤ ਸਮੁੰਦਰੀ ਜੀਵਾਂ ਦੀ ਵੱਡੀ ਗਿਣਤੀ ਭਾਵ 'ਜੀਵ-ਵਿਭਿੰਨਤਾ' ਨੂੰ ਬਚਾਉਣ ਲਈ ਵੀ ਇੱਕ ਗੰਭੀਰ ਉਪਰਾਲਾ ਦੱਸਿਆ ਜਾ ਰਿਹਾ ਹੈ। ਇਸ ਲਈ ਇਸ ਸਮਝੌਤੇ ਨੂੰ 'ਕੌਮੀ ਅਧਿਕਾਰ ਖੇਤਰ ਤੋਂ ਪਰੇ ਜੀਵ ਵਿਭਿੰਨਤਾ ਸੰਧੀ' (ਭਿਦਿਵੲਰਸਿਟੇ ਬੲੋਨਦ ਨੳਟਿੋਨੳਲ ਜੁਰਿਸਦਿਚਟਿੋਨ ਟਰੲੳਟੇ਼ ਰ ਭਭੰਝ) ਵੀ ਕਿਹਾ ਗਿਆ ਹੈ। ਇਸ ਸਮਝੌਤੇ ਵਿੱਚ 30ਯ30 ਦੇ ਨਿਯਮ ਨੂੰ ਲਾਗੂ ਕਰਨ ਦੀ ਗੱਲ ਆਖੀ ਗਈ ਹੈ ਭਾਵ ਸਾਲ 2030 ਤੱਕ ਕੁਲ ਸਮੁੰਦਰ ਦੇ ਘੱਟੋ-ਘੱਟ 30 ਫ਼ੀਸਦ ਹਿੱਸੇ ਨੂੰ ਸੁਰੱਖਿਅਤ ਕੀਤਾ ਜਾਵੇਗਾ। ਇਸ ਦਾ ਭਾਵ ਹੈ ਕਿ ਕੋਈ ਵੀ ਦੇਸ਼ ਉਸ ਵਿੱਚ ਗ਼ੈਰਕਾਨੂੰਨੀ ਤਰੀਕੇ ਨਾਲ ਸਮੁੰਦਰੀ ਸਾਧਨਾਂ ਦਾ ਉਪਯੋਗ ਨਹੀਂ ਕਰੇਗਾ ਤਾਂ ਜੋ ਉੱਥੇ ਦੇ ਜੀਵਾਂ ਅਤੇ ਸਮੁੰਦਰੀ ਵਾਤਾਵਰਨ ਨੂੰ ਮਨੁੱਖੀ ਕਿਰਿਆਵਾਂ ਤੋਂ ਬਚਾਇਆ ਜਾ ਸਕੇ।

ਸਮੁੰਦਰਾਂ ਤੋਂ ਹੋਣ ਵਾਲੇ ਲਾਭਾਂ ਦੀ ਜੇਕਰ ਗੱਲ ਕਰੀਏ ਤਾਂ ਸਾਨੂੰ ਇਨ੍ਹਾਂ ਤੋਂ ਸਿੱਧੇ ਅਤੇ ਅਸਿੱਧੇ ਦੋ ਤਰ੍ਹਾਂ ਦੇ ਫਾਇਦੇ ਹੁੰਦੇ ਹਨ। ਸਾਡੇ ਵਾਤਾਵਰਨ ਦੇ ਸਾਂਭ-ਸੰਭਾਲ ਲਈ ਇਹ (ਸਮੁੰਦਰ) ਵੱਡੀ ਭੂਮਿਕਾ ਨਿਭਾਉਂਦੇ ਹਨ ਜੋ ਕਿ ਇਨ੍ਹਾਂ ਦਾ ਅਸਿੱਧਾ ਲਾਭ ਹੈ। ਪੂਰੇ ਵਿਸ਼ਵ 'ਚ ਜਲਾਏ ਜਾਂਦੇ ਕੋਲੇ, ਪੈਟਰੋਲ ਅਤੇ ਡੀਜ਼ਲ ਜਿਹੇ ਪਥਰਾਟੀ ਬਾਲਣਾਂ ਤੋਂ ਨਿਕਲਦੀ ਕਾਰਬਨ ਡਾਈਆਕਸਾਈਡ ਗੈਸ ਦਾ 30 ਫ਼ੀਸਦ ਹਿੱਸਾ ਆਪਣੇ ਅੰਦਰ ਸੋਖ ਕੇ ਸਮੁੰਦਰ ਸਾਡੇ ਵਾਤਾਵਰਨ ਨੂੰ ਸਾਫ਼ ਵੀ ਰੱਖਦੇ ਹਨ ਅਤੇ ਗਰਮ ਹੋਣ ਤੋਂ ਵੀ ਬਚਾਉਂਦੇ ਹਨ। ਇਨ੍ਹਾਂ ਵਿੱਚ ਮੌਜੂਦ ਕਾਈ ਸਾਈਨੋਬੈਕਟੀਰੀਆ, ਪਲੈਂਕਟਨ ਅਤੇ ਤੈਰਦੇ ਹੋਏ ਕੁਝ ਪੌਦੇ ਵੱਡੀ ਮਾਤਰਾ ਵਿੱਚ ਆਕਸੀਜਨ ਪੈਦਾ ਕਰਕੇ ਹਵਾ ਵਿੱਚ ਛੱਡਦੇ ਹਨ। ਇੱਕ ਅਨੁਮਾਨ ਅਨੁਸਾਰ ਧਰਤੀ ਦੀ ਕੁਲ ਆਕਸੀਜਨ ਦਾ ਅੱਧੇ ਤੋਂ ਵੱਧ ਹਿੱਸਾ ਸਮੁੰਦਰਾਂ ਤੋਂ ਹੀ ਨਿਕਲਦਾ ਹੈ। ਇਸ ਤੋਂ ਇਲਾਵਾਂ ਇਨ੍ਹਾਂ ਦੇ ਸਿੱਧੇ ਤੌਰ 'ਤੇ ਵੀ ਅਨੇਕਾਂ ਫਾਇਦੇ ਹਨ। ਇਹ ਭੋਜਨ ਦਾ ਵੀ ਇੱਕ ਵੱਡਾ ਸਰੋਤ ਹਨ। ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਅਨੇਕਾਂ ਤਰ੍ਹਾਂ ਦੀਆਂ ਮੱਛੀਆਂ ਸਮੇਤ ਕਈ ਤਰ੍ਹਾਂ ਦੇ ਸਮੁੰਦਰੀ ਜੀਵ ਭੋਜਨ ਦੇ ਤੌਰ 'ਤੇ ਵਰਤੇ ਜਾਂਦੇ ਹਨ। ਕਾਈ ਸਮੇਤ ਭਿੰਨ-ਭਿੰਨ ਤਰ੍ਹਾਂ ਦੇ ਪੌਦੇ ਵੀ ਲੋਕਾਂ ਦਾ ਭੋਜਨ ਬਣਦੇ ਹਨ। ਸੋਡੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਆਇਓਡੀਨ ਸਮੇਤ ਕਈ ਤਰ੍ਹਾਂ ਦੇ ਖਣਿਜ ਪਦਾਰਥ ਸਾਨੂੰ ਸਮੁੰਦਰਾਂ ਤੋਂ ਵੱਡੀ ਮਾਤਰਾ ਵਿੱਚ ਪ੍ਰਾਪਤ ਹੁੰਦੇ ਹਨ। ਸਮੁੰਦਰ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਮੁਹੱਇਆ ਕਰਵਾਉਂਦੇ ਹਨ ਜਿਸ ਵਿੱਚ ਮੱਛੀ ਫੜਨਾ ਅਤੇ ਸੈਰ-ਸਪਾਟਾ ਆਦਿ ਪ੍ਰਮੁੱਖ ਧੰਦੇ ਹਨ। ਸਮੂਹ ਸਾਗਰਾਂ ਦੀ ਧਰਤੀ ਦੇ ਜੀਵਾਂ ਲਈ ਇੱਕ ਵੱਡਮੁੱਲੀ ਦੇਣ 'ਜੀਵਨਦਾਇਕ ਪਾਣੀ' ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਹੈ। ਸਮੁੰਦਰਾਂ ਦਾ ਪਾਣੀ ਵਾਸ਼ਪਿਤ ਹੋ ਕੇ ਬੱਦਲ ਬਣਾਉਂਦਾ ਹੈ। ਇਹ ਬੱਦਲ ਧਰਤੀ ਦੇ ਵੱਖ-ਵੱਖ ਹਿੱਸਿਆਂ ਵਿੱਚ ਮੀਂਹ ਵਰ੍ਹਾ ਕੇ ਲੋਕਾਂ ਲਈ ਲੋੜੀਂਦੇ ਪਾਣੀ ਦੀ ਕਮੀ ਨੂੰ ਦੂਰ ਕਰਦੇ ਹਨ। ਸਾਗਰ ਜੀਵ ਵਿਭਿੰਨਤਾ ਦਾ ਵੀ ਇੱਕ ਵੱਡਾ ਸਥਾਨ ਹਨ ਜਿੱਥੇ ਵੇਲ੍ਹ, ਸ਼ਾਰਕ, ਸਮੁੰਦਰੀ ਕੱਛੂ, ਕਰੈਬ, ਸੀਲ, ਆਕਟੋਪਸ, ਵਾਲਰਸ, ਸਟਾਰਫਿਸ਼, ਜੈਲੀਫਿਸ਼ ਅਤੇ ਡਾਲਫਿਨ ਸਮੇਤ ਲੱਖਾਂ ਹੋਰ ਪ੍ਰਜਾਤੀਆਂ ਦੇ ਜੀਵ ਨਿਵਾਸ ਕਰਦੇ ਹਨ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਹਜ਼ਾਰਾਂ ਕਿਸਮ ਦੇ ਸਮੁੰਦਰੀ ਜੀਵਾਂ ਦੀ ਖੋਜ ਕਰਨੀ ਹਾਲੇ ਬਾਕੀ ਹੈ। ਸਮੁੰਦਰਾਂ ਦੀ ਆਰਥਿਕ ਮਹੱਤਤਾ ਦਾ ਪਤਾ ਸੰਯੁਕਤ ਰਾਸ਼ਟਰ ਦੇ ਇੱਕ ਅਨੁਮਾਨ ਤੋਂ ਲਗਾਇਆ ਜਾ ਸਕਦਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਹਰ ਸਾਲ ਇਨ੍ਹਾਂ ਤੋਂ ਅਰਬਾਂ ਡਾਲਰਾਂ ਦਾ ਕੀਮਤੀ ਸਾਮਾਨ ਬਾਹਰ ਕੱਢਿਆ ਜਾਂਦਾ ਹੈ। ਇਹ ਕਹਿਣ ਵਿੱਚ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਸਮੁੱਚੇ ਭਾਰਤੀ ਉੱਪ ਮਹਾਂਦੀਪ ਦੀ ਅਰਥਵਿਵਸਥਾ ਸਮੁੰਦਰਾਂ ਤੋਂ ਆਉਂਦੀਆਂ ਮੌਨਸੂਨ ਪੌਣਾਂ 'ਤੇ ਨਿਰਭਰ ਕਰਦੀ ਹੈ।

ਜੇਕਰ ਸੰਯੁਕਤ ਰਾਸ਼ਟਰ ਸੰਘ ਦੀ ਅਗਵਾਈ ਵਿੱਚ ਹੋਈ ਨਵੀਂ ਸੰਧੀ ਉੱਤੇ ਝਾਤ ਮਾਰੀਏ ਤਾਂ ਇਸ ਵਿੱਚ ਚਾਰ ਮੁੱਦਿਆਂ ਉੱਤੇ ਜ਼ੋਰ ਦਿੱਤਾ ਗਿਆ ਹੈ। ਪਹਿਲਾ, ਇਸ ਵਿੱਚ ਕੌਮਾਂਤਰੀ ਪਾਣੀਆਂ ਦੇ ਇੱਕ ਤਿਹਾਈ ਹਿੱਸੇ ਨੂੰ 'ਮਰੀਨ ਪ੍ਰੋਟੈਕਟਡ ਏਰੀਆ' ਭਾਵ 'ਸੁਰੱਖਿਅਤ ਸਮੁੰਦਰੀ ਖੇਤਰ' ਐਲਾਨਿਆ ਗਿਆ ਹੈ। ਦੂਜਾ, ਸਮੁੰਦਰੀ ਜੀਵਾਂ ਦੀ ਟਿਕਾਊ ਤਰੀਕੇ ਨਾਲ ਵਰਤੋਂ ਕਰਦਿਆਂ ਇਸ ਦੀ ਵਿਰਾਸਤ ਨੂੰ ਬਚਾਉਣ ਦੀ ਗੱਲ ਵੀ ਕੀਤੀ ਗਈ ਹੈ। ਤੀਸਰਾ, ਵਿਗਿਆਨੀਆਂ ਵੱਲੋਂ ਸੁਝਾਅ ਦਿੱਤਾ ਗਿਆ ਹੈ ਕਿ ਮਨੁੱਖੀ ਵਾਤਾਵਰਨ ਦੇ ਸਮੁੰਦਰਾਂ ਉੱਤੇ ਪੈਂਦੇ ਪ੍ਰਭਾਵ ਦਾ ਸਮੇਂ-ਸਮੇਂ 'ਤੇ ਨਿਰੀਖਣ ਕੀਤਾ ਜਾਣਾ ਚਾਹੀਦਾ ਹੈ। ਚੌਥਾ, ਸਮਝੌਤੇ ਵਿੱਚ ਸਮੁੰਦਰੀ ਸਾਧਨਾਂ ਦੀ ਵਰਤੋਂ ਅਤੇ ਖੋਜ ਖੇਤਰ ਵਿੱਚ ਨਵੀਂ ਤਕਨਾਲੋਜੀ ਦੀ ਵਰਤੋਂ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ।

ਨਵੇਂ ਸਮੁੰਦਰੀ ਸਮਝੌਤੇ ਦੀ ਪ੍ਰਸੰਗਿਕਤਾ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ 'ਸਮੁੰਦਰੀ ਖੇਤਰ' ਦੀ ਵਰਤੋਂ ਨੂੰ ਲੈ ਕੇ ਪੈਦਾ ਹੁੰਦੇ ਝਗੜਿਆਂ ਕਾਰਨ ਹੋਰ ਵੀ ਵਧ ਜਾਂਦੀ ਹੈ ਜਿਵੇਂ ਕਿ 'ਸਾਊਥ ਚਾਈਨਾ ਸੀ' ਵਾਲੇ ਸਮੁੰਦਰ ਦੇ ਇਸ ਇਲਾਕੇ ਉੱਤੇ ਕਬਜ਼ੇ ਲਈ ਚੀਨ ਅਤੇ ਹੋਰ ਦੇਸ਼ਾਂ ਜਿਵੇਂ ਫਿਲੀਪੀਨਜ਼, ਵੀਅਤਨਾਮ, ਮਲੇਸ਼ੀਆ, ਬਰੂਨੀ ਅਤੇ ਤਾਇਵਾਨ ਵਿਚਾਲੇ ਲੰਮੇ ਸਮੇਂ ਤੋਂ ਵਿਵਾਦ ਬਣਿਆ ਹੋਇਆ ਹੈ। ਇਸੇ ਤਰ੍ਹਾਂ ਭਾਰਤੀ ਮਹਾਸਾਗਰ ਵਿੱਚ ਵੀ ਭਾਰਤ, ਚੀਨ ਅਤੇ ਜਪਾਨ ਵਿਚਾਲੇ ਵਿਵਾਦ ਚੱਲ ਰਿਹਾ ਹੈ। ਕੈਨੇਡਾ ਅਤੇ ਅਮਰੀਕਾ ਵਿੱਚ ਵੀ ਸਮੁੰਦਰੀ ਇਲਾਕਿਆਂ ਅਤੇ ਟਾਪੂਆਂ ਨੂੰ ਲੈ ਕੇ ਝਗੜੇ ਚੱਲਦੇ ਰਹਿੰਦੇ ਹਨ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਜਿੱਥੇ ਹਾਲ ਹੀ ਵਿੱਚ ਹੋਈ ਸੰਧੀ ਕੌਮਾਂਤਰੀ ਝਗੜਿਆਂ ਨੂੰ ਠੱਲ੍ਹ ਪਾਏਗੀ, ਉੱਥੇ ਇਹ ਸਮੁੰਦਰੀ ਜਲ-ਜੀਵਨ ਨੂੰ ਬਚਾਉਣ ਤੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਵਿੱਚ ਅਹਿਮ ਯੋਗਦਾਨ ਪਾਏਗੀ, ਊਰਜਾ ਦੇ ਸਾਧਨਾਂ ਨੂੰ ਵਿਕਾਸਸ਼ੀਲ ਦੇਸ਼ਾਂ ਲਈ ਉਪਲੱਬਧ ਕਰਵਾਏਗੀ ਅਤੇ ਤੱਟੀ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰੇਗੀ।




# ਸਮੇਂ ਦੀ ਕੀਮਤ



ਕੋਰੋਨਾ ਵਾਇਰਸ ਦੀ ਲਪੇਟ ਵਿਚ ਆਏ ਸਕੂਲ ਵਿਦਿਆਰਥੀਆਂ ਕਾਰਨ ਬਾਕੀ ਸਕੂਲ ਵੀ ਬੰਦ ਹੋ ਗਏ ਸਨ। ਹੈਰੀ ਸਕੂਲ ਨਾ ਜਾਣ ਕਾਰਨ ਹੁਣ ਫਿਰ ਤੋਂ ਆਰਾਮ ਨਾਲ ਸਵੇਰੇ ਉੱਠਦਾ ਸੀ।

ਹੈਰੀ ਦੇ ਮੰਮੀਪਾਪਾ ਜਦੋਂ ਵੀ ਉਸ ਨੂੰ ਕੋਈ ਕੰਮ ਕਰਨ ਲਈ ਕਹਿੰਦੇ ਤਾਂ ਉਹ ਅੱਗੋਂ ਕਹਿੰਦਾ,'ਬਸ ਇਕ ਮਿੰਟ...।' ਤੇ ਫਿਰ ਉਹ ਟਲ ਜਾਂਦਾ ਸੀ। ਉਸ ਦੇ ਮੰਮੀ-ਪਾਪਾ ਉਸ ਦੀ ਇਸ ਆਦਤ ਤੋਂ ਪ੍ਰੇਸ਼ਾਨ ਸਨ।

ਹੈਰੀ ਦੇ ਚਾਚਾ ਜੀ ਦਾ ਲੜਕਾ ਸੰਜੇ ਉਨ੍ਹਾਂ ਕੋਲ ਆਇਆ ਤਾਂ ਹੈਰੀ ਦੀ ਆਦਤ ਹੋਰ ਵਿਗੜ ਗਈ। ਹੈਰੀ ਆਪਣੀ ਆਦਤ ਮੁਤਾਬਿਕ ਹਰ ਕੰਮ ਲਈ ਟਲਦਾ ਰਹਿੰਦਾ ਤੇ ਜਦੋਂ ਮੌਕਾ ਮਿਲਦਾ ਸੰਜੇ ਨੂੰ ਆਪਣਾ ਕੰਮ ਕਰਨ ਲਈ ਕਹਿ ਦਿੰਦਾ। ਸੰਜੇ ਚੁੱਪਚਾਪ ਮੁਸਕਰਾ ਕੇ ਉਸ ਦੀ ਗੱਲ ਮੰਨ ਲੈਂਦਾ। ਹੈਰੀ ਦੇ ਮੰਮੀ-ਪਾਪਾ ਵੇਖਦੇ ਤਾਂ ਸੰਜੇ ਨੂੰ ਕਹਿੰਦੇ 'ਇਸ ਨਾਲਾਇਕ ਦਾ ਕੰਮ ਕਰਨ ਦੀ ਲੋੜ ਨਹੀਂ ਇਹ ਤਾਂ ਪਹਿਲਾਂ ਹੀ ਕੰਮ-ਚੋਰ ਹੈ...।'

ਇਕ ਸਵੇਰ ਹੈਰੀ ਨੇ ਸੰਜੇ ਨੂੰ ਕਿਹਾ,' ਸੰਜੇ, ਮੇਰਾ ਹੋਮਵਰਕ ਕਰਨਾ ਰਹਿ ਗਿਆ ਹੈ। ਪਲੀਜ਼ ਮੇਰਾ ਕੰਮ ਕਰ ਦੇ।' ਸੰਜੇ ਨੇ ਮੁਸਕਰਾ ਕੇ ਹਾਂ ਕਰ ਦਿੱਤੀ ਤੇ ਹੈਰੀ ਦਾ ਹੋਮਵਰਕ ਕਾਫੀ ਹੱਦ ਤੱਕ ਮੁਕਾ ਦਿੱਤਾ।

ਹੈਰੀ ਦੇ ਅਧਿਆਪਕ ਉਨ੍ਹਾਂ ਦੇ ਘਰ ਕੋਲ ਹੀ ਰਹਿੰਦੇ ਸਨ। ਇਕ ਦਿਨ ਉਹ ਹੈਰੀ ਦੇ ਘਰ ਅਚਾਨਕ ਆ ਗਏ ਇਹ ਸੋਚ ਕੇ ਕਿ ਲੰਘਦੇ ਹੋਏ ਹੈਰੀ ਨੂੰ ਹੀ ਮਿਲ ਲੈਣ। ਉਸ ਸਮੇਂ ਹੈਰੀ ਘਰ ਨਹੀਂ ਸੀ ਤੇ ਲਾਗੇ ਦੀ ਦੁਕਾਨ ਤੋਂ ਕੁਝ ਲੈਣ ਗਿਆ ਸੀ।

ਅਧਿਆਪਕ ਜੀ ਨੇ ਦੇਖਿਆ ਕਿ ਇਕ ਲੜਕਾ ਬੜੀ ਲਗਨ ਨਾਲ ਹੋਮਵਰਕ ਕਰ ਰਿਹਾ ਹੈ। ਉਨ੍ਹਾਂ ਨੇ ਪਾਣੀ ਦਾ ਗਲਾਸ ਫੜਦਿਆਂ ਹੈਰੀ ਦੇ ਪਾਪਾ ਕੋਲੋਂ ਪੁੱਛਿਆ,'ਇਹ ਲੜਕਾ ਕੌਣ ਹੈ?' ਹੈਰੀ ਦੇ ਪਾਪਾ ਨੇ ਦੱਸਿਆ ਕਿ ਇਹ ਉਨ੍ਹਾਂ ਦੇ ਵੱਡੇ ਭਰਾ ਦਾ ਬੇਟਾ ਸੰਜੇ ਹੈ ਤੇ ਕੁਝ ਦਿਨ ਰਹਿਣ ਵਾਸਤੇ ਆਇਆ ਹੈ।

ਉਨ੍ਹਾਂ ਨੇ ਹੈਰੀ ਦੀ ਸ਼ਿਕਾਇਤ ਦੇ ਲਹਿਜੇ ਵਿਚ ਅਧਿਆਪਕ ਜੀ ਨੂੰ ਇਹ ਵੀ ਦੱਸਿਆ ਕਿ ਹੈਰੀ ਆਪਣਾ ਹੋਮਵਰਕ ਤੱਕ ਇਸੇ ਕੋਲੋਂ ਕਰਵਾਉਂਦਾ ਹੈ। ਉਸ ਨੂੰ ਡਾਂਟਦੇ ਹਾਂ ਤਾਂ ਨਾਰਾਜ਼ ਹੋ ਜਾਂਦਾ ਹੈ ਤੇ ਖਾਣਾ-ਪੀਣਾ ਤੱਕ ਛੱਡ ਦਿੰਦਾ ਹੈ। ਅਧਿਆਪਕ ਜੀ ਸਮਝ ਗਏ ਕਿ ਹੈਰੀ ਨੂੰ ਆਪਣਾ ਕੰਮ ਦੂਜਿਆਂ ਕੋਲੋਂ ਕਰਵਾਉਣ ਦੀ ਭੈੜੀ ਆਦਤ ਹੈ। ਇਥੋਂ ਤੱਕ ਕਿ ਉਹ ਹੋਮਵਰਕ ਵੀ ਆਪ ਨਹੀਂ ਕਰਦਾ।

ਅਧਿਆਪਕ ਜੀ ਨੇ ਸੰਜੇ ਨੂੰ ਆਪਣੇ ਕੋਲ ਬੁਲਾਇਆ ਤੇ ਦੇਖਿਆ ਕਿ ਉਸ ਦੀ ਲਿਖਾਈ ਕਿੰਨੀ ਸੋਹਣੀ ਹੈ। ਉਨ੍ਹਾਂ ਨੇ ਸੰਜੇ ਨੂੰ ਸ਼ਾਬਾਸ਼ੀ ਦਿੰਦੇ ਹੋਏ ਕੁਝ ਸਮਝਾਇਆ ਤੇ ਫਿਰ ਹੈਰੀ ਦੇ ਪਾਪਾ ਨਾਲ ਗੱਲਾਂ ਕਰਨ ਲੱਗੇ।

ਏਨੇ ਵਿਚ ਹੀ ਹੈਰੀ ਦੁਕਾਨ ਤੋਂ ਕੋਲਡ ਡਰਿੰਕ ਤੇ ਕੁਰਕੁਰੇ ਲੈ ਕੇ ਕਮਰੇ ਅੰਦਰ ਆਇਆ ਤਾਂ ਅਧਿਆਪਕ ਜੀ ਨੂੰ ਦੇਖ ਕੇ ਹੈਰਾਨ ਜਿਹਾ ਰਹਿ ਗਿਆ ਤੇ ਨਮਸਕਾਰ ਬੁਲਾ ਕੇ ਉਨ੍ਹਾਂ ਕੋਲ ਬੜੀ ਹਲੀਮੀ ਨਾਲ ਬੈਠ ਗਿਆ।

'ਪੜ੍ਹਾਈ ਕਿਵੇਂ ਚੱਲ ਰਹੀ ਐ ਹੈਰੀ ਬੇਟਾ...?' ਅਧਿਆਪਕ ਜੀ ਨੇ ਪਿਆਰ ਨਾਲ ਹੈਰੀ ਦੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ ਤਾਂ ਉਸ ਨੇ ਝੱਟ ਕਿਹਾ,' ਸਰ, ਬਹੁਤ ਵਧੀਆ।' ਹੈਰੀ ਨੇ ਚੋਰ ਨਜ਼ਰ ਨਾਲ ਆਪਣੀਆਂ ਕਾਪੀਆਂ ਕਿਤਾਬਾਂ ਵੱਲ ਦੇਖਿਆ ਫਿਰ ਸੰਜੇ ਵੱਲ ਜਿਹੜਾ ਕਿ ਰਸੋਈ ਵਿਚ ਉਸ ਦੇ ਮੰਮੀ ਨਾਲ ਕਿਸੇ ਕੰਮ ਵਿਚ ਹੱਥ ਵਟਾ ਰਿਹਾ ਸੀ।

'ਲਿਆ ਵੇਖਾਂ ਤਾਂ ਅੱਜਕਲ੍ਹ ਤੂੰ ਕੀ ਕਰ ਰਿਹਾ ਹੈਂ ? ਆਪਣੀ ਕੋਈ ਕਾਪੀ ਵਿਖਾ।' ਅਧਿਆਪਕ ਜੀ ਨੇ ਚਲਾਕੀ ਨਾਲ ਕਿਹਾ ਤਾਂ ਹੈਰੀ ਇਕ ਕਾਪੀ ਚੁੱਕ ਲਿਆਇਆ।

'ਵਾਹ ਏਨੀ ਸੋਹਣੀ ਲਿਖਾਈ। ਤੂੰ ਆਪਣੀ ਲਿਖਾਈ ਵਿਚ ਕਾਫੀ ਸੁਧਾਰ ਕਰ ਲਿਆ ਹੈ। ਕਿਧਰੇ ਕੋਈ ਗਲਤੀ ਵੀ ਨਹੀਂ ਜਾਪਦੀ। ਬੜੇ ਧਿਆਨ ਨਾਲ ਤੂੰ ਪੜ੍ਹ ਰਿਹਾ ਹੈਂ। ਸ਼ਾਬਾਸ਼ ਮੈਨੂੰ ਤੇਰੇ 'ਤੇ ਮਾਣ ਹੈ।' ਅਧਿਆਪਕ ਜੀ ਨੇ ਸਭ ਕੁਝ ਜਾਣਦਿਆਂ ਅਣਜਾਣ ਬਣਦਿਆਂ ਕਿਹਾ ਤਾਂ ਪਹਿਲਾਂ ਤਾਂ ਹੈਰੀ ਕਾਫ਼ੀ ਖ਼ੁਸ਼ ਹੋਇਆ ਕਿ ਉਸ ਦੀ ਤਾਰੀਫ਼ ਹੋ ਰਹੀ ਹੈ ਪਰ ਫਿਰ ਜਲਦੀ ਹੀ ਉਸ ਨੂੰ ਅਹਿਸਾਸ ਹੋਇਆ ਕਿ ਜੇਕਰ ਉਹ ਇਹੋ ਵਰਕ ਖੁਦ ਲਗਨ ਤੇ ਇਮਾਨਦਾਰੀ ਨਾਲ ਕਰਦਾ ਤਾਂ ਉਸ ਨੂੰ ਅੱਜ ਕਿੰਨੀ ਸੱਚੀ ਖ਼ੁਸ਼ੀ ਹੁੰਦੀ।

ਉਸ ਨੇ ਉਸੇ ਸ਼ਾਮ ਆਪਣੇ ਅਧਿਆਪਕ ਜੀ ਨੂੰ ਫੋਨ 'ਤੇ ਸਚਾਈ ਦੱਸੀ ਤਾਂ ਉਹ ਥੋੜ੍ਹਾ ਹੱਸ ਕੇ ਬੋਲੇ, 'ਬੇਟਾ, ਮੈਨੂੰ ਪਹਿਲਾਂ ਹੀ ਸਾਰੀ ਗੱਲ ਦਾ ਪਤਾ ਸੀ। ਤੈਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਇਹੋ ਕਾਫੀ ਹੈ। ਇਹੋ ਤਾਂ ਮੈਂ ਚਾਹੁੰਦਾ ਸੀ ਕਿ ਤੈਨੂੰ ਬਿਨਾਂ ਸਮਝਾਏ ਹੀ ਖੁਦ ਇਸ ਗੱਲ ਦਾ ਅਹਿਸਾਸ ਹੋਵੇ। ਬਸ ਹੁਣ ਇਹੋ ਪ੍ਰਣ ਕਰ ਕਿ ਜ਼ਿੰਦਗੀ ਵਿਚ ਆਪਣਾ ਕੰਮ ਆਪ ਕਰਨਾ ਹੈ।


ਹੈਰੀ ਨੇ ਮੰਮੀ-ਪਾਪਾ ਨਾਲ ਹੀ ਨਹੀਂ ਖੁਦ ਨਾਲ ਵੀ ਵਾਅਦਾ ਕਰ ਲਿਆ ਸੀ ਕਿ ਉਹ ਇਕ ਮਿਹਨਤੀ ਲੜਕਾ ਬਣੇਗਾ।

**ਹਰਿੰਦਰ ਸਿੰਘ ਗੋਗਨਾ**
**ਮੋਬਾਈਲ :** 98723-25960

## ਰਸਤਾ ਲੱਭੋ



## ਬਿੰਦੂ ਮਿਲਾਓ



## ਅਨਮੋਲ ਬਚਨ



- ਜੇਕਰ ਤੁਹਾਡੇ ਤੋਂ ਕੋਈ ਈਰਖਾ ਕਰਦਾ ਹੈ ਤਾਂ ਕਰਨ ਦਿਓ, ਕਿਉਂਕਿ ਉਹ ਜਾਣਦਾ ਹੈ ਕਿ ਤੁਸੀਂ ਉਸ ਤੋਂ ਵੱਧ ਕਾਬਲ ਹੋ ।
- ਅਨੁਸ਼ਾਸਨ ਉਥੋਂ ਤੱਕ ਠੀਕ ਹੈ ਜਿਥੋਂ ਤੱਕ ਉਹ ਵਿਅਕਤੀ ਦੀ ਆਜ਼ਾਦੀ 'ਤੇ ਬੋਝ ਨਾ ਬਣੇ ।
- ਇਨਸਾਨ ਨੂੰ ਫੁੱਲਾਂ ਵਾਂਗੂੰ ਹੋਣਾ ਚਾਹੀਦਾ ਹੈ, ਜੇਕਰ ਫੁੱਲਾਂ ਨੂੰ ਤੋੜ ਲਈਏ ਤਾਂ ਵੀ ਉਹ ਆਪਣੇ ਸੁਭਾਅ ਅਨੁਸਾਰ ਸੁਗੰਧੀਆਂ ਵੰਡਣਾ ਨਹੀਂ ਛੱਡਦੇ ।
- ਇਨਸਾਨ ਚਾਨਣ ਦੀ ਉਮੀਦ ਤਾਂ ਹੀ ਕਰਦਾ ਹੈ ਜੇਕਰ ਉਸ ਦੀ ਜ਼ਿੰਦਗੀ ਵਿਚ ਹਨੇਰਾ ਹੈ ।
- ਆਪਣੇ ਮਾਂ-ਬਾਪ ਨਾਲ ਰਿਸ਼ਤਾ ਤੋੜਨ ਤੋਂ ਪਹਿਲਾਂ ਇਹ ਜ਼ਰੂਰ ਸੋਚ ਲਵੋ ਕਿ ਟਾਹਣੀਆਂ ਨਾਲੋਂ ਟੁੱਟ ਕੇ ਪੱਤੇ ਕਦੇ ਹਰੇ ਨਹੀਂ ਰਹਿੰਦੇ ।
- ਚਾਹੇ ਕਿੰਨਾ ਵੀ ਕਮਾ ਲਵੋ ਪਰ ਘੁਮੰਡ ਨਾ ਕਰਨਾ, ਕਿਉਂਕਿ ਸ਼ਤਰੰਜ ਦੀ ਖੇਡ ਖ਼ਤਮ ਹੁੰਦੇ ਹੀ ਰਾਜਾ ਤੇ ਮੋਹਰੇ ਇਕ ਹੀ ਡੱਬੇ ਵਿਚ ਰੱਖ ਦਿੱਤੇ ਜਾਂਦੇ ਹਨ ।
- ਗਰੀਬ ਨਾਲ ਨੇੜੇ ਦਾ ਰਿਸ਼ਤਾ ਵੀ ਲੁਕਾਉਂਦੇ ਹਨ ਲੋਕ ਤੇ ਅਮੀਰਾਂ ਨਾਲ ਦੂਰ ਦਾ ਰਿਸ਼ਤਾ ਵੀ ਵਧਾ-ਚੜ੍ਹਾ ਕੇ ਦੱਸਦੇ ਹਨ ।
- ਧੀਆਂ ਇਸ ਲਈ ਵੀ ਖਾਸ ਹੁੰਦੀਆਂ ਹਨ, ਕਿਉਂਕਿ ਧੀ ਨੂੰ ਅਸੀਂ ਪੁੱਤ ਕਹਿ ਕੇ ਬੁਲਾ ਸਕਦੇ ਹਾਂ ਪਰ ਪੁੱਤ ਨੂੰ ਅਸੀਂ ਧੀ ਕਹਿ ਕੇ ਨਹੀਂ ਬੁਲਾ ਸਕਦੇ ।

## ਕੀ ਤੁਸੀਂ ਮਾਂ ਬੋਲੀ ਪੰਜਾਬੀ ਬਾਰੇ ਇਹ ਗੱਲਾਂ ਜਾਣਦੇ ਹੋ?



| | |
|---|---|
| 1. ਹੋਠੀ ਧੁਨੀਆਂ ਕਿਹੜੀਆਂ ਹਨ? | ਉੱਤਰ : 1. ਪ, ਫ, ਬ, ਭ, ਮ, |
| 2. ਅਨੁਨਾਸਿਕ ਧੁਨੀਆ ਕਿਹੜੀਆਂ ਹਨ? | 2. ਙ, ਞ, ਣ, ਨ, ਮ, |
| 3. ਲਗਾਂਮਾਤਰਾ ਕੁੱਲ ਕਿੰਨੀਆਂ ਹਨ? | 3. ਦਸ, |
| 4. ਦੁੱਤ ਅੱਖਰ ਕਿਹੜੇ ਹਨ? | 4. ਹ, ਰ, ਵ, |
| 5. ਬੋਲੀ ਕਿੰਨੇ ਤਰ੍ਹਾਂ ਦੀ ਹੁੰਦੀ ਹੈ? | 5. 1. ਬੋਲਚਾਲ ਦੀ ਬੋਲੀ, 2. ਲਿਖਤੀ ਬੋਲੀ, |
| 6. ਵਚਨ ਕਿੰਨੀ ਕਿਸਮ ਦੇ ਹੁੰਦੇ ਹਨ? | 6. 1. ਇਕ ਵਚਨ, ਬਹੁਵਚਨ, |
| 7. ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹਨ? | 7. ਅਕਰਮਕ ਕਿਰਿਆ, ਸਕਰਮ ਕਿਰਿਆ, |
| 8. ਕਾਲ ਦੀਆਂ ਕਿਸਮਾਂ ਦੱਸੋ? | 8. ਵਰਤਮਾਨ ਕਾਲ, ਭੂਤਕਾਲ, ਭਵਿੱਖਤ ਕਾਲ, |
| 9. ਬੱਚਿਆਂ ਨੂੰ ਅੱਖਰ ਰਚਨਾ (ਲਿਖਤ) ਸਿਖਾਉਣ ਲਈ ਕਿਹੜੀ ਵਿਧੀ ਸਹੀ ਹੈ? | 9. ਲਿਖੇ ਗਏ ਅੱਖਰਾਂ 'ਤੇ ਕਲਮ ਚਲਾਉਣਾ। |
| 10. ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆ ਵਿਚੋਂ ਫਟਕਵਾਂ ਵਿਅੰਜਨ ਕਿਹੜਾ ਹੈ? | 10. ੜ। |

-ਰਣਜੀਤ ਸਿੰਘ




# ਬਚਪਨ ਤੋਂ ਖੋਹੀ ਜਾ ਰਹੀ ਮਾਂ-ਬੋਲੀ

ਲੇਖਕ : ਡਾ. ਹਰਜੀਤ ਕੌਰ

ਇੱਕ ਦਿਨ ਮੈਂ ਆਪਣੀਆਂ ਦੋਨੋਂ ਬੇਟੀਆਂ ਨੂੰ ਉਨ੍ਹਾਂ ਦੇ ਨਾਨਕੇ ਪਿੰਡ ਤੋਂ ਲੈ ਕੇ ਵਾਪਸ ਆ ਰਹੀ ਸਾਂ। ਰਸਤੇ ਵਿੱਚ ਖੇਤਾਂ ਕੋਲੋਂ ਲੰਘੇ ਤਾਂ ਛੋਟੀ ਬੇਟੀ ਨੇ ਉਤਸੁਕਤਾ ਨਾਲ ਛਾਲ ਮਾਰਦਿਆਂ ਕਿਹਾ, ''ਮੰਮਾ! ਦੇਖੋ ਕਿੰਨਾ ਵੱਡਾ ਚੁੰਡੀ ਵਾਲਾ ਬਊ।'' ਫਿਰ ਉਸ ਨੇ ਖੇਤ ਵਿੱਚ ਲੱਗੇ ਇੱਕ ਕੁੱਪ ਵੱਲ ਇਸ਼ਾਰਾ ਕਰਦਿਆਂ ਮੇਰੇ ਵੱਲ ਦੇਖਿਆ ਅਤੇ ਉਸ ਦੀਆਂ ਅੱਖਾਂ ਵਿੱਚ ਬਹੁਤ ਹੈਰਾਨੀ ਅਤੇ ਡਰ ਸੀ। ਮੈਂ ਸਮਝ ਗਈ ਕਿ ਕੁੱਪ ਦੀ ਬਣਤਰ ਅਤੇ ਆਕਾਰ ਦੇ ਕਾਰਨ ਮੇਰੀ ਬੇਟੀ ਨੂੰ ਉਹ ਟੈਲੀਵਿਜ਼ਨ ਦੇ ਕਾਰਟੂਨਾਂ ਵਿੱਚ ਆਉਣ ਵਾਲੇ ਭੂਤ ਦੀ ਤਰ੍ਹਾਂ ਲੱਗ ਰਿਹਾ ਹੈ। ਦਰਅਸਲ ਅੱਜ-ਕੱਲ੍ਹ ਬਹੁਤ ਸਾਰੇ ਮਾਪੇ ਖ਼ੁਦ ਹੀ ਆਪਣੇ ਬੱਚਿਆਂ ਨੂੰ ਵੱਖ-ਵੱਖ ਚੀਜ਼ਾਂ ਦੇ ਨਾਮ ਪੰਜਾਬੀ ਵਿੱਚ ਦੱਸਣ ਤੋਂ ਗੁਰੇਜ਼ ਕਰਦੇ ਹਨ। ਜੇ ਮੇਰੀ ਬਜਾਏ ਕਿਸੇ ਸ਼ਹਿਰੀ ਮਾਂ ਦੇ ਬੱਚੇ ਨੇ ਕੁੱਪ ਬਾਰੇ ਪੁੱਛਿਆ ਹੁੰਦਾ ਤਾਂ ਸ਼ਾਇਦ ਉਸ ਬੱਚੇ ਨੂੰ ਕਦੇ ਵੀ ਕੁੱਪ ਸ਼ਬਦ ਨਾ ਸਿਖਾਇਆ ਜਾਂਦਾ।

ਮੈਂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹਾਂ ਕਿ ਮੇਰਾ ਜਨਮ ਪਿੰਡ ਵਿੱਚ ਹੋਇਆ ਅਤੇ ਮੇਰੀ ਜ਼ਿੰਦਗੀ ਦਾ ਵੱਡਾ ਅਰਸਾ ਪਿੰਡ ਵਿੱਚ ਗੁਜ਼ਰਿਆ। ਪਿੰਡਾਂ ਦੀ 1990ਵਿਆਂ ਦੀ ਜ਼ਿੰਦਗੀ ਅੱਜ-ਕੱਲ੍ਹ ਪਿੰਡਾਂ ਦੀ ਜ਼ਿੰਦਗੀ ਤੋਂ ਬਹੁਤ ਅਲੱਗ ਸੀ। ਜ਼ਿਆਦਾਤਰ ਬੱਚੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਮਾਧਿਅਮ ਵਿੱਚ ਪੜ੍ਹਦੇ। ਮੈਂ ਵੀ ਦਸਵੀਂ ਤੱਕ ਦੀ ਸਿੱਖਿਆ ਪਿੰਡਾਂ ਦੇ ਸਕੂਲਾਂ ਵਿੱਚ ਹੀ ਪ੍ਰਾਪਤ ਕੀਤੀ ਅਤੇ ਅਗਲੇਰੀ ਪੜ੍ਹਾਈ ਲਈ ਸ਼ਹਿਰ ਦੇ ਸਕੂਲ ਵਿੱਚ ਦਾਖ਼ਲਾ ਲਿਆ। ਮੇਰੀਆਂ ਜ਼ਿਆਦਾਤਰ ਹਮਜਮਾਤਣਾਂ ਸ਼ਹਿਰੀ ਸਨ। ਮੈਂ ਪਹਿਲੀ ਵਾਰ ਕਿਸੇ ਵੱਡੇ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਪੜ੍ਹਨ ਦੀ ਘਬਰਾਹਟ ਕਾਰਨ ਕਿਸੇ ਨਾਲ ਜ਼ਿਆਦਾ ਗੱਲਬਾਤ ਨਹੀਂ ਕਰਦੀ ਸਾਂ ਪਰ ਜੇ ਮੈਂ ਕਦੇ ਕਿਸੇ ਨਾਲ ਗੱਲ ਕਰਦੀ ਤਾਂ ਮੇਰੀਆਂ ਸ਼ਹਿਰੀ ਜਮਾਤਣਾਂ ਨੂੰ ਮੇਰੇ ਕਈ ਪੰਜਾਬੀ ਸ਼ਬਦਾਂ ਦੀ ਸਮਝ ਨਾ ਲੱਗਦੀ। ਉਦੋਂ ਮੈਨੂੰ ਅਹਿਸਾਸ ਹੋਇਆ ਕਿ ਪਿੰਡਾਂ ਵਾਲਿਆਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤੇ ਜਾਣ ਵਾਲੇ ਅਨੇਕਾਂ ਸ਼ਬਦ ਸ਼ਹਿਰਾਂ ਵਾਲਿਆਂ ਲਈ ਪਹੇਲੀ ਹੀ ਹਨ। ਸ਼ਬਦ ਹੀ ਨਹੀਂ, ਉਹ ਤਾਂ ਬਹੁਤ ਸਾਰੀਆਂ ਰੋਜ਼ਮਰ੍ਹਾ ਦੀਆਂ ਪ੍ਰਕਿਰਿਆਵਾਂ, ਚੀਜ਼ਾਂ, ਭਾਂਡਿਆਂ ਦੇ ਨਾਵਾਂ ਤੋਂ ਵੀ ਅਣਜਾਣ ਸਨ। ਉਨ੍ਹਾਂ ਨੂੰ ਕਈ ਰਿਸ਼ਤਿਆਂ ਦੇ ਨਾਂ ਵੀ ਨਹੀਂ ਪਤਾ ਸਨ। ਇਸ ਸਥਿਤੀ ਵਿੱਚ ਉਹ ਮੇਰੇ ਵਰਤੇ ਸ਼ਬਦਾਂ ਨੂੰ ਨਾ ਸਮਝ ਸਕਣ ਕਾਰਨ ਕਦੇ ਮੇਰੇ 'ਤੇ ਹੱਸਦੀਆਂ ਅਤੇ ਕਦੇ ਮੇਰੀ ਭਾਸ਼ਾ ਨੂੰ ਪੇਂਡੂ ਕਹਿ ਕੇ ਮਜ਼ਾਕ ਉਡਾਉਂਦੀਆਂ।

ਕਾਲਜ ਵਿੱਚ ਦਾਖ਼ਲਾ ਲਿਆ ਤਾਂ ਹੋਰ ਵੀ ਜ਼ਿਆਦਾ ਸ਼ਹਿਰੀ ਪਿਛੋਕੜ ਅਤੇ ਪੰਜਾਬੀ ਘੱਟ ਸਮਝਣ ਵਾਲੇ ਵਿਦਿਆਰਥੀ ਮੇਰੀ ਜਮਾਤ ਵਿੱਚ ਆ ਗਏ। ਹੌਲੀ-ਹੌਲੀ ਮੇਰਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਪੰਜਾਬ ਵਿੱਚ ਪੰਜਾਬੀ ਬੋਲਣ ਨੂੰ ਬੁਰਾ ਅਤੇ ਪਛੜਿਆ ਹੋਣ ਦਾ ਪ੍ਰਤੀਕ ਹੀ ਮੰਨਿਆ ਜਾਂਦਾ ਹੈ।

ਅਜੋਕੇ ਸਮੇਂ ਵਿੱਚ ਭਾਸ਼ਾ ਵਿੱਚ ਹੀ ਬਦਲਾਅ ਨਹੀਂ ਆਇਆ, ਸਾਡੀ ਜੀਵਨ ਸ਼ੈਲੀ ਵੀ ਬਹੁਤ ਬਦਲ ਗਈ ਹੈ। ਜਦੋਂ ਮੈਂ ਤੇ ਮੇਰੀਆਂ ਵੱਡੀਆਂ ਭੈਣਾਂ ਪੜ੍ਹਦੀਆਂ ਸਨ ਤਾਂ ਅਸੀਂ ਮਾਤਾ ਦੇ ਨਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਕੜਕਦੀ ਧੁੱਪੇ ਖੇਤਾਂ 'ਚ ਮੂੰਗੀ ਤੋੜਨ ਜਾਂਦੇ। ਅੱਜ-ਕੱਲ੍ਹ ਦੀਆਂ ਲੜਕੀਆਂ ਧੁੱਪ ਨਾਲ ਰੰਗ ਕਾਲਾ ਹੋਣ ਦੇ ਡਰੋਂ ਬਾਹਰ ਹੀ ਨਹੀਂ ਨਿਕਲਦੀਆਂ। ਅਸੀਂ ਗਰਮੀਆਂ ਵਿੱਚ ਪਾਥੀਆਂ ਦਾ ਗੁਹਾਰਾ ਲਗਾਉਂਦੇ। ਆਂਢ-ਗੁਆਂਢ ਦੀਆਂ ਔਰਤਾਂ ਵਿੱਚ ਪੂਰਾ ਮੁਕਾਬਲਾ ਹੁੰਦਾ ਸੀ ਕਿ ਕੌਣ ਸਭ ਤੋਂ ਪਹਿਲਾਂ ਗੁਹਾਰਾ ਲਗਾਏਗੀ ਅਤੇ ਕਿਸ ਦਾ ਗੁਹਾਰਾ ਵੱਡਾ ਤੇ ਸਾਫ ਲਿੱਪਿਆ ਹੋਵੇਗਾ। ਅੱਤ ਦੀ ਗਰਮੀ ਹੁੰਦੀ ਪਰ ਫੇਰ ਵੀ ਅਸੀਂ ਬੇਸਬਰੀ ਨਾਲ ਚਾਹ ਦੇ ਸਮੇਂ ਦਾ ਇੰਤਜ਼ਾਰ ਕਰਦੇ ਅਤੇ ਲਿੱਬੜੇ ਹੱਥਾਂ ਨਾਲ ਹੀ ਚਾਹ ਪੀ ਵੀ ਲੈਂਦੇ। ਹੁਣ ਇਹ ਸਭ ਗੱਲਾਂ ਪਿੰਡਾਂ ਦੀ ਜੀਵਨ-ਸ਼ੈਲੀ ਵਿੱਚੋਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ।

ਮੈਂ ਅਤੇ ਮੇਰੇ ਪਤੀ ਆਪਣੀਆਂ ਨੌਕਰੀਆਂ ਕਰ ਕੇ ਮਾਤਾ-ਪਿਤਾ ਤੋਂ ਦੂਰ ਰਹਿ ਰਹੇ ਹਾਂ। ਸਾਡੀ ਗੈਰ-ਮੌਜੂਦਗੀ ਵਿੱਚ ਬੱਚਿਆਂ ਨੂੰ ਸਾਂਭ-ਸੰਭਾਲ ਲਈ ਉਨ੍ਹਾਂ ਦੀ ਨਾਨੀ ਦੇ ਘਰ ਛੱਡਦੇ ਹਾਂ ਜੋ ਪਿੰਡ ਵਿੱਚ ਹਨ। ਇਸ ਸਦਕਾ ਮੇਰੇ ਦੋਨੋਂ ਬੱਚਿਆਂ ਦੇ ਬਚਪਨ ਵਿੱਚ ਵੀ ਪਿੰਡ ਦੀ ਬੜੀ ਅਹਿਮ ਭੂਮਿਕਾ ਰਹੀ ਹੈ। ਮੇਰੇ ਬੱਚਿਆਂ ਨੇ ਪੇਂਡੂ ਅਤੇ ਆਮ ਪਰਿਵਾਰ ਵਿੱਚ ਹੋਣ ਵਾਲੀਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਨੇੜੇ ਤੋਂ ਵੇਖਿਆ ਅਤੇ ਅਨੁਭਵ ਵੀ ਕੀਤਾ ਹੈ। ਉਨ੍ਹਾਂ ਲਈ ਮੱਝਾਂ, ਗਾਵਾਂ, ਪੱਠੇ ਲਿਆਉਣੇ, ਟਰੈਕਟਰ-ਟਰਾਲੀ, ਗੱਡਾ, ਧਾਰਾਂ ਚੋਣੀਆਂ, ਖੁਰਲੀ, ਕੱਟਾ-ਕੱਟੀ, ਵੱਛਾ-ਵੱਛੀ, ਪਤੀਲਾ, ਪੀੜ੍ਹੀ, ਭਰਿੰਡਾਂ ਕੋਈ ਨਵੇਂ ਜਾਂ ਅਣਜਾਣ ਸ਼ਬਦ ਨਹੀਂ, ਵਰਨਾ ਅੱਜ ਕੱਲ੍ਹ ਦੇ ਬੱਚਿਆਂ ਨੂੰ ਭਰਿੰਡ ਨਹੀਂ 'ਵਾਸਪ' ਹੀ ਪਤਾ ਹੈ।

ਇਹ ਨੁਕਸਾਨ ਪੰਜਾਬੀ ਅਤੇ ਪੰਜਾਬੀ ਮਾਤ-ਭਾਸ਼ਾ ਦੋਨਾਂ ਦਾ ਹੋ ਰਿਹਾ ਹੈ। ਸਕੂਲਾਂ ਵਿੱਚ ਵੀ ਪੰਜਾਬੀ ਬੋਲਣ 'ਤੇ ਜੁਰਮਾਨਾ ਹੋਣ ਲੱਗਾ ਹੈ। ਬੱਚੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀ ਖਿਚੜੀ ਭਾਸ਼ਾ ਬੋਲਣ ਲੱਗੇ ਹਨ। ਜ਼ਿਆਦਾਤਰ ਲੋਕ ਇਸ ਲਈ ਕੇਵਲ ਸਕੂਲਾਂ ਵਿੱਚ ਹੋ ਰਹੀ ਸਖ਼ਤੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਪਰ ਇਸ ਵਿੱਚ ਮਾਪਿਆਂ ਦਾ ਵੀ ਪੂਰਾ ਕਸੂਰ ਹੈ। ਜਦੋਂ ਪਰਿਵਾਰ ਵਿੱਚ ਕੋਈ ਬੱਚਾ ਬੋਲਣਾ ਸਿੱਖਣਾ ਸ਼ੁਰੂ ਕਰਦਾ ਹੈ ਤਾਂ ਜ਼ਿਆਦਾਤਰ ਮਾਪੇ ਬੱਚੇ ਨੂੰ ਪੰਜਾਬੀ ਦੀ ਬਜਾਏ ਅੰਗਰੇਜ਼ੀ ਸ਼ਬਦ ਸਿਖਾਉਣੇ ਸ਼ੁਰੂ ਕਰ ਦਿੰਦੇ ਹਨ। ਉਹ ਬੱਚੇ ਨੂੰ ਕਾਂ ਦੱਸਣ ਦੀ ਬਜਾਏ 'ਕਰੋਅ' ਦੱਸਣਾ ਬਿਹਤਰ ਸਮਝਦੇ ਹਨ। ਸਮਾਜ ਵਿੱਚ ਵਧਦੀ ਮੁਕਾਬਲੇਬਾਜ਼ੀ ਨੇ ਬੱਚਿਆਂ ਤੋਂ ਨਾ ਕੇਵਲ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ, ਬਲਕਿ ਉਨ੍ਹਾਂ ਦੀ ਮਾਤ-ਭਾਸ਼ਾ ਵੀ ਖੋਹ ਲਈ ਹੈ। ਦੂਜੀਆਂ ਭਾਸ਼ਾਵਾਂ ਸਿੱਖਣਾ ਕੋਈ ਮਾੜੀ ਗੱਲ ਨਹੀਂ ਪਰ ਆਪਣੀ ਮਾਤ-ਭਾਸ਼ਾ ਨੂੰ ਵਿਸਾਰਨਾ ਗ਼ਲਤ ਹੈ।

# ਸਰਕਾਰੀ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਦੇਣ ਦਾ ਅਰਥ

ਲੇਖਕ : ਰਣਵੀਰ ਕੂਰੜ
ਸੰਪਰਕ: 76967-38860

ਕੇਂਦਰ ਸਰਕਾਰ ਦੀ ਬਣਾਈ ਨਵੀਂ ਸਿੱਖਿਆ ਨੀਤੀ ਵਿੱਚ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਦੇਣ ਦਾ ਜੋ ਫੈਸਲਾ ਕੀਤਾ ਗਿਆ ਹੈ, ਪੰਜਾਬ ਸਰਕਾਰ ਇਹ ਫੈਸਲਾ ਲਾਗੂ ਕਰਨ ਲਈ ਕੇਂਦਰ ਸਰਕਾਰ ਨਾਲੋਂ ਵੀ ਕਾਹਲ਼ੀ ਜਾਪਦੀ ਹੈ। ਪੰਜਾਬ ਸਰਕਾਰ ਨੇ ਅੱਠ ਸਰਕਾਰੀ ਕਾਲਜਾਂ (ਮਹਿੰਦਰਾ ਕਾਲਜ ਪਟਿਆਲਾ, ਲੜਕੀਆਂ ਦਾ ਸਰਕਾਰੀ ਕਾਲਜ ਪਟਿਆਲਾ, ਮਲੇਰਕੋਟਲਾ, ਮੁਹਾਲੀ, ਹੁਸ਼ਿਆਰਪੁਰ ਦੇ ਸਰਕਾਰੀ ਕਾਲਜ, ਸਰਕਾਰੀ ਕਾਲਜ ਲੁਧਿਆਣਾ (ਲੜਕੀਆਂ), ਸਰਕਾਰੀ ਕਾਲਜ ਲੁਧਿਆਣਾ) ਨੂੰ ਖ਼ੁਦਮੁਖ਼ਤਾਰੀ ਦੇ ਦਰਜੇ ਵਾਸਤੇ ਯੂਜੀਸੀ ਦੀ ਸਾਇਟ ਉੱਪਰ ਕਾਲਜਾਂ ਨੂੰ ਅਪਲਾਈ ਕਰਨ ਲਈ ਕਿਹਾ ਹੈ। ਇਸ ਕਾਰਜ ਲਈ ਸਰਕਾਰ ਨੇ ਕਾਲਜਾਂ ਨੂੰ ਕੋਈ ਨੋਟੀਫਿਕੇਸ਼ਨ ਜਾਂ ਡਰਾਫਟ ਨਹੀਂ ਭੇਜਿਆ ਬਲਕਿ ਵੱਡੇ ਅਧਿਕਾਰੀ, ਪ੍ਰਿੰਸੀਪਲਾਂ ਉੱਪਰ ਫੋਨ ਰਾਹੀਂ ਦਬਾਅ ਪਾ ਕੇ ਆਨਲਾਈਨ ਅਪਲਾਈ ਕਰਨ ਲਈ ਕਹਿ ਰਹੇ ਹਨ। ਪਹਿਲੇ ਪੜਾਅ ਵਿੱਚ 8 ਕਾਲਜ ਹਨ, ਅਗਲੇ ਪੜਾਅ ਵਿੱਚ ਪੰਜਾਬ ਦੇ ਬਾਕੀ ਵੱਡੇ ਸਰਕਾਰੀ ਕਾਲਜ ਵੀ ਖ਼ੁਦਮੁਖ਼ਤਾਰ ਕੀਤੇ ਜਾਣਗੇ।

## ਖ਼ੁਦਮੁਖ਼ਤਾਰੀ ਕੀ ਹੈ?

ਕਾਲਜਾਂ ਨੂੰ ਪੇਪਰ ਲੈਣ, ਸਿਲੇਬਸ ਤੈਅ ਕਰਨ, ਫੀਸ ਤੈਅ ਕਰਨ, ਅਧਿਆਪਕ ਰੱਖਣ, ਡਿਗਰੀ ਜਾਰੀ ਕਰਨ ਅਤੇ ਵਿੱਤੀ ਫੈਸਲੇ ਕਰਨ ਵਿੱਚ ਖ਼ੁਦਮੁਖ਼ਤਾਰੀ (ਆਜ਼ਾਦੀ) ਦਿੱਤੀ ਜਾਵੇਗੀ। ਯੂਨੀਵਰਸਿਟੀ ਦਾ ਕਾਲਜਾਂ ਵਿੱਚ ਕੋਈ ਦਖ਼ਲ ਨਹੀਂ ਹੋਵੇਗਾ। ਕਾਲਜ ਹਰ ਤਰ੍ਹਾਂ ਦੇ ਫੈਸਲੇ ਕਰਨ ਵਿੱਚ ਆਜ਼ਾਦ ਹੋਣਗੇ। ਖ਼ੁਦਮੁਖ਼ਤਾਰੀ ਅਸਲ ਵਿੱਚ ਨਿੱਜੀਕਰਨ ਵੱਲ ਪਹਿਲਾ ਕਦਮ ਹੈ। ਸਰਕਾਰੀ ਕਾਲਜਾਂ ਨੂੰ ਸਰਕਾਰ ਗ੍ਰਾਂਟ ਦਿੰਦੀ ਹੈ ਤਾਂ ਕਾਲਜਾਂ ਦਾ ਕੰਮ ਚੱਲਦਾ ਹੈ ਪਰ ਜਦੋਂ ਖ਼ੁਦਮੁਖ਼ਤਾਰੀ ਮਿਲ ਜਾਵੇਗੀ ਤਾਂ ਵਿੱਤ (ਪੈਸੇ) ਦਾ ਪ੍ਰਬੰਧ ਕਰਨਾ ਕਾਲਜ ਦੀ ਜ਼ਿੰਮੇਵਾਰੀ ਹੋਵੇਗੀ। ਬਿਲਡਿੰਗ, ਬਿਜਲੀ ਬਿੱਲ, ਅਧਿਆਪਕਾਂ ਦੀ ਤਨਖਾਹ, ਹੋਰ ਸੱਭਿਆਚਾਰਕ ਤੇ ਖੇਡ ਸਰਗਰਮੀਆਂ ਸਮੇਤ ਪੂਰੇ ਬੁਨਿਆਦੀ ਢਾਂਚੇ ਲਈ ਕਾਲਜਾਂ ਨੂੰ ਆਪ ਵਿੱਤੀ ਵਸੀਲੇ ਹਾਸਿਲ ਕਰਨੇ ਪੈਣਗੇ। ਇਸ ਦਾ ਸਾਰਾ ਬੋਝ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਉੱਪਰ ਪਵੇਗਾ ਕਿਉਂਕਿ ਬਿਨਾਂ ਫੀਸ ਵਧਾਏ ਪੈਸੇ ਨਹੀਂ ਆ ਸਕਦੇ। ਅਧਿਆਪਕਾਂ ਨੂੰ ਵੀ ਤਨਖਾਹ ਕਟੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂਨੀਵਰਸਿਟੀਆਂ ਨੂੰ ਜ਼ਿਆਦਾ ਆਰਥਿਕ ਨੁਕਸਾਨ ਹੋਵੇਗਾ ਕਿਉਂਕਿ ਯੂਨੀਵਰਸਿਟੀ ਨੂੰ ਕਾਲਜਾਂ ਤੋਂ ਫੀਸ ਦੇ ਪੈਸੇ ਜਾਂਦੇ ਹਨ। ਜੇ ਕਾਲਜਾਂ ਦੀ ਐਫੀਲੀਏਸ਼ਨ ਖ਼ਤਮ ਹੁੰਦੀ ਹੈ ਤਾਂ ਯੂਨੀਵਰਸਿਟੀਆਂ ਦਾ ਚੱਲਣਾ ਸੰਭਵ ਨਹੀਂ ਲੱਗਦਾ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਖ਼ੁਦਮੁਖ਼ਤਾਰ ਸੰਸਥਾ ਹੈ ਪਰ ਯੂਨੀਵਰਸਿਟੀ ਵੀ ਵਿੱਤੀ ਘਾਟੇ ਵਿੱਚ ਚੱਲ ਰਹੀ ਹੈ। ਗ੍ਰਾਂਟ ਲੈਣ ਲਈ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਧਰਨੇ ਪ੍ਰਦਰਸ਼ਨ ਕਰਨੇ ਪਏ ਹਨ। ਜੇ ਯੂਨੀਵਰਸਿਟੀ ਸਰਕਾਰੀ ਮਦਦ ਤੋਂ ਬਿਨਾਂ ਨਹੀਂ ਚੱਲ ਸਕੀ ਤਾਂ ਕਾਲਜ ਕਿਵੇਂ ਚੱਲਣਗੇ?

ਸਰਕਾਰ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਉਹ ਕਾਲਜਾਂ ਨੂੰ ਸਿਰਫ ਅਕਾਦਮਿਕ ਖ਼ੁਦਮੁਖ਼ਤਾਰੀ ਦੇ ਰਹੇ ਹਾਂ, ਵਿੱਤੀ ਖੁਦਮੁਖ਼ਤਾਰੀ ਨਹੀਂ। ਕਾਲਜਾਂ ਨੂੰ ਪਹਿਲਾਂ ਵਾਂਗ ਗ੍ਰਾਂਟ ਮਿਲਦੀ ਰਹੇਗੀ, ਕਾਲਜ ਉੱਪਰ ਕੋਈ ਵਿੱਤੀ ਬੋਝ ਨਹੀਂ ਪਵੇਗਾ। ਅਸਲ ਵਿੱਚ ਸਰਕਾਰ ਪਹਿਲੇ ਪੜਾਅ ਵਿੱਚ ਅਕਾਦਮਿਕ ਖ਼ੁਦਮੁਖ਼ਤਾਰੀ ਰਾਹੀਂ ਹੀ ਕਾਲਜਾਂ ਨੂੰ ਪ੍ਰਾਈਵੇਟ ਕਰਨ ਵਾਲੇ ਪਾਸੇ ਲੈ ਕੇ ਜਾਵੇਗੀ। ਦੂਜੇ ਪੜਾਅ ਵਿੱਚ ਵਿੱਤੀ ਬੋਝ ਵੀ ਕਾਲਜਾਂ ਉੱਪਰ ਪਾਇਆ ਜਾਵੇਗਾ। ਵਿੱਤੀ ਅਤੇ ਅਕਾਦਮਿਕ ਖ਼ੁਦਮੁਖ਼ਤਾਰੀ ਆਪਸ ਵਿੱਚ ਜੁੜੇ ਹੋਏ ਹਨ। ਅਕਾਦਮਿਕ ਕੰਮ ਜਿਵੇਂ ਪ੍ਰੀਖਿਆ ਸ਼ਾਖਾ ਦਾ ਨਿਰਮਾਣ, ਪ੍ਰਬੰਧਕੀ ਬਲਾਕ ਦਾ ਨਿਰਮਾਣ, ਸਿਲੇਬਸ ਤੈਅ ਕਰਨ ਆਦਿ ਦੇ ਕਾਰਜ ਬਿਨਾਂ ਵਿੱਤੀ (ਪੈਸੇ) ਮਦਦ ਤੋਂ ਸੰਭਵ ਨਹੀਂ। ਦੂਸਰੇ ਪੜਾਅ ਵਿੱਚ ਸਰਕਾਰ ਕਾਲਜਾਂ ਨੂੰ ਸਾਰੇ ਕੰਮ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਕਹੇਗੀ। ਪੰਜਾਬ ਸਰਕਾਰ ਅਤੇ ਡੀਪੀਆਈ ਦਫ਼ਤਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਕੋਲ ਪਏ ਪੀਟੀਏ ਫੰਡ, ਐੱਚਈਆਈਐੱਸ (ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ) ਦੇ ਫੰਡ ਅਤੇ ਨਵੇਂ ਖੁੱਲ੍ਹ ਰਹੇ ਕਾਲਜਾਂ ਨੂੰ ਫਰਨੀਚਰ ਨੂੰ ਦੇਣ ਲਈ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਡੀਪੀਆਈ ਦਫਤਰ ਫਰਮਾਨ ਜਾਰੀ ਕਰ ਚੁੱਕਿਆ ਹੈ। ਇਹ ਫਰਮਾਨ ਸੰਘਰਸ਼ ਤੋਂ ਬਾਅਦ ਹੀ ਵਾਪਸ ਹੋਇਆ ਹੈ। ਸਰਕਾਰ ਨਵੇਂ ਕਾਲਜਾਂ ਨੂੰ ਆਪ ਗ੍ਰਾਂਟ ਦੇਣ ਦੀ ਬਜਾਇ ਕਾਲਜਾਂ ਕੋਲ ਜਮ੍ਹਾਂ ਪਏ ਫੰਡਾਂ ਪਿੱਛੇ ਪਈ ਹੋਈ ਹੈ। ਸਰਕਾਰ ਦੀ ਜ਼ਿੰਮੇਵਾਰੀ ਕਾਲਜਾਂ ਨੂੰ ਪੈਸੇ ਦੇਣ ਦੀ ਹੈ। ਪੰਜਾਬ ਅੰਦਰ ਏਡਿਡ ਕਾਲਜਾਂ ਨੂੰ ਸਰਕਾਰ ਪਹਿਲਾਂ 95 ਫੀਸਦੀ ਗ੍ਰਾਂਟ ਦਿੰਦੀ ਸੀ ਜੋ ਘਟਾ ਕੇ 85% ਕਰ ਦਿੱਤੀ; ਹੁਣ ਇਹ 75% ਹੈ ਤੇ ਇਹ ਵੀ ਪੂਰੀ ਨਹੀਂ ਆਉਂਦੀ। ਸਿੱਟੇ ਵਜੋਂ ਏਡਿਡ ਕਾਲਜ ਵਿਦਿਆਰਥੀਆਂ ਤੋਂ ਵੱਧ ਫੀਸ ਲੈਂਦੇ ਹਨ।

ਇਹ ਸਾਰੀਆਂ ਉਦਾਹਰਨਾਂ ਸਾਬਿਤ ਕਰਦੀਆਂ ਹਨ ਕਿ ਸਰਕਾਰ ਸਿੱਖਿਆ ਉੱਪਰ ਪੈਸਾ ਖਰਚਣ ਤੋਂ ਪਿੱਛੇ ਹਟ ਰਹੀ ਹੈ। ਅਕਾਦਮਿਕ ਖ਼ੁਦਮੁਖ਼ਤਾਰੀ ਦੇ ਬਹਾਨੇ ਕਾਲਜਾਂ ਉੱਪਰ ਖਰਚੇ ਪਾ ਕੇ ਨਿੱਜੀਕਰਨ ਕਰਨਾ ਸਰਕਾਰ ਦਾ ਮਕਸਦ ਜਾਪਦਾ ਹੈ। ਨਵੀਂ ਸਿੱਖਿਆ ਨੀਤੀ ਦਾ ਮੁੱਦਾ ਫੈਡਰਲ ਹੈ ਪਰ ਕੇਂਦਰ ਸਰਕਾਰ ਇਹ ਨੀਤੀ ਲਾਗੂ ਕਰਨ ਲਈ ਸੂਬਿਆਂ ਉੱਪਰ ਦਬਾਅ ਬਣਾ ਰਹੀ ਹੈ। ਤਾਮਿਲਨਾਡੂ ਅਤੇ ਪੱਛਮੀ ਬੰਗਾਲ ਫੈਡਰਲ ਨਜ਼ਰੀਏ ਤੋਂ ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕਰ ਰਹੇ ਹਨ ਪਰ ਪੰਜਾਬ ਸਰਕਾਰ ਸੂਬੇ ਦੇ ਹੱਕ ਕੇਂਦਰ ਸਰਕਾਰ ਕੋਲ਼ ਉਠਾਉਣ ਵਿੱਚ ਅਸਫਲ ਸਾਬਿਤ ਹੋ ਰਹੀ ਹੈ। ਇਸ ਮਸਲੇ ਨੂੰ ਸਿੱਖਿਆ ਰਾਜ ਸੂਚੀ ਵਿੱਚ ਦਰਜ ਕਰਨ ਦੀ ਮੰਗ ਨਾਲ ਜੋੜ ਕੇ ਪੰਜਾਬ ਸਰਕਾਰ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰੇ।

ਅੱਜ ਤੱਕ ਪੰਜਾਬ ਦੇ ਜਿਹੜੇ ਕਾਲਜ ਖ਼ੁਦਮੁਖ਼ਤਾਰ ਕੀਤੇ ਗਏ, ਉਹਨਾਂ ਦੀਆਂ ਫੀਸਾਂ ਬਾਕੀ ਕਾਲਜਾਂ ਨਾਲੋਂ ਢਾਈ ਗੁਣਾ ਜ਼ਿਆਦਾ ਹਨ। ਪੰਜਾਬ ਦੇ ਕਿਸੇ ਕਾਲਜ ਦੇ ਪ੍ਰਿੰਸੀਪਲ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕਦੇ ਵੀ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਦੇਣ ਦੀ ਮੰਗ ਨਹੀਂ ਕੀਤੀ, ਫਿਰ ਸਰਕਾਰ ਨੂੰ ਇਹ ਕਾਹਲ ਕਿਉਂ ਹੈ। ਪੰਜਾਬ ਦੇ 8 ਕਾਲਜ ਇਤਿਹਾਸਕ ਹਨ। ਕਈ ਕਾਲਜਾਂ ਨੂੰ ਬਣਿਆਂ 100 ਸਾਲ ਤੋਂ ਉੱਪਰ ਸਮਾਂ ਹੋ ਗਿਆ ਹੈ। ਇਹਨਾਂ ਕਾਲਜਾਂ ਦੀ ਇਤਿਹਾਸਕ ਮਹੱਤਤਾ, ਪੁਰਾਤਨ ਦਿੱਖ ਅਤੇ ਭਾਵਨਾਤਮਿਕ ਸਾਂਝ ਤਾਂ ਹੀ ਬਚੀ ਰਹਿ ਸਕਦੀ ਹੈ ਜੇ ਸਰਕਾਰ ਇਹਨਾਂ ਨੂੰ ਬਣਦੀ ਗ੍ਰਾਂਟ ਦੇਵੇ ਅਤੇ ਵਿਦਿਆਰਥੀ ਤੇ ਅਧਿਆਪਕਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ।

ਅਸਲ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਸਿੱਖਿਆ ਤੋਂ ਆਪਣੇ ਹੱਥ ਖਿੱਚ ਰਹੀਆਂ ਹਨ। ਬਚੀ-ਖੁਚੀ ਸਰਕਾਰੀ ਸਿੱਖਿਆ ਨੂੰ ਪ੍ਰਾਈਵੇਟ ਕਰ ਕੇ ਗ਼ਰੀਬ ਵਿਦਿਆਰਥੀਆਂ ਨੂੰ ਸਿੱਖਿਆ ਵਿੱਚੋਂ ਬਾਹਰ ਕੀਤਾ ਜਾ ਰਿਹਾ ਹੈ। ਅੱਜ ਵੀ ਕਾਲਜਾਂ ਅੰਦਰ ਅਧਿਆਪਕਾਂ ਦੀ ਘਾਟ ਹੈ। ਸਰਕਾਰ ਨੇ ਕਲੱਸਟਰ ਬਣਾ ਕੇ ਇੱਕ ਅਧਿਆਪਕ ਨੂੰ ਦੋ-ਦੋ ਕਾਲਜਾਂ ਅੰਦਰ ਤਿੰਨ-ਤਿੰਨ ਦਿਨ ਕਾਲਸਾਂ ਲਾਉਣ ਲਈ ਕਿਹਾ ਹੈ। ਇਸ ਨਾਲ ਉਚੇਰੀ ਸਿੱਖਿਆ ਦੇ ਮਿਆਰ ਵਿੱਚ ਕਮੀ ਆ ਰਹੀ ਹੈ। ਕਈ ਕਾਲਜ ਰੈਗੂਲਰ ਪ੍ਰਿੰਸੀਪਲਾਂ ਤੋਂ ਬਿਨਾਂ ਚੱਲ ਰਹੇ ਹਨ। ਕਾਲਜਾਂ ਅੰਦਰ ਸੈਲਫ ਫਾਈਨਾਂਸ ਕੋਰਸਾਂ ਜ਼ਰੀਏ ਸਰਕਾਰੀ ਕਾਲਜਾਂ ਅੰਦਰ ਪ੍ਰਾਈਵੇਟ ਕਾਲਜ ਚਲਾਏ ਜਾ ਰਹੇ ਹਨ। ਪੰਜਾਬ ਅੰਦਰ ਸੈਲਫ ਫਾਇਨਾਂਸ ਕੋਰਸ ਸਰਕਾਰੀ ਕਾਲਜਾਂ ਅੰਦਰ ਜ਼ੋਰ-ਸ਼ੋਰ ਨਾਲ ਲਾਗੂ ਕੀਤੇ ਜਾ ਰਹੇ ਹਨ। ਇਹਨਾਂ ਕੋਰਸਾਂ ਦੀਆਂ ਫੀਸਾਂ ਇੰਨੀਆਂ ਜ਼ਿਆਦਾ ਹਨ ਕਿ ਆਮ ਵਿਦਿਆਰਥੀ ਫੀਸਾਂ ਭਰਨ ਤੋਂ ਅਸਮਰੱਥ ਹਨ। ਇਹ ਕੋਰਸ ਪੜ੍ਹਾ ਰਹੇ ਅਧਿਆਪਕ ਅੱਜ ਵੀ ਕੱਚੇ ਹਨ। ਸਰਕਾਰ ਖ਼ੁਦਮੁਖ਼ਤਾਰੀ ਦੇਣ ਦੀ ਬਜਾਇ ਸੈਲਫ ਫਾਇਨਾਂਸ ਕੋਰਸਾਂ ਨੂੰ ਸਰਕਾਰੀ ਕੀਤਾ ਜਾਵੇ ਅਤੇ ਅਧਿਆਪਕਾਂ ਦੇ ਮਸਲੇ ਹੱਲ ਕੀਤੇ ਜਾਣ। ਸਰਕਾਰੀ ਉਚੇਰੀ ਸਿੱਖਿਆ ਦਾ ਸੰਕਟ ਘਟਾਉਣ ਵਿੱਚ ਜ਼ੋਰ ਲਗਾਉਣ ਦਾ ਬਜਾਇ ਵਧਾ ਰਹੀ ਹੈ। ਸਰਕਾਰ ਨੇ ਸਿੱਖਿਆ ਨੂੰ ਵੇਚਣ ਖਰੀਦਣ ਵਾਲੀ ਵਸਤੂ ਬਣਾ ਦਿੱਤਾ ਹੈ; ਜਿਸ ਦੀ ਜੇਬ ਵਿੱਚ ਜਿੰਨੇ ਪੈਸੇ ਹਨ, ਉਹ ਓਨੀ ਸਿੱਖਿਆ ਖਰੀਦ ਲਵੇ।

ਸਰਕਾਰ ਨੂੰ ਚਾਹੀਦਾ ਹੈ ਕਿ ਯੂਜੀਸੀ ਦੇ ਨਿਯਮਾਂ ਤਹਿਤ ਅਧਿਆਪਕ ਵਿਦਿਆਰਥੀ ਅਨੁਪਾਤ ਅਨੁਸਾਰ ਨਵੀਂ ਅਸਾਮੀਆਂ ਪੈਦਾ ਕੀਤੀਆਂ ਜਾਣ ਤਾਂ ਜੋ ਰੁਜ਼ਗਾਰ ਅਤੇ ਸਿੱਖਿਆ ਦੀ ਗੁਣਵੱਤਾ ਦੇ ਮਸਲੇ ਹੱਲ ਹੋਣ। ਇਸ ਦੇ ਨਾਲ ਹੀ ਸਰਕਾਰ ਕਾਲਜਾਂ ਨੂੰ ਖ਼ੁਦਮੁਖ਼ਤਾਰ ਕਰਨ ਵਾਲਾ ਫੈਸਲਾ ਵਾਪਿਸ ਲਵੇ।




# ਹਵਾ ਪ੍ਰਦੂਸ਼ਣ ਬਨਾਮ ਭਵਿੱਖ

ਲੇਖਕ : ਹਰਕੀਰਤ ਕੌਰ
ਸੰਪਰਕ : 9779118066

ਧਰਤੀ ਦੇ ਰਚਨਹਾਰੇ ਨੇ ਕਿੰਨੀ ਸੋਹਣੀ ਰਚਨਾ ਕੀਤੀ ਹੈ, ਕਿੰਨੇ ਸੋਹਣੇ ਪਹਾੜ, ਦਰੱਖਤ,ਝਿਲਮਿਲ ਕਰਦੇ ਪਾਣੀ ਦੇ ਝਰਨੇ, ਨਦੀਆਂ,ਦਰਿਆ , ਨੀਲੇ ਸਮੁੰਦਰ,ਹਜ਼ਾਰਾਂ ਕਿਸਮ ਦੇ ਜਲ ਤੇ ਥਲ ਉੱਤੇ ਰਹਿਣ ਵਾਲੇ ਜੀਵ ਜੰਤੂ , ਚਿਹਚਕਾਉਂਦੀਆ ਕਈ ਤਰ੍ਹਾਂ ਦੀਆਂ ਚਿੜੀਆਂ, ਦਿਲ ਟੁੰਬਵੀਂ ਅਵਾਜ਼ ਵਾਲੇ ਪੰਛੀ , ਪਤਾ ਨਹੀਂ ਕਿੰਨੀ ਤਰ੍ਹਾਂ ਦੇ ਫਲ ਤੇ ਰੰਗ ਬਿਰੰਗੇ ਫੁੱਲ ਜੋ ਚਾਰ ਚੁਫ਼ੇਰੇ ਮਹਿਕਾਂ ਬਿਖੇਰਦੇ ਹਨ । ਚੰਦ ਸੂਰਜ ਦੇ ਰੂਪ ਵਿੱਚ ਰੌਸ਼ਨੀ ਦੇ ਦੋ ਦੀਵੇ , ਕਿਤੇ ਬਰਫ਼ ਨਾਲ ਲੱਧੇ ਪਹਾੜ ਤੇ ਕਿਤੇ ਸੜਦੀ ਰੇਤਾ ਵਾਲਾ ਰੇਗਿਸਤਾਨ। ਇੱਕ ਅਜਿਹੀ ਰਚਨਾ ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੂੰ ਇਸ ਧਰਤੀ ਦਾ ਸਰਵਸ਼ੇਸ਼੍ਰ ਜੀਵ ਮੰਨਿਆ ਜਾਂਦਾ ਹੈ , ਕਿਉਂ ਇਸ ਵਿੱਚ ਚੀਜ਼ਾਂ ਨੂੰ ਸਮਝਣ, ਵਰਤਣ ਦੀ ਪਰਖ ਹੋਰਨਾਂ ਜੀਵਾਂ ਨਾਲੋਂ ਜ਼ਿਆਦਾ ਹੈ। ਕਾਦਰ ਦੀ ਕੁਦਰਤ ਦੇ ਅਨੋਖੇ ਝਲਕਾਰਿਆ ਨੂੰ ਮਾਨਣਾ ਮਨੁੱਖ ਦੀ ਕੁਦਰਤ ਨਾਲ ਨੇੜਤਾ ਨੂੰ ਵਧਾਉਂਦਾ ਹੈ। ਕੁਦਰਤ, ਵਾਤਾਵਰਣ ਸਾਡੇ ਜੀਵਨ ਦਾ ਸਭ ਤੋਂ ਮਹੱਤਵਪੂਰਣ ਅੰਗ ਹਨ। ਅੱਜ ਮਨੁੱਖ ਨੇ ਏਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਧਰਤੀ ਤੋਂ ਇਲਾਵਾ ਹੋਰਨਾਂ ਗ੍ਰਹਿਾਂ ਤੇ ਵੀ ਜੀਵਨ ਨੂੰ ਸੰਭਵ ਬਣਾਉਣ ਵਿੱਚ ਜੁਟਿਆ ਹੈ। ਪਰ ਇਸ ਤਰੱਕੀ ਦੇ ਰਾਹ ਤੇ ਚੱਲਦਿਆਂ ਮਨੁੱਖ ਨੇ ਪਤਾ ਨਹੀਂ ਕਿੰਨੇ ਜੀਵਨਾਂ ਨੂੰ ਜੋਖਮ ਵਿੱਚ ਧਕੇਲ ਦਿੱਤਾ ਹੈ, ਮਨੁੱਖ ਦੀ ਤਰੱਕੀ ਦਾ ਰਾਹ ਕੁਦਰਤ ਦੀ ਨਿਖੇਧੀ ਦੇ ਰਸਤੇ ਵਿੱਚੋਂ ਹੋਕੇ ਗੁਜ਼ਰਿਆ ਹੈ। ਪਿਛਲੇ ਕੁਝ ਸਮੇਂ ਤੋਂ ਵਾਤਾਵਰਣ ਵਿੱਚ ਅਜਿਹੀਆਂ ਤਬਦੀਲੀਆਂ ਆਈਆਂ ਕਿ ਮਨੁੱਖੀ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਸ ਦੀ ਸਭ ਤੋਂ ਵੱਡੀ ਉਦਾਹਾਰਣ ਹਵਾ, ਪਾਣੀ, ਮਿੱਟੀ ਪ੍ਰਦੂਸ਼ਣ ਕਰਕੇ ਵਧੀਆਂ ਲਾਇਲਾਜ਼ ਬਿਮਾਰੀਆਂ ਹਨ। ਜਦੋਂ ਅਸੀਂ ਕਿਸੇ ਆਪਣੇ ਕਿਸੇ ਨਜ਼ਦੀਕੀ ਦੀ ਬਿਮਾਰੀ ਜਾਂ ਮੌਤ ਬਾਰੇ ਸੁਣਦੇ ਹਾਂ ਤਾਂ ਅਸੀਂ ਬਹੁਤ ਭਾਵੁਕਤਾ ਨਾਲ ਭਰ ਜਾਂਦੇ ਹਾਂ ਪਰ ਜਦੋਂ ਹਜ਼ਾਰਾਂ ਲੋਕੀਂ ਵਾਤਾਵਰਣ ਪ੍ਰਦੂਸ਼ਣ ਨਾਲ ਬਿਮਾਰ ਤੇ ਅਪਾਹਿਜ ਹੁੰਦੇ ਹਨ ਤਾਂ ਸਾਡੇ ਮੱਥੇ ਤੇ ਸ਼ਿਕਨ ਘੱਟ ਹੀ ਵੇਖਣ ਨੂੰ ਮਿਲਦੀ ਹੈ। ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਪ੍ਰਤੀ ਬਿਲਕੁਲ ਵੀ ਜਾਗਰੂਕ ਨਹੀਂ ਹਾਂ।


ਭਾਵੇਂ ਪ੍ਰਦੂਸ਼ਣ ਦੀ ਹਰ ਕਿਸਮ ਹਾਨੀਕਾਰਕ ਹੈ ਪਰ ਹਵਾ ਪ੍ਰਦੂਸ਼ਣ ਅੱਜ ਸਭ ਤੋਂ ਘਾਤਕ ਰੂਪ ਅਖ਼ਤਿਆਰ ਕਰ ਚੁੱਕਾ ਹੈ। ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੇ ਗਏ ਸਰਵੇਖਣਾਂ ਅਤੇ ਨੈਸ਼ਨਲ ਅਕੈਡਮੀ ਆਫ਼ ਸਾਈਂਸਿਜ਼' ਵਿੱਚ ਪ੍ਰਕਾਸ਼ਿਤ ਅਧਿਐਨ ਮੁਤਾਬਕ "ਸਾਡੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਮੌਖਿਕ ਟੈਸਟਾਂ 'ਤੇ ਹਵਾ ਦੇ ਪ੍ਰਦੂਸ਼ਣ ਦਾ ਅਸਰ ਉਮਰ ਵਧਣ 'ਤੇ ਵਧੇਰੇ ਹੁੰਦਾ ਹੈ, ਖਾਸ ਤੌਰ 'ਤੇ ਮਰਦਾਂ ਅਤੇ ਘੱਟ ਪੜ੍ਹੇ ਲਿਖੇ ਲੋਕਾਂ 'ਉੱਪਰ" । ਅਧਿਐਨ ਮੁਤਾਬਕ ਪ੍ਰਦੂਸ਼ਣ ਅਲਜ਼ਾਈਮਰ ਅਤੇ ਡਿਮੇਨਸ਼ੀਆ ਵਰਗੀਆਂ ਬੀਮਾਰੀਆਂ ਦੇ ਖਤਰੇ ਨੂੰ ਵਧਾਉਂਦਾ ਹੈ।ਇਸ ਤੋਂ ਇਲਾਵਾ 2010-2014 ਵਿੱਚ ਲੜਕੇ ਅਤੇ ਲੜਕੀਆਂ ਉੱਪਰ ਕੀਤੇ ਇੱਕ ਸਰਵੇਖਣ ਤੋਂ ਪਤਾ ਲੱਗਾ ਕਿ ਪ੍ਰਦੂਸ਼ਣ ਦਾ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਹੈ। ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਦੁਨੀਆ ਭਰ ਵਿੱਚ 2016 ਵਿੱਚ ਹਵਾ ਪ੍ਰਦੂਸ਼ਣ ਕਾਰਨ 4.2 ਮਿਲੀਅਨ ਮੌਤਾਂ ਹੋਈਆਂ। 91% ਦੁਨੀਆ ਦੀ ਆਬਾਦੀ ਅਜਿਹੇ ਵਾਤਾਵਰਨ ਵਿੱਚ ਰਹਿੰਦੀ ਹੈ ਜਿੱਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੇ ਤੈਅ ਮਾਪਦੰਡਾਂ ਤੋਂ ਵੱਧ ਹਨ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਭਾਰਤ ਦੇ 14 ਸ਼ਹਿਰ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਦੁਨੀਆ ਵਿੱਚ 10 ਵਿੱਚੋਂ 9 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਇਹਨਾਂ ਕੁਝ ਸਰਵੇਖਣਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਵਾ ਪ੍ਰਦੂਸ਼ਣ ਨੂੰ ਤਬਦੀਲੀਯੋਗ ਖ਼ਤਰੇ ਵਜੋਂ ਦੇਖਿਆ ਜਾ ਸਕਦਾ ਹੈ।

ਜੇਕਰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੋਂ ਅਗਵਾਈ ਲਈਏ ਤਾਂ ਗੁਰਬਾਣੀ ਨੇ ਬਨਸਪਤੀ ਦੀ ਸਾਂਭ ਸੰਭਾਲ ਦੀ ਖਾਸ ਤਾਕੀਦ ਕੀਤੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜ਼ਿਆਦਾ ਬਾਣੀ ਵਿੱਚ ਕੁਦਰਤ, ਬਨਸਪਤੀ ਦਾ ਜ਼ਿਕਰ ਹੋਇਆ ਹੈ। ਗੁਰੂ ਸਾਹਿਬ ਨੇ ਹਵਾ, ਪਾਣੀ,ਧਰਤ ਨੂੰ ਗੁਰੂ, ਪਿਤਾ, ਮਾਤਾ ਖਾਸ ਰੁਤਬਿਆਂ ਨਾਲ ਨਿਵਾਜਿਆ ਹੈ । ਪਰ ਮਨੁੱਖ ਹੈ ਕਿ ਆਪਣੀ ਜ਼ਿੰਮੇਵਾਰੀ ਤੋਂ ਅਵੇਸਲਾ ਹੋਇਆ ਅੰਨ੍ਹੇਵਾਹ ਕੁਦਰਤ ਦਾ ਘਾਣ ਕਰ ਰਿਹਾ ਹੈ। ਸਾਡੀਆਂ ਕੁਦਰਤ ਦੀ ਸਾਂਭ ਸੰਭਾਲ ਨੂੰ ਲੈਕੇ ਇਹ ਅਣਗਹਿਲੀਆਂ ਸਾਡਾ ਅਤੇ ਆਉਣ ਵਾਲੀਆਂ ਹੋਰ ਪੀੜੀਆਂ ਦੇ ਜੀਵਨ ਨੂੰ ਵਿਨਾਸ਼ ਵੱਲ ਧਕੇਲ ਦੇਣਗੀਆਂ। ਅੱਜ ਅਸੀਂ ਪੱਥਰਾਂ ਦੇ ਘਰਾਂ , ਸ਼ਹਿਰਾਂ ਦੇ ਵਸਨੀਕ ਬਣ ਬਣਾਉਟੀ ਫੁੱਲਾਂ, ਗੁਸਦਸਤਿਆਂ ਵਿੱਚੋਂ ਮਹਿਕਾਂ ਲੱਭਣ ਵਿੱਚ ਜੁਟੇ ਹੋਏ ਹਾਂ ਅਤੇ ਕੁਦਰਤ ਦੀ ਅਹਿਮੀਅਤ ਨੂੰ ਅੱਖੋਂ ਪਰੋਖਾ ਕਰ ਰਹੇ ਹਾਂ।

ਅੱਜ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਣ ਬਣੇ ਡੀਜ਼ਲ ਤੋਂ ਚੱਲਦੇ ਵਾਹਨ, ਫੈਕਟਰੀਆਂ ਵਿੱਚੋਂ ਨਿਕਲਦਾ ਦੂਸ਼ਿਤ ਧੂੰਆਂ, ਫਸਲਾਂ ਦੀ ਰਹਿੰਦ ਖੂੰਹਦ ਨੂੰ ਲੱਗਦੀਆਂ ਅੱਗਾਂ ਤੇ ਅੰਨ੍ਹੇਵਾਹ ਹੋ ਰਹੀ ਰੁੱਖਾਂ ਦੀ ਕਟਾਈ ਹੈ। ਇੱਕ ਛੋਟਾ ਜਿਹਾ ਪੌਦਾ ਰੁੱਖ ਬਣਨ ਵਿੱਚ ਕਿੰਨੇ ਵਰ੍ਹੇ ਲੈਂਦਾ ਹੈ, ਪਰ ਸਾਡੀ ਅਖੌਤੀ ਤਰੱਕੀ ਦੇ ਨਾਮ ਤੇ ਲੋੜ ਪੈਣ ਤੇ ਕਿਸੇ ਨਵੀਂ ਇਮਾਰਤ ਨੂੰ ਬਣਾਉਣ ਲਈ ਜੇ. ਸੀ. ਬੀ ਦੇ ਜਬਾੜੇ ਵਿੱਚ ਰੁੱਖ ਨੂੰ ਪਾ ਦੁੱਧ ਚ ਪਈ ਮੱਖੀ ਵਾਂਗ ਪੁੱਟ ਕੇ ਸੁੱਟ ਦਿੱਤਾ ਜਾਂਦਾ ਹੈ।

ਹਾਲੇ ਵੀ ਸਮਾਂ ਹੈ, ਸਮੇਂ ਦੀ ਨਜ਼ਾਕਤ ਨੂੰ ਸਮਝੀਏ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਪ੍ਰਤੀ ਸੁਚੇਤ ਹੋਈਏ। ਹਵਾ, ਪਾਣੀ ਤੇ ਧਰਤ ਨੂੰ ਬਚਾ ਲਈਏ। ਸੁਗੰਧਾਂ ਭਰੀ ਠੰਡੀ ਹਵਾ, ਅੰਮ੍ਰਿਤ ਵਰਗਾ ਪਾਣੀ ਸਾਨੂੰ ਕੁਦਰਤ ਨੇ ਮੁਫ਼ਤ ਦਿੱਤਾ ਹੈ, ਇਸਦੀ ਕਦਰ ਕਰੀਏ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਦੂਸ਼ਿਤ ਹਵਾ ਵਿੱਚ ਸਾਹ ਲੈਣਾ ਮੁਸ਼ਕਲ ਹੋ ਜਾਵੇਗਾ ਅਤੇ ਉਹਨਾਂ ਦਾ ਜੀਵਨ ਦੁੱਭਰ ਹੋ ਜਾਵੇਗਾ ।ਕੁਝ ਜ਼ਿਆਦਾ ਨਹੀਂ ਤਾਂ ਹਰ ਘਰ ਵਿੱਚ ਜਿੰਨੇ ਪਰਿਵਾਰ ਦੇ ਮੈਂਬਰ ਹਨ , ਆਪਣੇ ਸਾਹ ਲੈਣ ਲਈ ਆਪਣੇ ਹਿੱਸੇ ਦਾ ਇੱਕ ਇੱਕ ਰੁੱਖ ਜ਼ਰੂਰ ਲਾਉਣ, ਕਿਉਂਕਿ ਰੁੱਖ ਹਵਾ ਨੂੰ ਸਾਫ਼ ਤੇ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੇ ਹਨ। ਬਨਸਪਤੀ ਨਾਲ ਪਿਆਰ ਤੇ ਇਸਦੀ ਸਾਂਭ ਸੰਭਾਲ ਹੀ ਸਾਡੇ ਕੋਲ ਇੱਕ ਮਾਤਰ ਰਸਤਾ ਹੈ ਜਿਸ ਨਾਲ ਅਸੀਂ ਆਉਣ ਵਾਲੀਆਂ ਪੀੜੀਆਂ ਦਾ ਜੀਵਨ ਬਚਾ ਸਕਦੇ ਹਾਂ।

# ਦਿਮਾਗ ਦੇ ਦੌਰੇ ਤੋਂ ਸਾਵਧਾਨ ਰਹੋ



ਪ੍ਰਸਿੱਧ ਦਿਮਾਗ ਦੇ ਰੋਗਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਿਮਾਰੀ ਅਕਸਰ 40 ਸਾਲ ਤੋਂ ਉੱਪਰ ਦੇ ਲੋਕਾਂ ਵਿਚ ਜ਼ਿਆਦਾ ਪਾਈ ਗਈ ਹੈ ਅਤੇ ਇਸ ਦਾ ਇਕ ਲੱਛਣ ਹੋ ਸਕਦਾ ਹੈ ਯਾਦਾਸ਼ਤ ਖ਼ਤਮ ਹੋਣਾ ਜਾਂ ਘੱਟ ਹੋਣਾ। ਜੇ ਤੁਹਾਨੂੰ ਯਾਦਾਸ਼ਤ ਖ਼ਤਮ ਹੋਣ ਜਾਂ ਘੱਟ ਹੋਣ ਦੇ ਜ਼ਿਆਦਾ ਦੌਰੇ ਪੈ ਰਹੇ ਹਨ ਤਾਂ ਤੁਹਾਨੂੰ ਇਸ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ।

ਇਸ ਦੇ ਕਾਰਨ ਲਗਪਗ ਉਹੀ ਹਨ, ਜੋ ਦਿਲ ਦਾ ਦੌਰੇ ਪੈਣ ਦੇ ਹੁੰਦੇ ਹਨ, ਜਿਵੇਂ ਜ਼ਿਆਦਾ ਤੇਲਯੁਕਤ ਭੋਜਨ, ਜ਼ਿਆਦਾ ਮਾਸਾਹਾਰੀ ਭੋਜਨ, ਸਰੀਰ ਨੂੰ ਸੁਸਤ ਰੱਖਣ ਦੀ ਆਦਤ, ਸਿਗਰਿਟ ਜ਼ਿਆਦਾ ਪੀਣਾ, ਜ਼ਿਆਦਾ ਸ਼ਰਾਬ ਪੀਣਾ ਆਦਿ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਇਹ ਖਾਮੋਸ਼ ਦਿਮਾਗ ਦੇ ਦੌਰੇ ਜ਼ਿਆਦਾ ਘੱਟ ਉਮਰ ਵਾਲੇ ਲੋਕਾਂ ਨੂੰ ਵੀ ਪੈਣ ਲੱਗੇ ਹਨ ਅਤੇ ਅਜਿਹੇ ਦੌਰਿਆਂ ਵਿਚ ਹੌਲੀ-ਹੌਲੀ ਤੁਹਾਡੀ ਬੁੱਧੀ ਘੱਟ ਹੁੰਦੀ ਜਾਂਦੀ ਹੈ।

ਵਧਦਾ ਤਣਾਅ ਵੀ ਇਸ ਬਿਮਾਰੀ ਦੇ ਵਧਣ ਦਾ ਕਾਰਨ ਹੈ। ਜਾਣੇ-ਪਛਾਣੇ ਮਨੋਰੋਗ ਮਾਹਿਰਾਂ ਡਾਕਟਰ ਨਾਗਪਾਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕੋਲ ਕਈ ਅਜਿਹੇ ਬਿਮਾਰ ਲੋਕ ਆਏ, ਜਿਹੜੇ ਜ਼ਿਆਦਾ ਤਣਾਅ ਵਿਚ ਸਨ। ਤਣਾਅਗ੍ਰਸਤ ਹੋਣ ਕਾਰਨ ਉਨ੍ਹਾਂ ਦਾ ਖ਼ੂਨ ਦਾ ਦਬਾਅ ਵਧ ਗਿਆ ਸੀ ਅਤੇ ਇਸੇ ਕਾਰਨ ਉਨ੍ਹਾਂ ਦੇ ਦਿਮਾਗ ਵਿਚ ਵੀ ਨੁਕਸ ਪਾਇਆ ਗਿਆ ਸੀ। ਜੇ ਇਸ ਬਿਮਾਰੀ ਬਾਰੇ ਛੇਤੀ ਪਤਾ ਲੱਗ ਜਾਵੇ ਤਾਂ ਦਿਮਾਗ ਨੂੰ ਜ਼ਿਆਦਾ ਨੁਕਸਾਨ ਪਹੁੰਚਣ ਤੋਂ ਰੋਕਿਆ ਜਾ ਸਕਦਾ ਹੈ।

ਜੇ 40-50 ਸਾਲ ਦੀ ਉਮਰ ਦੇ ਲੋਕਾਂ ਵਿਚ ਜ਼ਿਆਦਾ ਤਣਾਅ ਨਜ਼ਰ ਆਵੇ ਅਤੇ ਉਹ ਗੁੰਮਸੁੰਮ, ਇਕੱਲੇ ਅਤੇ ਉਦਾਸੀ ਦੇ ਸ਼ਿਕਾਰ ਹੋਣ ਤਾਂ ਉਨ੍ਹਾਂ ਨੂੰ ਸਿਰਫ ਮਾਨਸਿਕ ਤੌਰ 'ਤੇ ਬਿਮਾਰ ਨਾ ਸਮਝੋ। ਉਨ੍ਹਾਂ ਦੀ ਸਹੀ ਜਾਂਚ ਕਰਵਾਓ, ਜਿਸ ਨਾਲ ਪਤਾ ਲੱਗੇ ਕਿ ਕਿਤੇ ਉਨ੍ਹਾਂ ਨੂੰ ਦਿਮਾਗ ਦਾ ਦੌਰਾ ਤਾਂ ਨਹੀਂ ਪਿਆ?

ਕਦੇ-ਕਦੇ ਖਾਮੋਸ਼ ਦਿਮਾਗ ਦੇ ਦੌਰੇ ਸ਼ੂਗਰ ਅਤੇ ਜ਼ਿਆਦਾ ਮੋਟਾਪੇ ਕਾਰਨ ਹੋ ਸਕਦੇ ਹਨ। ਇਨ੍ਹਾਂ ਕਾਰਨਾਂ ਨਾਲ ਸਰੀਰ ਵਿਚ ਕਲਾਟ ਬਣ ਜਾਂਦੇ ਹਨ ਅਤੇ ਜੇ ਇਨ੍ਹਾਂ ਵਿਚੋਂ ਇਕ ਵੀ ਦਿਮਾਗ ਵਿਚ ਚਲਾ ਗਿਆ ਤਾਂ ਦਿਮਾਗ ਦੇ ਖ਼ੂਨ ਦੇ ਵਹਾਅ ਵਿਚ ਰੁਕਾਵਟ ਆ ਸਕਦੀ ਹੈ ਅਤੇ ਇਸ ਨਾਲ ਨਾ ਸਿਰਫ ਖਾਮੋਸ਼ ਦਿਮਾਗ ਦਾ ਦੌਰਾ, ਸਗੋਂ ਹੋਰ ਕਈ ਖ਼ਤਰਨਾਕ ਬਿਮਾਰੀਆਂ ਜਿਵੇਂ ਅਧਰੰਗ ਆਦਿ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਡਾਕਟਰਾਂ ਨੇ ਸਾਰਿਆਂ ਨੂੰ ਸਾਵਧਾਨੀ ਵਰਤਣ ਲਈ ਕਿਹਾ ਹੈ।

ਜਿਨ੍ਹਾਂ ਗੱਲਾਂ ਦਾ ਧਿਆਨ ਤੁਸੀਂ ਆਪਣਾ ਦਿਲ ਤੰਦਰੁਸਤ ਰੱਖਣ ਲਈ ਰੱਖਦੇ ਹੋ, ਉਨ੍ਹਾਂ ਗੱਲਾਂ ਦਾ ਧਿਆਨ ਤੁਹਾਨੂੰ ਇਸ ਵਾਸਤੇ ਵੀ ਰੱਖਣਾ ਚਾਹੀਦਾ ਹੈ, ਜਿਵੇਂ ਜ਼ਿਆਦਾ ਭਾਰ ਨਾ ਵਧਾਉਣਾ, ਘੱਟ ਤੇਲ ਵਾਲਾ ਭੋਜਨ ਖਾਣਾ, ਹਰ ਰੋਜ਼ ਹਲਕੀ ਕਸਰਤ ਕਰਨੀ ਜਾਂ ਸੈਰ 'ਤੇ ਜਾਣਾ, ਰਾਤ ਨੂੰ ਹਲਕਾ ਭੋਜਨ ਲੈਣਾ, ਤਣਾਅ ਘੱਟ ਕਰਨਾ, ਸਿਗਰਿਟ ਅਤੇ ਸ਼ਰਾਬ ਘੱਟ ਪੀਣੀ ਆਦਿ। ਤਣਾਅ ਹੀ ਇਕ ਅਜਿਹਾ ਕਾਰਨ ਹੈ ਜੋ ਇਸ ਬਿਮਾਰੀ ਲਈ ਕਾਫੀ ਜ਼ਿੰਮੇਵਾਰ ਹੈ। ਇਸ ਲਈ ਇਸ ਪੱਖੋਂ ਸਾਵਧਾਨ ਰਹੋ।

-ਅੰਬਿਕਾ

# ਖਾਣ ਵਾਲਾ ਤੇਲ ਵਰਤੋ ਸਾਵਧਾਨੀ ਨਾਲ



ਸਬਜ਼ੀ ਬਣਾਉਣ ਲਈ ਸਭ ਤੋਂ ਬਿਹਤਰ ਹੈ ਆਪਣਾ ਉਹੀ ਪੁਰਾਣਾ ਸਰ੍ਹੋਂ ਦਾ ਤੇਲ। ਸਬਜ਼ੀ ਵਿਚ ਪਾਉਣ ਅਤੇ ਰੋਟੀਆਂ ਚੋਪੜਨ ਲਈ ਬਿਹਤਰ ਹੈ ਦੇਸੀ ਘਿਓ ਅਤੇ ਖਾਣੇ ਦੀਆਂ ਚੀਜ਼ਾਂ ਤਲਣ ਲਈ ਦੇਸੀ ਘਿਓ ਜਾਂ ਫਿਰ ਬਨਸਪਤੀ ਘਿਓ। ਆਓ ਇਸ ਦੇ ਪਿੱਛੇ ਦਾ ਵਿਗਿਆਨ ਸਮਝਦੇ ਹਾਂ-

ਚੀਜ਼ਾਂ ਤਲਣ ਲਈ ਸਾਨੂੰ ਲੋੜ ਹੁੰਦੀ ਹੈ ਕਿਸੇ ਅਜਿਹੇ ਮਾਧਿਅਮ ਦੀ, ਜਿਸ ਦਾ ਬੋਇਲਿੰਗ ਪਾਇੰਟ ਜ਼ਿਆਦਾ ਹੋਵੇ। ਘੱਟ ਤੋਂ ਘੱਟ 160 ਡਿਗਰੀ ਤੋਂ ਲੈ ਕੇ 170 ਡਿਗਰੀ ਤੱਕ ਜਿਵੇਂ ਕਿ ਤੇਲ ਜਾਂ ਘਿਓ ਦਾ। ਖੌਲਦੇ ਤੇਲ ਵਿਚ ਪਾਉਂਦੇ ਹੀ ਉਸ ਵਸਤੂ ਦੀ ਬਾਹਰੀ ਸਤਹ ਦਾ ਪਾਣੀ ਇਕਦਮ ਸੁੱਕ ਜਾਂਦਾ ਹੈ ਅਤੇ ਉਹ ਇਕਦਮ ਸਖ਼ਤ ਹੋ ਜਾਂਦੀ ਹੈ ਅਤੇ ਫਿਰ ਉਸ ਦੇ ਅੰਦਰ ਕੁਝ ਨਹੀਂ ਜਾਂਦਾ। ਇਹ ਇਕ ਸੀਲ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਅੰਦਰ ਮੌਜੂਦ ਨਮੀ ਭਾਫ਼ ਬਣ ਕੇ ਉੱਡਦੀ ਹੈ ਅਤੇ ਤੇਲ ਨੂੰ ਅੰਦਰ ਨਹੀਂ ਜਾਣ ਦਿੰਦੀ।

ਹੁਣ ਤੇਲ ਜਾਂ ਘਿਓ ਦੇ ਤਾਪਮਾਨ ਦੇ ਕਾਰਨ ਅੰਦਰ ਦੀਆਂ ਸਾਰੀਆਂ ਚੀਜ਼ਾਂ ਪੱਕ ਜਾਂਦੀਆਂ ਹਨ ਅਤੇ ਉਸ ਚੀਜ਼ ਨੂੰ ਜ਼ਿਆਦਾ ਤਾਪਮਾਨ ਵਿਚ ਜਲਣ ਤੋਂ ਪਹਿਲਾਂ ਅਸੀਂ ਬਾਹਰ ਕੱਢ ਲੈਂਦੇ ਹਾਂ ਅਤੇ ਸਾਡੇ ਸਾਹਮਣੇ ਹੁੰਦੀ ਹੈ ਡੀਪ ਫ੍ਰਾਈਡ ਖਾਣ ਦੀ ਚੀਜ਼ ਜੋ ਅਕਸਰ ਕੁਰਕੁਰੀ ਹੁੰਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਤਲਣ ਲਈ ਤੇਲ ਦੀ ਵਰਤੋਂ ਕਰੀਏ ਜਾਂ ਘਿਓ ਦੀ? ਤਾਂ ਉੱਤਰ ਹੈ ਘਿਓ। ਘਿਓ ਹੀ ਕਿਉਂ? ਕਿਉਂਕਿ ਘਿਓ ਬਣਿਆ ਹੁੰਦਾ ਹੈ ਸੈਚੁਰੇਟਿਡ ਫੈਟੀ ਐਸਿਡ ਨਾਲ। ਬਨਸਪਤੀ ਤੇਲ ਕਿਉਂ ਨਹੀਂ? ਕਿਉਂਕਿ ਇਹ ਬਣਿਆ ਹੁੰਦਾ ਹੈ ਅਨਸੈਚੁਰੇਟਿਡ ਫੈਟੀ ਐਸਿਡ ਨਾਲ। ਅਨਸੈਚੁਰੇਟਿਡ ਫੈਟੀ ਐਸਿਡਜ਼ ਤੋਂ ਬਣਿਆ ਤੇਲ ਵਰਤਾਂਗੇ ਤਾਂ ਕੀ ਹੋਵੇਗਾ? ਗਰਮ ਕਰਨ 'ਤੇ ਬਨਸਪਤੀ ਤੇਲ ਦਾ ਆਕਸੀਡੇਸ਼ਨ ਹੋਵੇਗਾ ਅਤੇ ਕੁਝ ਅਣਇੱਛਤ ਉਤਪਾਦ ਬਣਨਗੇ ਜੋ ਸਿਹਤ ਲਈ ਨੁਕਸਾਨਦਾਇਕ ਹੋਣਗੇ। ਤਾਂ ਫਿਰ ਬਿਹਤਰ ਕਿਹੜਾ ਹੈ? ਦੇਸੀ ਘਿਓ ਜਾਂ ਬਨਸਪਤੀ ਘਿਓ ਜਾਂ ਫਿਰ ਅਜਿਹਾ ਤੇਲ ਜਿਸ ਵਿਚ ਸੈਚੁਰੇਟਿਡ ਫੈਟੀ ਐਸਿਡ ਜ਼ਿਆਦਾ ਹੋਣ?

ਅਸਲ ਵਿਚ ਸਾਨੂੰ ਚਾਹੀਦਾ ਹੈ ਇਕ ਅਜਿਹਾ ਮਾਧਿਅਮ ਜਿਸ ਦਾ ਸਮੋਕ ਪਾਇੰਟ ਵੀ ਜ਼ਿਆਦਾ ਹੋਵੇ ਅਤੇ ਜੋ ਆਕਸੀਜਨ ਦੇ ਨਾਲ ਵੀ ਜ਼ਿਆਦਾ ਪ੍ਰਕਿਰਿਆ ਨਾ ਕਰੇ, ਭਾਵ ਸਥਿਰ ਹੋਵੇ। ਇਹ ਤਾਂ ਹੀ ਹੋਵੇਗਾ ਜੇ ਤਲਣ ਦੇ ਉਸ ਮਾਧਿਅਮ ਵਿਚ ਸੈਚੁਰੇਟਿਡ ਫੈਟੀ ਐਸਿਡਜ਼ ਜ਼ਿਆਦਾ ਹੋਣਗੇ। ਇਹ ਖੂਬੀ ਹੈ ਜਾਂ ਤਾਂ ਘਿਓ ਵਿਚ ਜਾਂ ਫਿਰ ਬਨਸਪਤੀ ਘਿਓ ਵਿਚ ਅਤੇ ਜਾਂ ਫਿਰ ਕੁਝ ਚੋਣਵੇਂ ਬਨਸਪਤੀ ਤੇਲਾਂ ਵਿਚ। ਫਿਰ ਸਭ ਤੋਂ ਬਿਹਤਰ ਬਨਸਪਤੀ ਤੇਲ ਕਿਹੜਾ ਹੈ? ਨਾਰੀਅਲ ਦਾ ਤੇਲ, ਕਿਉਂਕਿ ਇਸ ਵਿਚ ਸੈਚੁਰੇਟਿਡ ਫੈਟੀ ਐਸਿਡਸ ਮੁਕਾਬਲਤਨ ਜ਼ਿਆਦਾ ਹੁੰਦੇ ਹਨ।

ਇਹ ਦੇਖਿਆ ਗਿਆ ਹੈ ਕਿ 180 ਡਿਗਰੀ ਤਾਪਮਾਨ 'ਤੇ ਲਗਾਤਾਰ 8 ਘੰਟੇ ਵਰਤੋਂ ਕਰਨ 'ਤੇ ਵੀ ਇਸ ਦਾ ਪੱਧਰ ਖਰਾਬ ਨਹੀਂ ਹੁੰਦੀ ਹੈ। ਹੁਣ ਦੇਸੀ ਘਿਓ ਦੀ ਗੱਲ ਕਰੀਏ ਤਾਂ ਉਨ੍ਹਾਂ ਪਸ਼ੂਆਂ ਦਾ ਘਿਓ ਵਧੀਆ ਹੋਵੇਗਾ ਜੋ ਘਾਹ ਜ਼ਿਆਦਾ ਖਾਂਦੇ ਹਨ ਅਤੇ ਦਾਣਾ ਘੱਟ। ਘਾਹ ਜ਼ਿਆਦਾ ਖਾਣ ਵਾਲੇ ਜਾਨਵਰਾਂ ਦੇ ਘਿਓ ਵਿਚ ਪਾਲੀਅਨਸੈਚੁਰੇਟਿਡ ਫੈਟੀ ਐਸਿਡਸ ਘੱਟ ਹੋਣਗੇ ਅਤੇ ਦਾਣਾ ਖਾਣ ਵਾਲੇ ਜਾਨਵਰਾਂ ਦੇ ਘਿਓ ਵਿਚ ਪਾਲੀਅਨਸੈਚੁਰੇਟਿਡ ਫੈਟੀ ਐਸਿਡਜ਼ ਜ਼ਿਆਦਾ ਹੋਣਗੇ।

ਇਸ ਲਈ ਕਹਿੰਦੇ ਹਨ ਕਿ ਪਿੰਡ ਦੀ ਦੇਸੀ ਗਾਂ ਜਾਂ ਮੱਝ ਦਾ ਘਿਓ ਸਭ ਤੋਂ ਵਧੀਆ। ਘਿਓ ਨਾ ਹੋਵੇ ਤਾਂ? ਫਿਰ ਨਾਰੀਅਲ ਦਾ ਤੇਲ। ਕਿਸੇ ਨੂੰ ਨਾਰੀਅਲ ਦੇ ਤੇਲ ਦੀ ਖ਼ੁਸ਼ਬੂ ਪਸੰਦ ਨਾ ਹੋਵੇ ਤਾਂ? ਮੂੰਗਫਲੀ ਦਾ ਤੇਲ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਪਾਣੀ ਵਾਲਾ ਡੱਬਾ



ਖਚਾ ਖਚ ਭਰੀ ਸੱਥ ਕੋਲ ਦੀ ਜਦੋਂ ਪੁਲੀਸ ਦੀ ਜੀਪ ਲੰਘੀ ਤਾਂ ਸੱਥ 'ਚ ਬੈਠੇ ਸਾਰੇ ਜਣੇ ਜੀਪ ਵੱਲ ਇਉਂ ਵੇਖਣ ਲੱਗ ਪਏ ਜਿਵੇਂ ਕਿਸੇ ਪੇਂਡੂ ਮੇਲੇ 'ਚ ਫੜ੍ਹੇ ਗਏ ਜੇਬ੍ਹ ਕਤਰੇ ਦੇ ਪੈਂਦੀ ਕੁੱਟ ਨੂੰ ਲੋਕ ਅੱਡੀਆਂ ਚੁੱਕ-ਚੁੱਕ ਵੇਖੀ ਜਾਂਦੇ ਹੋਣ। ਸੱਥ ਵਾਲੇ ਤਾਂ ਅਜੇ ਪਿੰਡ 'ਚ ਵੜੀ ਜੀਪ ਵੱਲ ਹੀ ਵੇਖ ਵੇਖ ਸੋਚੀ ਜਾਂਦੇ ਸਨ ਬਈ ਇਹ ਪੁਲੀਸ ਕੀਹਦੇ ਘਰੇ ਵੜੇਗੀ ਕਿ ਏਨੇ ਚਿਰ ਨੂੰ ਨਾਥੇ ਅਮਲੀ ਨੇ ਬਾਬੇ ਮੁਕੰਦ ਸਿਉਂ ਨੂੰ ਆ ਪੁੱਛਿਆ,

''ਆਹ ਕੀਹਦੇ ਘਰ ਨੂੰ ਚੱਲੇ ਐ ਬਾਬਾ ਅਮਨ ਦੇ ਦੇਵਤੇ?''

ਮਾਹਲੇ ਨੰਬਰਦਾਰ ਨੇ ਪੁਲੀਸ ਦਾ ਨਾਂਅ 'ਅਮਨ ਦੇ ਦੇਵਤੇ' ਸੁਣਕੇ ਨਾਥੇ ਅਮਲੀ ਨੂੰ ਪੁੱਛਿਆ,''ਕਿਉਂ ਅਮਲੀਆ! ਇਹ ਪੁਲਸ ਆਲੇ ਅਮਨ ਦੇ ਦੇਵਤੇ ਕਿਮੇਂ ਹੋ ਗੇ ਬਈ। ਇਹ ਨਮਾਂ ਈ ਨਾਂਅ ਧਰ 'ਤਾ ਪਤੰਦਰਾ ਤੂੰ ਇਨ੍ਹਾਂ ਦਾ।''

ਅਮਲੀ ਕਹਿੰਦਾ, ''ਨਮਾਂ ਨਾਂਅ ਨ੍ਹੀ ਇਨ੍ਹਾਂ ਦਾ ਇਹੇ, ਇਹ ਤਾਂ ਬਹੁਤ ਪਰਾਣੈ। ਤੈਨੂੰ ਮੈਂ ਦੱਸਦਾਂ ਨੰਬਰਦਾਰਾ। ਇਹ ਨਾਂਅ ਤਾਂ ਆਪਣੀ ਸੱਥ ਆਲਿਆਂ ਨੇ ਈਂ ਧਰਿਆ। ਆਪਣੇ ਪਿੰਡ 'ਚ ਈ ਪੁਲਸ ਆਲਿਆਂ ਨੂੰ ਅਮਨ ਦੇ ਦੇਵਤੇ ਕਹਿੰਦੇ ਐ।''

ਨੰਬਰਦਾਰ ਨੇ ਫੇਰ ਪਾ 'ਤਾ ਸੁਆਲ, ''ਉਹ ਕਿਮੇਂ ਬਈ।''

ਅਮਲੀ ਕਹਿੰਦਾ, ''ਕੇਰਾਂ ਆਪਣੇ ਪਿੰਡ ਆਲਾ ਅਮਨਾ ਬਾਣੀਆਂ ਆਵਦੀ ਘਰ ਆਲੀ ਸ਼ਾਂਤੀ ਨਾਲ ਲੜ ਪਿਆ। ਅਗਲੇ ਦਿਨ ਸ਼ਾਹਣੀ ਨੇ ਆਵਦੇ ਪੇਕਿਆਂ ਨੂੰ ਸੱਦ ਲਿਆ। ਸ਼ਾਹਣੀ ਦਾ ਇੱਕ ਸੁੱਕਿਆ ਜਾ ਭਰਾ, ਆਪਣੇ ਪਿੰਡ ਆਲੇ ਪਿੱਚਕਿਆਂ ਦੇ ਬੀਰੂ ਅਰਗਾ, ਆਵਦੇ ਪਿੰਡੋਂ ਈਂ ਸਟਾਂਕੀ ਵੱਟੀ ਲੈ ਕੇ ਆਇਆ ਬਈ ਆਹ ਮਾਰੂ ਜੇ ਕਿਤੇ ਹੱਥੋਪਾਈ ਹੋ ਗੀ ਤਾਂ। ਆਪਣੇ ਪਿੰਡ ਦੀ ਪਚੈਤ ਨੇ ਵੀ ਬਥੇਰਾ ਜੋਰ ਲਾਇਆ ਸੁਲਾਹ ਕਰਾਉਣ ਨੂੰ ਬਈ ਬਾਣੀਏ ਆਪਸ ਵਿੱਚ ਨਾ ਲੜਣ। ਪਰ ਜਦੋਂ ਦੋ ਧਿਰਾਂ ਨੂੰ ਗੁੱਸਾ ਆਇਆ ਹੋਵੇ ਕਦੋਂ ਹਟਦਾ ਕੋਈ। ਗੁੱਸੇ 'ਚ ਹਰੇਕ ਈਂ ਉਦੋਂ ਪਹਾੜ ਦੀ ਟੀਸੀ 'ਤੇ ਬੱਕਰੀ ਚੜ੍ਹਾਉਣ ਤੱਕ ਜਾਂਦਾ। ਬਾਣੀਆਂ ਨੇ ਨਾ ਤਾਂ ਪਚੈਤ ਦੀ ਮੰਨੀ ਤੇ ਨਾ ਹੀ ਟਿਕ ਟਕਾਅ ਕੀਤਾ।

ਜਦੋਂ ਨੇਰ੍ਹਾ ਹੋ ਗਿਆ, ਪਚੈਤ ਆਲੇ ਤਾਂ ਘਰ ਨੂੰ ਚਲੇ ਗਏ। ਮਗਰੋਂ ਘੁੱਲੇ ਸਰਪੈਂਚ ਨੇ ਪੁਲਸ ਨੂੰ ਫੋਨ ਕਰ 'ਤਾ ਬਈ ਨਾ ਤਾਂ ਬਾਣੀਆਂ ਨੇ ਸਾਡੀ ਕੋਈ ਗੱਲ ਮੰਨੀ ਐਂ, ਤੇ ਨਾ ਹੀ ਆਪਸ ਵਿੱਚ ਲੜਣ ਆਲਾ ਰਾਹ ਛੱਡਿਆ। ਹਜੇ ਲੋਕ ਸੌਣ ਦੀ ਤਿਆਰੀਓ ਈ ਕਰਦੇ ਸੀ, ਪੁਲਸ ਨੇ ਘੁੱਲੇ ਸਰਪੈਂਚ ਤੇ ਅੱਠ ਦਸ ਪਿੰਡ ਦੇ ਹੋਰ ਬੰਦੇ ਲੈ ਕੇ ਅਮਨੇ ਬਾਣੀਏ ਨੂੰ ਜਾ ਹਾਕ ਮਾਰੀ। ਜਦੋਂ ਇੱਕ ਬੁੜ੍ਹੇ ਜੇ ਹੌਲਦਾਰ ਨੇ ਅਮਨੇ ਨੂੰ 'ਵਾਜ ਮਾਰੀ ਤਾਂ ਅਮਨਾ ਬਾਣੀਆਂ ਬੋਲਿਆ 'ਕੌਣ ਐਂ ਬਈ'? ਹੌਲਦਾਰ ਕਹਿੰਦਾ 'ਬਾਰ ਖੋਹਲੋ ਸੇਠ ਸਾਹਬ। ਥਾਣਿਉਂ ਪੁਲਸ ਆਈ ਐ ਅਮਨ ਸ਼ਾਂਤੀ ਕਰਾਉਣ'। ਹੌਲਦਾਰ ਦੇ ਮੂੰਹੋਂ ਅਮਨ ਸ਼ਾਂਤੀ ਦਾ ਨਾਂ ਸੁਣਕੇ ਸਰਪੈਂਚ ਹੌਲਦਾਰ ਨੂੰ ਕਹਿੰਦਾ 'ਇਉਂ ਨਾ ਆਖੋ ਜਨਾਬ। ਅਮਨ ਤਾਂ ਬਾਣੀਏ ਦਾ ਨਾਂ ਤੇ ਸ਼ਾਂਤੀ ਸ਼ਾਹਣੀ ਦਾ ਨਾਉਂ ਐਂ ਓਹਦੇ ਘਰ ਆਲੀ ਦਾ। ਦੋਵਾਂ ਚੀ ਝਗੜਾ ਆਪਸ ਵਿੱਚ। ਜਦੋਂ ਪੁਲਸ ਆਲਿਆਂ ਦੀ ਇਹ ਗੱਲ ਅਗਲੇ ਦਿਨ ਪਿੰਡ ਦੀ ਸੱਥ 'ਚ ਆ ਗੀ ਤਾਂ ਸੱਥ ਆਲਿਆਂ ਨੇ ਪੁਲਸ ਆਲਿਆਂ ਦਾ ਨਾਉਂ ਈਂ ਰੱਖ 'ਤਾ 'ਅਮਨ ਦੇ ਦੇਵਤੇ'। ਇਉਂ ਟਿਕਿਆ ਬਾਬਾ ਪੁਲਸ ਦਾ ਨਾਂ ਅਮਨ ਦੇ ਦੇਵਤੇ। ਪਰ ਇਨ੍ਹਾਂ ਨੂੰ ਕਹਿੰਦੇ ਆਪਣੇ ਪਿੰਡ ਚੀ ਐ। ਹੋਰਾਂ ਪਿੰਡਾਂ 'ਚ ਕੁਸ ਹੋਰ ਕਹਿੰਦੇ ਹੋਣਗੇ, ਆਪਾਂ ਨੂੰ ਨ੍ਹੀ ਪਤਾ। ਬਾਕੀ ਇਹੇ ਪੁਲਸ ਆਲੇ ਜਿਹੜੇ ਆਏ ਐ ਇਨ੍ਹਾਂ ਬਾਰੇ ਮੈਨੂੰ ਨ੍ਹੀ ਪਤਾ ਬਈ ਕੀਹਦੇ ਗਲ 'ਚ ਗਫੀਆ ਪਾਉਣਗੇ। ਮੈਂ ਤਾਂ ਆਪ ਸੋਨੂੰ ਪੁੱਛਦਾਂ ਬਈ ਸੱਥ ਆਲਿਆਂ ਨੂੰ ਤਾਂ 'ਮਰੀਕਾ 'ਗਲੈਂਡ 'ਚ ਪਤਾ ਹੁੰਦੈ ਬਈ ਓੱਥੇ ਕੀ ਹੋਈ ਜਾਂਦੈ, ਕੁੱਤੀ ਦੇ ਪੌਂਚੇ ਜਿੱਡੇ ਆਪਣੇ ਪਿੰਡ 'ਚ ਕਿਉਂ ਨਾ ਪਤਾ ਹੋਊ ਬਈ ਪਿੰਡ 'ਚ ਕੀ ਹੋਇਆ?''

ਬਾਬਾ ਮੁਕੰਦ ਸਿਉਂ ਕਹਿੰਦਾ, ''ਅਸੀਂ ਤਾਂ ਆਪ ਤੈਨੂੰ ਪੁੱਛਣ ਲੱਗੇ ਸੀ ਬਈ ਤੂੰ ਪਿੰਡ 'ਚੋਂ ਆਇਐਂ। ਅਸੀਂ ਤਾਂ ਅਮਲੀਆ ਐਥੇ ਬੈਠੇ ਆਂ।''

ਅਮਲੀ ਕਹਿੰਦਾ, ''ਤੁਸੀ ਵੀ ਬਾਬਾ ਪਿੰਡ 'ਚੋਂ ਈਂ ਐਂ। ਤੁਸੀਂ ਕਿਹੜਾ ਨੰਦਪੁਰੋਂ ਐਂ ਬਈ ਸੋਨੂੰ ਪਿੰਡ ਬਾਰੇ ਕੁਸ ਪਤਾ ਨ੍ਹੀ। ਮੈਨੂੰ ਵੀ ਤਾਂ ਆਹ ਨੱਥੂ ਬਾਘੇ ਕੇ ਘਰ ਕੋਲੇ ਈ ਟੱਕਰੇ ਐ। ਉਹ ਗਾਹਾਂ ਨਿਹਾਲੂ ਘੱਚੇ ਕਿਆਂ ਆਲੀ ਬੀਹੀ 'ਚ ਲੈ ਗੇ ਜੀਪ ਮੋੜ ਕੇ।''




ਮਾਹਲਾ ਨੰਬਰਦਾਰ ਕਹਿੰਦਾ, ''ਫੇਰ ਤਾਂ ਨਾਥਾ ਸਿਆਂ ਤੈਨੂੰ ਇਹ ਵੀ ਪਤਾ ਹੋਊ ਬਈ ਓਸ ਬੀਹੀ 'ਚ ਕੀਹਦੇ ਗਏ ਐ। ਓਸੇ ਬੀਹੀ 'ਚੋਂ ਤਾਂ ਜੈਲੇ ਕਾ ਘੀਚੂ ਤੇ ਚੰਦ ਠੇਡੇ ਦਾ ਮੁੰਡਾ ਗਗਨਾ ਭੁੱਕੀ 'ਚ ਫੜ੍ਹੇ ਗਏ ਸੀ। ਇਹ ਤਾਂ ਫਿਰ ਪੱਕੀ ਸੂਹ ਦਿੱਤੀ ਐ ਕਿਸੇ ਨੇ। ਹੁਣ ਨਾਥਾ ਸਿਆਂ ਤੂੰ ਤਾਂ ਸੱਥ 'ਚ ਬੈਠੈਂ, ਇਸ ਗੱਲ ਦੀ ਖਬਰਸਾਰ ਕੀਹਤੋਂ ਲਮਾਂਗੇ।''

ਅਮਲੀ ਨੰਬਰਦਾਰ ਦੀ ਗੱਲ ਸੁਣ ਕੇ ਨੰਬਰਦਾਰ ਨੂੰ ਕਹਿੰਦਾ, ''ਖਬਰਾਂ ਨੂੰ ਮੈਂ ਲੰਡਣ ਆਲਾ ਕਿਤੇ ਬੀ ਬੀ ਸੀ ਟੇਸ਼ਨ ਆਂ ਬਈ ਮੇਰੇ ਕੋਲੇ ਈ ਐ ਸਾਰੀਆਂ ਖਬਰਾਂ ਹੋਰ ਕਿਸੇ ਕੋਲੇ ਹੈ ਈ ਨ੍ਹੀ। ਮੈਥੋਂ ਵੱਡੇ ਗੱਪੀ ਹੋਰ ਵੀ ਬਹੁਤ ਐ ਪਿੰਡ 'ਚ ਜੰਗੀਰੇ ਕੇ ਟਿੱਲੂ ਅਰਗੇ।''

ਪ੍ਰਤਾਪਾ ਭਾਊ ਕਹਿੰਦਾ, ''ਓਸ ਬੀਹੀ 'ਚ ਤਾਂ ਮਿੱਠੂ ਮਣਕੇ ਦਾ ਘਰ ਵੀ ਐ ਜਿਹੜਾ ਮਾੜੀ ਮੋਟੀ ਕੋਈ ਗੋਲੀ ਗੱਪਾ ਵੇਚਦੈ। ਹੋਰ ਤਾਂ ਕੋਈ ਨਸ਼ਾ ਪੱਤਾ ਵੇਚਣ ਆਲਾ ਹੈਨ੍ਹੀ ਓਸ ਗਲੀ 'ਚ।''

ਪ੍ਰਤਾਪੇ ਭਾਊ ਦੀ ਗੱਲ ਸੁਣ ਕੇ ਬਾਬਾ ਟਿੱਚਰ ਕਹਿੰਦਾ, ''ਭਾਊ ਸਿਆਂ ਫੇਰ ਤਾਂ ਸਾਰੀ ਬੀਹੀ ਭੁੱਕੀ ਪੋਸਤ ਵੇਚਦੀ ਐ। ਪੰਜ ਤਾਂ ਓਸ ਬੀਹੀ 'ਚ ਸਾਰੇ ਘਰ ਐ। ਤਿੰਨ ਤੁਸੀਂ ਗਣਾਅ 'ਤੇ, ਚੌਥੇ ਨੂੰ ਸ਼ਰਾਬ ਵੇਚਣ 'ਚ ਤਿੰਨ ਮਹੀਨਿਆਂ ਦੀ ਜੇਲ੍ਹ ਹੋਈ ਵੀ ਐ। ਪੰਜਮਾਂ ਘਰ ਵੀ ਕੋਈ ਨਾ ਕੋਈ ਘਤਿੱਤ ਕਰਦਾ ਹੋਊ।''

ਸੀਤਾ ਮਰਾਸੀ ਕਹਿੰਦਾ, ''ਪੰਜਮਾਂ ਘਰ ਭਾਨੇ ਕੇ ਤੋਤੀ ਦੈ। ਉਹ ਸਾਲਾ ਪਿੰਡ 'ਚ ਕਿਸੇ ਦੇ ਪਾਠ, ਖੰਡ ਪਾਠ ਦੇ ਭੋਗ 'ਤੇ ਪੰਜਾਂ ਦਾ ਨੋਟ ਮੱਥਾ ਟੇਕ ਕੇ ਪੰਜਾਹਾਂ ਦਾ ਜਾਂ ਸੌ ਦਾ ਨੋਟ ਚੱਕ ਕੇ ਡੰਡੀ ਲੱਗਦੈ। ਦੂਜੇ ਚਾਰੇ ਘਰ ਨਸ਼ਾ ਵੇਚਣਿਆਂ ਦੇ ਐ ਤੇ ਪੰਜਮਾਂ ਚੋਰ ਦਾ। ਸਾਰੀ ਬੀਹੀ ਨੂੰ ਈਂ ਗ੍ਰਹਿਣ ਲੱਗਿਆ ਵਿਆ।''

ਨਾਥਾ ਅਮਲੀ ਊਟ ਪਟਾਂਗ ਗੱਲਾਂ ਸੁਣ ਕੇ ਭਾਊ ਨੂੰ ਸੂਈ ਕੁੱਤੀ ਵਾਂਗੂੰ ਪੈ ਗਿਆ ਭੱਜ ਕੇ, ''ਮੈਨੂੰ ਕੀ ਪਤਾ ਬਈ ਕਾਸਨੂੰ ਗਏ ਐ ਓਸ ਬੀਹੀ 'ਚ। ਨਾਲੇ ਨਸ਼ੇ ਪੱਤੇ ਦੇ ਮਾਰੇ ਤਾਂ ਨ੍ਹੀ ਗਏ ਹੋਣੇ, ਖਬਰ੍ਹਾ ਕਿਸੇ ਹੋਰ ਲੜਾਈ ਭੜਾਈ 'ਚ ਆਏ ਹੋਣ। ਤੁਸੀਂ ਹੋਰ ਈ ਜਭਲੀਆਂ ਮਾਰੀ ਜਾਨੇਂ ਐ।''

ਬੁੱਘਰ ਦਖਾਣ ਕਹਿੰਦਾ, ''ਓਸ ਬੀਹੀ 'ਚ ਕਿਹੜਾ ਜੰਮਿਆਂ ਓਏ ਲੜਣ ਨੂੰ ਐਡਾ ਗਾਜੀਆਣੇ ਆਲਾ ਕੁੰਢਾ। ਸਾਰੇ ਬੀਹੀ ਆਲੇ ਤੁਰੇ ਜਾਂਦੇ ਤਾਂ ਇਉਂ ਹਿਲਦੇ ਐ ਜਿਮੇਂ ਮੱਖੀਆਂ ਲੜਦੀਆਂ ਤੋਂ ਕਤੂਰਾ ਡਹਿਕ ਜੀ ਮਾਰ ਮਾਰ ਭੱਜਿਆ ਜਾਂਦਾ ਹੁੰਦੈ। ਕਰ ਲੋ ਬਈ ਗੱਲ ਇਹਦੇ ਨਾਲ ਲੜਾਈ ਦੀ।''

ਸੀਤਾ ਮਰਾਸੀ ਕਹਿੰਦਾ, ''ਪੰਜਾਂ ਘਰਾਂ 'ਚ ਸਣੇ ਮੁੰਡਿਆਂ ਦੇ ਚੌਦਾਂ ਬੰਦੇ, ਬੰਦੇ ਐ। ਚੌਦਾਂ 'ਚੋਂ ਦੋਂਹ ਦੀਆਂ ਤਾਂ ਬਾਂਹਾਂ ਟੁੱਟੀਆਂ ਵੀਐਂ, ਤਿੰਨ ਵਚਾਰੇ ਬਜੁਰਗ ਐ ਜਿਨ੍ਹਾਂ ਤੋਂ ਬਹੁਤਾ ਤੁਰ ਫਿਰ ਮਨ੍ਹੀ ਹੁੰਦਾ। ਦੋ ਜੇਲ੍ਹ 'ਚੈ। ਚਾਰ ਜੁਆਕ ਐ ਛੋਟੇ। ਇੱਕ ਛੜਾ ਛਟਾਂਕ ਐ ਉਹ ਊਂ ਨ੍ਹੀ ਕੰਮ ਕਰਦਾ। ਮੱਛਰਿਆ ਵਿਆ ਕਹਿੰਦਾ ਆਪਾਂ ਕਿਹੜਾ ਨੂੰਹ ਲਿਆਉਣੀ ਐ ਜਾਂ ਧੀ ਤੋਰਨੀ ਐਂ। ਜਿਹੜੇ ਦੋ ਰਹਿ ਗਏ ਉਹ ਊਂ ਡੀ ਟੀ ਚੌਦਾਂ ਟਰੈਗਟ ਆਂਗੂੰ ਤੁਰਨ ਵੇਲੇ ਪੁੱਛ ਕੇ ਪੈਰ ਪੱਟਦੇ ਐ।''

ਰਤਨ ਸਿਉਂ ਸੂਬੇਦਾਰ ਕਹਿੰਦਾ, ''ਇੱਕ ਹੋਰ ਵੀ ਮਸ਼ਾਹੂਰ ਬੰਦਾ ਓਸ ਬੀਹੀ 'ਚ ਰਹਿੰਦੈ।''

ਨਾਥੇ ਅਮਲੀ ਨੇ ਸੂਬੇਦਾਰ ਦੀ ਗੱਲ ਸੁਣ ਕੇ ਸੂਬੇਦਾਰ ਨੂੰ ਪੁੱਛਿਆ, ''ਹੋਰ ਕਿਹੜਾ ਫੌਜੀਆ?''

ਸੂਬੇਦਾਰ ਕਹਿੰਦਾ, ''ਜੱਲਾ ਅਮਲੀ।''

ਜੱਲ੍ਹੇ ਅਮਲੀ ਦਾ ਨਾਂਅ ਸੁਣ ਕੇ ਨਾਥਾ ਅਮਲੀ ਹੱਥ 'ਤੇ ਹੱਥ ਮਾਰ ਕੇ ਹੱਸਿਆ। ਸੂਬੇਦਾਰ ਨੂੰ ਕਹਿੰਦਾ, ''ਉਹ ਵੀ ਸਿਰੇ ਦਾ ਨਖਿੱਧ ਈ ਐ, ਉਹ ਕਿੱਧਰੋਂ ਭਾਲ ਲਿਆ ਤੂੰ ਤਾਮਕੋਟ ਫੌਜੀ ਬਾਬਾ ਬਈ ਢਾਈ ਮਣ ਦਾ ਬਾਲਾ ਕੱਢ ਦਿੰਦਾ। ਮੈਂ ਤਾਂ ਨਾਉਂ ਧਰਾਅ ਕੇ ਅਮਲ ਛੱਡ ਈ ਦਿੱਤੈ, ਉਹ ਤਾਂ ਪਤੰਦਰ ਹੁਣ ਵੀ ਵੱਡੇ ਔਲ਼ੇ ਜਿੰਨੀ ਖਾ ਜਾਂਦਾ ਆਥਣ ਨੂੰ। ਸਮਝ ਸੁਮਝ ਵੀ ਘੱਟ ਈ ਐ ਉਹਨੂੰ।''

ਬਾਬਾ ਮੁਕੰਦ ਸਿਉਂ ਕਹਿੰਦਾ, ''ਕਿਉਂ ਅਮਲੀਆ! ਕਹਿੰਦੇ ਜੱਲ੍ਹਾ ਜੰਗਲ ਪਾਣੀ ਜਾਣ ਲਈ ਬੜੇ ਗੇੜੇ ਲਾਉਂਦਾ ਨਿਆਈਆਂ ਦੇ।''

ਅਮਲੀ ਕਹਿੰਦਾ, ''ਹੁਣ ਛੱਡ ਗਿਆ ਬਾਬਾ ਗੇੜੇ ਲਾਉਣੇ।''

ਮਾਹਲੇ ਨੰਬਰਦਾਰ ਨੇ ਪੁੱਛਿਆ, ''ਹੁਣ ਕਿਮੇਂ ਛੱਡ ਗਿਆ ਬਈ?''

ਅਮਲੀ ਕਹਿੰਦਾ, ''ਹੁਣ ਜੰਗਲ ਪਾਣੀ ਜਾਣ ਵੇਲੇ ਬੋਤਲ 'ਚ ਪਾਣੀ ਲੈ ਕੇ ਜਾਂਦਾ। ਅੱਗੇ ਡੱਬੇ 'ਚ ਲਜਾਂਦਾ ਸੀ।''

ਬਾਬੇ ਮੁਕੰਦ ਸਿਉਂ ਨੇ ਪੁੱਛਿਆ, ''ਅਸੀਂ ਨ੍ਹੀ ਸਮਝੇ ਅਮਲੀਆ ਤੇਰੀ ਗੱਲ।''

ਅਮਲੀ ਕਹਿੰਦਾ, ''ਲੈ ਸੁਣ ਲਾ ਫਿਰ ਜੱਲ੍ਹੇ ਅਮਲੀ ਦੀ ਵੀ। ਜੱਲ੍ਹਾ ਅਮਲੀ ਬਾਹਰ ਖੇਤਾਂ 'ਚ ਜੰਗਲ ਪਾਣੀ ਜਾਣ ਵੇਲੇ ਪਹਿਲਾਂ ਸਰਪੇਅ ਆਲੇ ਪਲਕਾਸਕਟ ਦੇ ਲੀਟਰ ਜੇ 'ਚ ਪਾਣੀ ਲਜਾਂਦਾ ਹੁੰਦਾ ਸੀ। ਉਹਦੀ ਬੇ-ਅਕਲੀ ਦੀ ਗੱਲ ਦੱਸਦਾਂ ਬਾਬਾ ਸੋਨੂੰ। ਉਹ ਲੀਟਰ 'ਤੇ ਕਿਤੇ ਪੱਠਿਆਂ ਆਲੀ ਬਲਦ ਗੱਡੀ ਚੜ੍ਹ ਗੀ ਤੇ ਉਹ ਟੁੱਟ ਗਿਆ। ਤੂੰ ਬਾਬਾ ਕਹਿੰਦਾ ਸੀ ਨਾਹ ਬਈ ਜੰਗਲ ਪਾਣੀ ਜਾਣ ਵੇਲੇ ਗੇੜੇ ਬਾਹਲੇ ਮਾਰਦੈ, ਉਹ ਦੱਸਦਾਂ ਤੈਨੂੰ। ਜਦੋਂ ਪਹਿਲਾ ਲੀਟਰ ਟੁੱਟ ਗਿਆ ਤਾਂ ਉਹਨੂੰ ਘਰੋਂ ਇੱਕ ਟੀਨ ਜੀ ਦਾ ਡੱਬਾ ਥਿਆਹ ਗਿਆ। ਜਦੋਂ ਜੱਲ੍ਹਾ ਉਹ ਡੱਬਾ ਪਾਣੀ ਨਾਲ ਭਰ ਕੇ ਜੰਗਲ ਪਾਣੀ ਗਿਆ। ਕੁਸ ਤਾਂ ਡੱਬੇ 'ਚੋਂ ਜਾਂਦੇ, ਜਾਂਦੇ 'ਚੋਂ ਈਂ ਪਾਣੀ ਚੋਅ ਗਿਆ। ਕੁਸ ਓੱਥੇ ਬੈਠੇ ਤੋਂ ਚੋਅ ਗਿਆ। ਜੱਲ੍ਹਾ ਕੀ ਕਰਿਆ ਕਰੇ। ਜੰਗਲ ਪਾਣੀ ਜਾ ਆਇਆ ਕਰੇ, ਪਾਣੀ ਘਰੇ ਆ ਕੇ ਘਰੋਂ ਵਰਤਿਆ ਕਰੇ ਕਿਉਂਕਿ ਡੱਬੇ 'ਚੋਂ ਤਾਂ ਪਾਣੀ ਪਹਿਲਾਂ ਈਂ ਚੋਅ ਜਿਆ ਕਰੇ।

ਦੋ ਚਾਰ ਵਾਰੀ ਜੱਲ੍ਹੇ ਨਾਲ ਇਉਂ ਈਂ ਹੋਈ। ਜੰਗਲ ਪਾਣੀ ਜਾਣ ਪਿੱਛੋਂ ਪਾਣੀ ਦੀ ਵਰਤੋਂ ਵੇਲੇ ਨੂੰ ਡੱਬਾ ਚੋਅ ਜਿਆ ਕਰੇ। ਪਾਣੀ ਦੀ ਵਰਤੋਂ ਘਰੇ ਆ ਕੇ ਕਰਿਆ ਕਰੇ। ਇੱਕ ਦਿਨ ਜੱਲ੍ਹੇ ਨੇ ਸੋਚਿਆ ਬਈ ਜੰਗਲ ਪਾਣੀ ਜਾਣ ਵੇਲੇ ਜਦੋਂ ਨੂੰ ਪਾਣੀ ਦੀ ਲੋੜ ਪੈਂਦੀ ਐ, ਉਦੋਂ ਨੂੰ ਪਾਣੀ ਮੁੱਕ ਜਾਂਦਾ। ਜੱਲ੍ਹੇ ਕਮਲੇ ਨੇ ਕੀ ਕੀਤਾ ਬਾਬਾ, ਡੱਬਾ ਭਰਿਆ ਪਾਣੀ ਦਾ, ਖੇਤਾਂ 'ਚ ਜਾਣ ਸਾਰ ਜੰਗਲ ਪਾਣੀ ਤੋਂ ਪਹਿਲਾਂ ਪਾਣੀ ਵਰਤ ਲਿਆ ਬਈ ਜਦੋਂ ਨੂੰ ਪਾਣੀ ਦੀ ਲੋੜ ਪੈਂਦੀ ਐ, ਪਾਣੀ ਚੋਅ ਜਾਂਦਾ, ਹੁਣ ਪਹਿਲਾਂ ਈ ਪਾਣੀ ਦਾ ਈ ਕੰਮ ਨਬੇੜ। ਆਹ ਅਕਲ ਬਾਬਾ ਜੱਲ੍ਹੇ ਨੂੰ। ਜੰਗਲ ਪਾਣੀ ਤੋਂ ਪਹਿਲਾਂ ਈ ਡੱਬੇ ਆਲਾ ਪਾਣੀ ਵਰਤ ਕੇ ਬਹਿ ਗਿਆ ਪਤੰਦਰ। ਫੇਰ ਘਰੇ ਜਾ ਕੇ ਵਰਤਿਆ।''


ਸੀਤਾ ਮਰਾਸੀ ਕਹਿੰਦਾ, ''ਡੱਬੇ ਦਾ ਤਾਂ ਨ੍ਹੀ ਖਹਿੜਾ ਛੱਡਿਆ ਜੱਲ੍ਹੇ ਨੇ।''

ਨਾਥੇ ਅਮਲੀ ਤੋਂ ਜੱਲ੍ਹੇ ਦੀ ਗੱਲ ਸੁਣ ਕੇ ਸਾਰੀ ਸੱਥ ਉੱਚੀ ਉੱਚੀ ਹੱਸਣ ਲੱਗ ਪਈ। ਬਾਬਾ ਮੁਕੰਦ ਸਿਉਂ ਹੱਸਦਾ ਹੱਸਦਾ ਕਹਿੰਦਾ, ''ਚੱਲੋ ਓਏ ਘਰ ਨੂੰ ਚੱਲੀਏ, ਇਹ ਅਮਲੀ ਤਾਂ ਹੋਰ ਈ ਕਹਾਣੀ ਛੇੜ ਕੇ ਬਹਿ ਗਿਆ।''

ਪ੍ਰਤਾਪਾ ਭਾਊ ਨਾਥੇ ਅਮਲੀ ਨੂੰ ਕਹਿੰਦਾ, ''ਅਮਲੀਆ ਜਦੋਂ ਤੂੰ ਵੀ ਰੀਠੇ ਜਿੰਨੀ ਖਾਂਦਾ ਹੁੰਦਾ ਸੀ, ਤੇਰੇ ਨਾਲ ਵੀ ਕਦੇ ਇਹੋ ਜੀ ਗੱਲ ਹੋਈ ਸੀ ਕੁ ਨਹੀਂ?''

ਬਾਬਾ ਮੁਕੰਦ ਸਿਉਂ ਪ੍ਰਤਾਪੇ ਭਾਊ ਦੀ ਗੱਲ ਸੁਣ ਕੇ ਭਾਊ ਨੂੰ ਘੂਰਦਾ ਬੋਲਿਆ, ''ਚੁੱਪ ਨ੍ਹੀ ਕਰਦਾ ਭਾਊ, ਚੱਲੋ ਉੱਠੋ ਘਰਾਂ ਨੂੰ ਤੁਰੋ। ਪਤੰਦਰ ਹੋਰ ਈ ਕੁਸ ਛੇੜ ਕੇ ਬਹਿ ਗੇ।''

ਬਾਬੇ ਦਾ ਦੱਬਕਾ ਸੁਣ ਕੇ ਸੱਥ ਵਾਲੇ ਸਾਰੇ ਜੱਲ੍ਹੇ ਦੀ ਗੱਲ ਤੋਂ ਹੱਸਦੇ ਹੱਸਦੇ ਆਪੋ ਆਪਣੇ ਘਰਾਂ ਨੂੰ ਤੁਰ ਗਏ।



# ਦੇਸੀ ਤੜਕਾ

## ਦਾਲ ਬੜਾ



ਸਮੱਗਰੀ

- ਇਕ ਕੱਪ ਉੜਦ ਦੀ ਦਾਲ
- 2-3 ਹਰੀਆਂ ਮਿਰਚਾਂ ਬਰੀਕ ਕੱਟੀਆਂ ਹੋਈਆਂ
- 3 ਚਮਚ ਬਰੀਕ ਕੱਟਿਆ ਹਰਾ ਧਨੀਆ
- ਥੋੜ੍ਹਾ ਜਿਹਾ ਬਰੀਕ ਚੀਰਿਆ ਹੋਇਆ ਅਦਰਕ
- ਨਮਕ-ਮਿਰਚ ਸਵਾਦ ਅਨੁਸਾਰ
- ਅੱਧਾ ਚਮਚ ਗਰਮ ਮਸਾਲਾ
- ਤਲਣ ਲਈ ਤੇਲ

**ਵਿਧੀ :** ਉੜਦ ਦੀ ਦਾਲ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋ ਕੇ 2 ਘੰਟੇ ਲਈ ਪਾਣੀ ਵਿਚ ਭਿਉਂ ਦਿਓ। ਦੋ ਘੰਟੇ ਬਾਅਦ ਇਸ ਨੂੰ ਪਾਣੀ ਨਾਲੋਂ ਅਲੱਗ ਕਰ ਲਓ ਅਤੇ ਮਿਕਸੀ ਵਿਚ ਬਰੀਕ ਪੀਸ ਕੇ ਪੇਸਟ ਬਣਾ ਲਓ। ਹੁਣ ਇਸ ਪੇਸਟ ਵਿਚ ਨਮਕ, ਮਿਰਚ, ਧਨੀਆ, ਅਦਰਕ ਮਿਲਾ ਲਓ। ਥੋੜ੍ਹਾ ਜਿਹਾ ਗਰਮ ਮਸਾਲਾ ਪਾ ਦਿਓ। ਹੁਣ ਅੱਗ 'ਤੇ ਕੜਾਹੀ ਰੱਖੋ ਅਤੇ ਤੇਲ ਗਰਮ ਕਰੋ। ਹੁਣ ਤਿਆਰ ਪੇਸਟ ਦੇ ਗੋਲੇ ਬਣਾ ਕੇ ਪਕੌੜੇ ਤਲੋ ਅਤੇ ਸੁਨਹਿਰਾ ਹੋਣ 'ਤੇ ਇਨ੍ਹਾਂ ਨੂੰ ਪਲੇਟ ਵਿਚ ਕੱਢ ਕੇ ਚਟਣੀ ਨਾਲ ਗਰਮ-ਗਰਮ ਪਰੋਸੋ।

## ਮਟਰ ਦੀ ਕਚੌਰੀ



ਸਮੱਗਰੀ

| | |
|---|---|
| ਇਕ ਪਾਈਆ ਮਟਰ | ਇਕ ਨਿੰਬੂ |
| ਅਦਰਕ (ਛੋਟੀ ਬਰੀਕ ਚੀਰੀ) | 1 ਚਮਚ ਗਰਮ ਮਸਾਲਾ |
| 150-200 ਗ੍ਰਾਮ ਮੈਦਾ | 125 ਗ੍ਰਾਮ ਆਟਾ |
| 1 ਚਮਚ ਜੀਰਾ | ਘਿਓ ਜਾਂ ਤੇਲ |
| ਸਵਾਦ ਅਨੁਸਾਰ ਨਮਕ ਅਤੇ ਲਾਲ ਮਿਰਚ | |
| ਥੋੜ੍ਹਾ ਜਿਹਾ ਧਨੀਆ (ਬਰੀਕ ਕੱਟਿਆ) | |
| 2-3 ਬਰੀਕ ਕੱਟੀਆਂ ਹਰੀਆਂ ਮਿਰਚਾਂ | |

**ਵਿਧੀ :** ਮੈਦੇ ਅਤੇ ਆਟੇ ਨੂੰ ਮਿਲਾ ਕੇ ਘਿਓ ਵਿਚ ਗੁੰਨ੍ਹ ਲਓ। ਲੋੜ ਅਨੁਸਾਰ ਪਾਣੀ ਮਿਲਾ ਲਓ। ਮਿਸ਼ਰਣ ਅਜਿਹਾ ਗੁੰਨ੍ਹੋ ਕਿ ਨਾ ਤਾਂ ਬਹੁਤ ਸਖਤ ਰਹੇ ਅਤੇ ਨਾ ਹੀ ਢਿੱਲਾ। ਜੀਰਾ ਅਤੇ ਅਦਰਕ ਭੁੰਨੋ ਅਤੇ ਮਟਰ ਪਾ ਦਿਓ। ਫਿਰ ਨਮਕ ਅਤੇ ਮਿਰਚ ਵੀ ਪਾ ਲਓ।ਕੜਾਹੀ ਵਿਚ ਥੋੜ੍ਹਾ ਪਾਣੀ ਪਾ ਕੇ ਢਕ ਦਿਓ। ਮਟਰ ਗਲ ਜਾਣ 'ਤੇ ਕੜਾਹੀ ਅੱਗ ਤੋਂ ਉਤਾਰ ਲਓ। ਮਟਰ ਨੂੰ ਪੀਸ ਲਓ ਅਤੇ ਉਸ ਵਿਚ ਕਤਰਿਆ ਧਨੀਆ ਅਤੇ ਹਰੀ ਮਿਰਚ ਪਾਓ। ਗਰਮ ਮਸਾਲਾ ਅਤੇ ਨਿੰਬੂ ਵੀ ਮਟਰਾਂ ਵਿਚ ਪਾਓ। ਹੁਣ ਗੁੰਨ੍ਹੇ ਹੋਏ ਆਟੇ ਅਤੇ ਮੈਦੇ ਦੇ ਮਿਸ਼ਰਣ ਦੀ ਲੋਈ ਬਣਾ ਕੇ ਮਟਰ ਮਸਾਲਾ ਇਸ ਵਿਚ ਭਰੋ। ਹੁਣ ਕੜਾਹੀ ਵਿਚ ਤੇਲ ਗਰਮ ਕਰੋ ਅਤੇ ਇਸ ਵਿਚ ਇਹ ਖਸਤਾ ਕਚੌਰੀਆਂ ਤਲੋ। ਹਲਕਾ ਸੁਨਹਿਰਾ ਹੋਣ 'ਤੇ ਇਨ੍ਹਾਂ ਨੂੰ ਕੜਾਹੀ ਵਿਚੋਂ ਕੱਢ ਕੇ ਚਟਣੀ ਨਾਲ ਪਰੋਸੋ।

## ਕੁਰਕੁਰੇ ਸੈਂਡਵਿਚ



ਸਮੱਗਰੀ

- 4 ਬ੍ਰੈੱਡ ਸਲਾਈਸ (ਦੋ ਸੈਂਡਵਿਚ)
- 1 ਟਮਾਟਰ ਅਤੇ 1 ਪਿਆਜ਼ ਪਤਲੇ ਕੱਟੇ ਹੋਏ
- 1 ਖੀਰਾ (ਗੋਲ ਆਕਾਰ ਵਿਚ ਕੱਟਿਆ ਹੋਇਆ ਸਲਾਈਸ)
- ਟੋਮੈਟੋ ਸਾਸ
- ਪੁਦੀਨੇ ਦੀ ਚਟਣੀ
- ਚੀਜ਼ ਜਾਂ ਮੱਖਣ।

**ਵਿਧੀ :** ਬ੍ਰੈੱਡ ਸਲਾਈਸ ਨੂੰ ਟੋਸਟਰ ਵਿਚ ਕ੍ਰਿਸਪ ਕਰ ਲਓ। ਹੁਣ 2 ਬ੍ਰੈੱਡ ਸਲਾਈਸ ਨੂੰ ਤਿਕੋਣ ਆਕਾਰ ਵਿਚ ਕੱਟ ਲਓ। ਹੁਣ ਇਕ ਸਲਾਈਸ 'ਤੇ ਟੋਮੈਟੋ ਸਾਸ ਅਤੇ ਇਕ ਸਲਾਈਸ 'ਤੇ ਪੁਦੀਨੇ ਦੀ ਚਟਣੀ ਰੱਖੋ। ਬਾਕੀ ਬਚੇ ਸਲਾਈਸ 'ਤੇ ਚੀਜ਼ ਜਾਂ ਮੱਖਣ ਲਗਾਓ। ਹੁਣ ਸਭ ਤੋਂ ਪਹਿਲਾਂ ਮੱਖਣ ਲੱਗਿਆ ਸਲਾਈਸ ਲਓ ਅਤੇ ਇਸ 'ਤੇ ਟਮਾਟਰ ਦੇ ਸਲਾਈਸ ਰੱਖੋ। ਫਿਰ ਇਸ ਦੇ ਉੱਪਰ ਪੁਦੀਨੇ ਦੀ ਚਟਣੀ ਲੱਗਿਆ ਸਲਾਈਸ ਰੱਖੋ ਅਤੇ ਪਿਆਜ਼ ਦੇ ਟੁਕੜੇ ਰੱਖੋ। ਫਿਰ ਇਨ੍ਹਾਂ ਦੇ ਉੱਪਰ ਟੋਮੈਟੋ ਸਾਸ ਲੱਗਿਆ ਸਲਾਈਸ ਰੱਖੋ ਅਤੇ ਖੀਰੇ ਦੇ ਟੁਕੜੇ ਰੱਖੋ। ਆਖਰ ਵਿਚ ਮੱਖਣ ਲੱਗਿਆ ਸਲਾਈ ਰੱਖ ਦਿਓ। ਸੈਂਡਵਿਚ ਟੁੱਟਣ ਨਾ। ਇਸ ਲਈ ਇਨ੍ਹਾਂ ਨੂੰ ਹਲਕੇ ਹੱਥਾਂ ਨਾਲ ਦਬਾਓ ਅਤੇ ਸੈਂਡਵਿਚ ਪੇਪਰ ਨਾਲ ਲਪੇਟੋ।

# ਤਕਨਾਲੋਜੀ ਟਾਈਮਜ਼

## ਆਈਫੋਨ 16 ਸੀਰੀਜ਼ ਹੋਈ ਲਾਂਚ

ਐਪਲ ਨੇ ਆਪਣੇ ਮੈਗਾ ਈਵੈਂਟ ਵਿੱਚ ਆਈਫੋਨ 16 ਸੀਰੀਜ਼ ਦੇ ਤਹਿਤ ਚਾਰ ਨਵੇਂ ਆਈਫੋਨ ਲਾਂਚ ਕੀਤੇ ਹਨ, ਜਿਨ੍ਹਾਂ ਵਿੱਚ ਆਈਫੋਨ 16, ਆਈਫੋਨ 16 ਪਲੱਸ, ਆਈਫੋਨ 16 ਪ੍ਰੋ ਤੇ ਆਈਫੋਨ 16 ਪ੍ਰੋ ਮੈਕਸ ਸ਼ਾਮਲ ਹਨ। ਪਹਿਲੀ ਵਾਰ ਆਈਫੋਨ 16 ਸੀਰੀਜ਼ ਦੇ ਨਾਲ ਐਕਸ਼ਨ ਬਟਨ ਦਿੱਤਾ ਗਿਆ ਹੈ, ਜੋ ਕਿ ਆਈਫੋਨ 15 ਸੀਰੀਜ਼ ਦੇ ਪ੍ਰੋ ਮਾਡਲ 'ਚ ਸੀ।

iPhone 16 Pro ਦੀ ਕੀਮਤ 128GB ਵੇਰੀਐਂਟ ਲਈ $999 ਤੋਂ ਸ਼ੁਰੂ ਹੁੰਦੀ ਹੈ, ਜਦੋਂ ਕਿ iPhone 16 Pro Max ਦੀ ਕੀਮਤ 256GB ਵੇਰੀਐਂਟ ਲਈ $1,199 ਤੋਂ ਸ਼ੁਰੂ ਹੁੰਦੀ ਹੈ। ਗਾਹਕ ਇਨ੍ਹਾਂ ਫੋਨਾਂ ਨੂੰ 512GB ਅਤੇ 1TB ਸਟੋਰੇਜ ਮਾਡਲਾਂ 'ਚ ਵੀ ਖਰੀਦ ਸਕਦੇ ਹਨ। ਦੋਵੇਂ ਫੋਨ ਡੇਜ਼ਰਟ ਟਾਈਟੇਨੀਅਮ, ਨੈਚੁਰਲ ਟਾਈਟੇਨੀਅਮ, ਵਾਈਟ ਟਾਈਟੇਨੀਅਮ ਅਤੇ ਬਲੈਕ ਟਾਈਟੇਨੀਅਮ ਰੰਗਾਂ 'ਚ ਖਰੀਦੇ ਜਾ ਸਕਦੇ ਹਨ। ਐਪਲ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ ਲਈ ਪ੍ਰੀ-ਆਰਡਰ 13 ਸਤੰਬਰ ਤੋਂ ਸ਼ੁਰੂ ਹੋਣਗੇ ਅਤੇ ਫੋਨ 20 ਸਤੰਬਰ ਤੋਂ ਐਪਲ ਦੀ ਵੈੱਬਸਾਈਟ ਅਤੇ ਅਧਿਕਾਰਤ ਰਿਟੇਲਰਾਂ ਦੁਆਰਾ ਖਰੀਦ ਲਈ ਉਪਲਬਧ ਹੋਣਗੇ।

ਆਈਫੋਨ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ ਬਲੈਕ ਟਾਈਟੇਨੀਅਮ, ਨੈਚੁਰਲ ਟਾਈਟੇਨੀਅਮ, ਵ੍ਹਾਈਟ ਟਾਈਟੇਨੀਅਮ ਅਤੇ ਡੇਜ਼ਰਟ ਟਾਈਟੇਨੀਅਮ ਰੰਗਾਂ ਵਿੱਚ ਉਪਲਬਧ ਹੋਣਗੇ। ਇਹ ਫੋਨ 128GB, 256GB, 512GB, ਅਤੇ 1TB ਸਟੋਰੇਜ ਵਿਕਲਪਾਂ ਵਿੱਚ ਆਉਣਗੇ। ਭਾਰਤੀ ਬਾਜ਼ਾਰ 'ਚ ਆਈਫੋਨ 16 ਪ੍ਰੋ ਦੀ ਸ਼ੁਰੂਆਤੀ ਕੀਮਤ 1,19,900 ਰੁਪਏ ਹੋਵੇਗੀ।



ਆਈਫੋਨ 16 ਪ੍ਰੋ, ਆਈਫੋਨ 16 ਪ੍ਰੋ ਮੈਕਸ ਦੇ ਫੀਚਰਜ਼ ਆਈਫੋਨ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ ਡਿਊਲ ਸਿਮ ਨੂੰ ਸਪੋਰਟ ਕਰਦੇ ਹਨ। ਦੋਵਾਂ ਵਿੱਚ iOS 18 ਅਤੇ ਇੱਕ 3nm A18 ਪ੍ਰੋ ਚਿੱਪ ਹੈ। ਦੋਵੇਂ ਫੋਨ iOS 18.1 ਦੇ ਰੋਲਆਊਟ ਤੋਂ ਬਾਅਦ ਐਪਲ ਇੰਟੈਲੀਜੈਂਸ ਫੀਚਰਸ ਨੂੰ ਸਪੋਰਟ ਕਰਨਗੇ।

ਐਪਲ ਦੇ ਆਈਫੋਨ 16 ਪ੍ਰੋ ਅਤੇ ਆਈਫੋਨ 16 ਪ੍ਰੋ ਮੈਕਸ ਵਿੱਚ ਕ੍ਰਮਵਾਰ 6.3-ਇੰਚ ਅਤੇ 6.9-ਇੰਚ ਸੁਪਰ ਰੈਟੀਨਾ XDR OLED ਡਿਸਪਲੇਅ ਹਨ, ਇੱਕ 120Hz ਰਿਫਰੈਸ਼ ਰੇਟ (ਪ੍ਰੋਮੋਸ਼ਨ), 2,000 ਨਿਟਸ ਪੀਕ ਬ੍ਰਾਈਟਨੈੱਸ, ਅਤੇ ਐਪਲ ਦੀ ਸਿਰੇਮਿਕ ਸ਼ੀਲਡ ਸਕਿਉਰਿਟੀ ਦੇ ਨਾਲ।

ਦੋਵੇਂ ਆਈਫੋਨ 16 ਪ੍ਰੋ ਮਾਡਲਾਂ ਵਿੱਚ ਇੱਕ ਟ੍ਰਿਪਲ ਰੀਅਰ ਕੈਮਰਾ ਸੈੱਟਅਪ ਹੈ, ਜਿਸ ਵਿੱਚ ਇੱਕ 48-ਮੈਗਾਪਿਕਸਲ ਦਾ ਵਾਈਡ ਪ੍ਰਾਇਮਰੀ ਕੈਮਰਾ (f/1.78 Aprcr), ਇੱਕ 12-ਮੈਗਾਪਿਕਸਲ ਦਾ ਅਲਟਰਾ-ਵਾਈਡ-ਐਂਗਲ ਕੈਮਰਾ (ਡ/2.2 ਅਪਰਚਰ), ਅਤੇ ਇੱਕ 12-ਮੈਗਾਪਿਕਸਲ ਦਾ ਟੈਲੀਫੋਟੋ ਕੈਮਰਾ (ਡ/2.8 ਅਪਰਚਰ) ਵੀ ਸ਼ਾਮਲ ਹੈ।

ਇਸ 'ਚ 'ਟੈਟਰਾਪ੍ਰਿਜ਼ਮ' ਪੈਰੀਸਕੋਪ ਲੈਂਸ ਹੈ, ਜੋ 5ਣ ਆਪਟੀਕਲ ਜ਼ੂਮ ਦਿੰਦਾ ਹੈ। ਫਰੰਟ 'ਤੇ, 12-ਮੈਗਾਪਿਕਸਲ ਦਾ TrueDepth ਕੈਮਰਾ (f/1.9 Aprcr) ਹੈ, ਜੋ ਵੀਡੀਓ ਕਾਲਾਂ ਅਤੇ ਸੈਲਫੀ ਲਈ ਹੈ। ਇਹ ਫੋਨ 4K 120fps ਰਿਕਾਰਡਿੰਗ ਨੂੰ ਵੀ ਸਪੋਰਟ ਕਰਦੇ ਹਨ। ਨਵੀਂ ਸੀਰੀਜ਼ ਦੇ ਲਾਂਚ ਹੋਣ ਦੇ ਨਾਲ ਹੀ ਕੰਪਨੀ ਨੇ ਕੁਝ ਪੁਰਾਣੇ ਫੋਨਾਂ ਨੂੰ ਡਿਸਕੰਟੀਨਿਊ ਕਰ ਦਿੱਤਾ ਹੈ। ਇਸ ਲਿਸਟ 'ਚ ਪ੍ਰੋ ਅਤੇ ਸਟੈਂਡਰਡ ਦੋਵੇਂ ਹੀ ਵੇਰੀਐਂਟ ਸ਼ਾਮਲ ਹਨ।

ਕੰਪਨੀ ਹਰ ਸਾਲ ਨਵੇਂ ਫੋਨ ਲਾਂਚ ਕਰਨ ਦੇ ਨਾਲ ਹੀ ਕੁਝ ਪੁਰਾਣੇ ਮਾਡਲਾਂ ਨੂੰ ਡਿਸਕੰਟੀਨਿਊ ਕਰ ਦਿੰਦੀ ਹੈ। ਇਸ ਵਾਰ ਕੰਪਨੀ ਨੇ i Phone 13,i Phone 15 Pro Aqyi Phone 15 Pro Max ਨੂੰ ਡਿਸਕੰਟੀਨਿਊ ਕੀਤਾ ਹੈ।

## ਵਿਸ਼ਵ ਦਾ ਪਹਿਲਾ ਟ੍ਰਿਪਲ ਫੋਲਡ ਫੋਨ ਹੁਣ ਤਕ ਦੀ ਸਭ ਤੋਂ ਵੱਡੀ ਡਿਸਪਲੇਅ ਨਾਲ ਲਾਂਚ



ਦੁਨੀਆ ਦਾ ਮਸ਼ਹੂਰ ਫੋਨ ਨਿਰਮਾਤਾ ਕੰਪਨੀ ਹੁਵਾਵੇਈ ਨੇ ਵਿਸ਼ਵ ਦਾ ਪਹਿਲਾ ਟ੍ਰਿਪਲ ਫੋਲਡ ਫੋਨ ਲਾਂਚ ਕਰ ਦਿੱਤਾ ਹੈ। ਇਥੇ ਇਕ ਗੱਲ ਜੋ ਖਾਸ ਹੈ ਕਿ ਹੁਵਾਵੇਈ ਨੇ ਐਪਲ ਈਵੈਂਟ ਦੇ ਅਗਲੇ ਦਿਨ ਆਪਣਾ ਫੋਨ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਲੰਬੇ ਸਮੇਂ ਤੋਂ ਕੀਤਾ ਜਾ ਰਿਹਾ ਇੰਤਜ਼ਾਰ ਵੀ ਖਤਮ ਹੋ ਗਿਆ ਹੈ। ਕੰਪਨੀ ਨੇ ਇਸ ਟ੍ਰਾਈ ਫੋਲਡ ਫੋਨ 'ਚ 10.2 ਇੰਚ ਦੀ ਸਕਰੀਨ ਦਿੱਤੀ ਹੈ। ਕੰਪਨੀ ਨੇ ਦਾਅਵਾ ਕੀਤਾ ਹੈ ਕਿ ਇਸ ਫੋਨ 'ਚ ਹੁਣ ਤਕ ਦੀ ਸਭ ਤੋਂ ਵੱਡੀ ਸਕਰੀਨ ਦਿੱਤੀ ਗਈ ਹੈ। ਹੁਵਾਵੇਈ ਦੇ ਅਨੁਸਾਰ, ਇਸ ਫੋਨ ਨੂੰ ਕਈ ਦਿਸ਼ਾਵਾਂ 'ਚ ਘੁਮਾਇਆ ਜਾ ਸਕਦਾ ਹੈ ਅਤੇ ਨਾਲ ਹੀ ਇਸ ਦੀ ਡਿਸਪਲੇਅ ਨੂੰ ਬਹੁਤ ਜਆਿਦਾ ਫਲੈਕਸੀਬਲ ਬਣਾਇਆ ਗਿਆ ਹੈ। ਇਸ ਟ੍ਰਾਈ ਫੋਲਡ ਫੋਨ ਦੀ ਕੀਮਤ 2,35,900 ਰੁਪਏ ਦੇ ਕਰੀਬ ਰੱਖੀ ਗਈ ਹੈ। ਇਸ ਵਿਚ 16 ਜੀ.ਬੀ. ਰੈਮ ਅਤੇ 256 ਜੀ.ਬੀ. ਦੀ ਸਟੋਰੇਜ ਹੈ। ਉਥੇ ਹੀ 512 ਜੀ.ਬੀ. ਅਤੇ 1 ਟੀ.ਬੀ. ਸਟੋਰੇਜ ਵਾਲੇ ਮਾਡਲਾਂ ਦੀ ਕੀਮਤ 2,59,500 ਰੁਪਏ ਅਤੇ 2,83,100 ਰੁਪਏ ਰੱਖੀ ਗਈ ਹੈ। ਇਸ ਫੋਨ ਦੀ ਸੇਲ ਚੀਨ 'ਚ 20 ਸਤੰਬਰ ਤੋਂ ਸ਼ੁਰੂ ਹੋਵੇਗੀ। ਕੰਪਨੀ ਨੇ ਇਸ ਫੋਨ ਨੂੰ ਡਾਰਕ ਬਲੈਕ ਅਤੇ ਰੂਈ ਰੈੱਡ ਰੰਗਾਂ 'ਚ ਲਾਂਚ ਕੀਤਾ ਹੈ। ਹੁਵਾਵੇਈ ਦੇ ਨਵੇਂ ਟ੍ਰਾਈ ਫੋਲਡ ਫੋਨ 'ਚ ਕਈ ਸ਼ਾਨਦਾਰ ਫੀਚਰਜ਼ ਦਿੱਤੀ ਗਏ ਹਨ। ਫੋਨ 'ਚ ਓ.ਐੱਲ.ਈ.ਡੀ. ਸਕਰੀਨ ਦੇ ਨਾਲ ਅਲਟੀਮੇਟ ਡਿਜ਼ਾਈਨ ਦੇਖਣ ਨੂੰ ਮਿਲਦਾ ਹੈ। ਇਸ ਦਮਦਾਰ ਫੋਨ 'ਚ ਹਾਰਮਨੀ ਓ.ਐੱਸ. 4.2 ਆਊਟ ਆਫ ਦਿ ਬਾਕਸ ਦਿੱਤਾ ਗਿਆ ਹੈ। ਫੋਨ ਨੂੰ ਇਕ ਵਾਰ ਫੋਲਡ ਕਰਕੇ ਇਸਤੇਮਾਲ ਕਰਨ 'ਤੇ 6.4 ਇੰਚ ਦੀ ਸਕਰੀਨ ਰਹਿ ਜਾਂਦੀ ਹੈ। ਉਥੇ ਹੀ ਦੋ ਵਾਰ ਫੋਲਡ ਕਰਨ ਤੋਂ ਬਾਅਦ ਇਸ ਦੀ ਸਕਰੀਨ 7.9 ਇੰਚ ਦੀ ਹੋ ਜਾਂਦੀ ਹੈ। ਕੰਪਨੀ ਨੇ ਦਾਅਵਾ ਕੀਤਾ ਹੈ ਕਿ ਇਸ ਫੋਨ 'ਚ ਕਾਫੀ ਬਿਹਤਰ ਪਰਫਾਰਮੈਂਸ ਮਿਲੇਗੀ।

# ਕਾਵਿ ਕਿਆਰੀ

## ਅੱਜ ਕੱਲ੍ਹ ਦੇ ਕਲਾਕਾਰ

ਅੱਜ ਕੱਲ੍ਹ ਦੇ ਕਲਾਕਾਰ ਯਾਰੋ
ਨਾ ਜਾਣੇ ਕਿਹੜੇ ਰਾਗ ਹੈ ਗਾਈ ਜਾਂਦੇ ॥
ਸੁਰ-ਤਾਲ ਨਾ ਜਾਣੇ ਕੋਈ
ਤੂਤੀ ਆਪਣੀ ਸਭ ਵਜਾਈ ਜਾਂਦੇ ॥
ਗਲਾ ਫਾੜ-ਫਾੜ ਸਭ ਮਾਰਨ ਚੀਕਾਂ
ਕਾਂ ਕਾਵਾਂ ਰੌਲੀ ਜਿਵੇਂ ਪਾਈ ਜਾਂਦੇ ॥
ਪਾ ਛਾਪਾਂ ਛੱਲੇ ਲਾ ਕਾਲੀ ਐਨਕ
ਨਾਂ ਮੋਟੇ-ਮੋਟੇ ਅੱਖਰਾਂ 'ਚ ਲਖਾਈ ਜਾਂਦੇ ॥
ਕੱਲ੍ਹ ਤੱਕ ਕਵਿਤਾ ਨਾ ਪੜ੍ਹੀ ਜਿਨ੍ਹੇ
ਅੱਜ ਉਹ ਵੀ ਗੀਤ ਹੈ ਗਾਈ ਜਾਂਦੇ ॥
ਗੀਤ ਪੰਜਾਬੀ ਤੇ ਵਿਚ ਰੈਪ ਹਿੰਦੀ
ਕਿਤੇ ਅੰਗਰੇਜ਼ੀ ਵੀ ਚਲਾਈ ਜਾਂਦੇ ॥
ਗੱਲ ਵਿਰਸੇ ਦੀ ਅੱਜ ਨਾ ਕਰੇ ਕੋਈ
ਮਿਲਾਵਟੀ ਖਿੱਚੜੀ ਸਭ ਪਕਾਈ ਜਾਂਦੇ ॥
ਪੰਜਾਬੀ ਗੀਤਾਂ ਤੇ ਨੱਚਾਉਂਦੇ ਗੋਰਿਆਂ ਨੂੰ
ਗੱਲ ਪੰਜਾਬ ਦੀ ਤੇ ਲੰਦਨ ਦਿਖਾਈ ਜਾਂਦੇ ॥
ਨਾ ਕੁਝ ਸੋਚਣ ਨਾ ਕਰਨ ਸ਼ਰਮ ਭੋਰਾ
ਕੁੜੀਆਂ ਗੀਤਾਂ 'ਚ ਨੰਗੀਆਂ ਨਚਾਈ ਜਾਂਦੇ ॥
ਮਾੜੇ ਗਾਇਕ ਕਰਨ ਮਾਹੌਲ ਮਾੜਾ
ਚੰਗੇ ਗਾਇਕਾਂ ਨੂੰ ਮਿੱਟੀ ਹੈ ਮਿਲਾਈ ਜਾਂਦੇ ॥
ਉਹ ਮਾੜੇ ਤੇ ਅਸੀਂ ਵੀ ਨਾ ਘੱਟ ਕਿਸੇ ਤੋਂ
ਜੋ ਦੇਖਦੇ ਹਾਂ ਓਹੀ ਆਪਣਾਈ ਜਾਂਦੇ ॥
ਚੰਗੇ ਮੰਦੇ ਦੀ ਨਾ ਕਰਨ ਪਰਖ ਭੋਰਾ
ਗੁੱਡੀ ਅੰਬਰੀ ਹੈ ਸਭ ਦੀ ਚੜ੍ਹਾਈ ਜਾਂਦੇ ॥
ਅੱਜ ਕੱਲ੍ਹ ਦੇ ਤਾਂ ਕਲਾਕਾਰ ਯਾਰੋ
ਪੰਜਾਬੀ ਸ਼ਾਨ ਮਿੱਟੀ ਹੈ ਮਿਲਾਈ ਜਾਂਦੇ ॥

**ਲੇਖਕ : ਸੁਰਜੀਤ ਸਿੰਘ**

## ਗ਼ਜ਼ਲ

ਕੁਦਰਤ ਉਸ ਨੂੰ ਤੋਹਫ਼ੇ ਦਿੰਦੀ ਕਦਰ ਸਮੇਂ ਦੀ ਕਰਦੇ ਜੋ।
ਉਹੋ ਸਾਹਿਲ ਉਤੇ ਜਾਂਦੇ ਡੂੰਘੇ ਪਾਣੀ ਤਰਦੇ ਜੋ।
ਦੂਜੇ ਉਤੇ ਨਿਰਭਰ ਲੋਕੀਂ ਭੁੱਖ ਕਦੀ ਨਈਂ ਛਡਦੇ,
ਤ੍ਰਿਪਤ ਇਰਾਦੇ ਉਹੋ ਰਖਦੇ ਆਤਮ ਬਲ ਨੂੰ ਭਰਦੇ ਜੋ।
ਸਭ ਕੁਝ ਹੁੰਦਿਆਂ-ਸੁੰਦਿਆਂ ਫਿਰ ਵੀ ਰੀਂਘਣ ਦੇ ਆਦੀ ਹੁੰਦੇ ਨੇ,
ਧਰਤੀ ਉਪਰ ਬੋਝ ਨੇ ਹੁੰਦੇ ਨਾ ਜੀਂਦੇ ਨਾ ਮਰਦੇ ਜੋ।
ਚਲਦੇ ਖੇਲ 'ਚ ਨੁਕਤਾਚੀਨੀ, ਬੇਕਾਰ ਮਸ਼ਵਿਰੇ ਦਿੰਦੇ,
ਹਾਸ਼ੀਏ ਤੋਂ ਜੋ ਬਾਹਰ ਖੜ੍ਹੇ ਨੇ ਨਾ ਜਿਤਦੇ ਨਾ ਹਾਰਦੇ ਜੋ।
ਧਰਤੀ 'ਚੋਂ ਖ਼ੁਸ਼ਹਾਲੀ ਵਰਗਾ ਸੋਨਾ ਪੈਦਾ ਕਰਦੇ ਵੇਖੇ,
ਅਪਣੇ ਤਨ ਦੇ ਸਿੱਦਕ ਉਤੇ ਖ਼ੂਨ ਪਸੀਨਾ ਜਰਦੇ ਜੋ।
ਉਹੋ ਲੋਕੀਂ ਅਪਣੀ ਇੱਕ ਤਰੱਕੀ ਵਿਚ ਰੁਕਾਵਟ ਹਨ,
ਡਰ ਦੀ ਇੱਕ ਅਵਸਥਾ ਅੰਦਰ ਅਪਣੇ ਮਨ ਤੋਂ ਡਰਦੇ ਜੋ।
ਬੁਝਦਿਲ ਕਾਇਰ ਰਖਦੇ ਨਈਂ ਹਨ ਜ਼ੁਰਰਤ ਮੌਕਾ ਪਾਵਣ ਦੀ,
ਅੱਤ ਗਰਮੀ ਦੇ ਮੌਸਮ ਵਿਚ ਵੀ ਸਰਦੀ ਵਾਗੂੰ ਠਰਦੇ ਜੋ।
ਆਪੇ ਅੱਗ ਲਗਾ ਦਿੰਦੇ ਨੇ ਆਪੇ ਦਿੰਦੇ ਫੇਰ ਬੁਝਾ,
ਅਪਣੀਆਂ ਕਰਤੂਤਾਂ ਉਤੇ ਆਪੇ ਪਾਂਦੇ ਪਰਦੇ ਜੋ।
'ਬਾਲਮ' ਦੂਜੇ ਦੇ ਕੰਮ ਆਉਣਾ ਸੱਚਾ ਧਰਮ ਕਹਾਉਂਦਾ ਹੈ,
ਬੱਦਲ ਸ਼ੁੱਭਅਸੀਸਾਂ ਲੈਂਦੇ ਔੜਾਂ ਦੇ ਵਿਚ ਵਰ੍ਹਦੇ ਜੋ।

**ਲੇਖਕ : ਬਲਵਿੰਦਰ 'ਬਾਲਮ' ਗੁਰਦਾਸਪੁਰ, ਮੋਬਾਈਲ 98156-25409**

## ਬੇਵਸ ਆਲ਼ਾ-ਦੁਆਲਾ

ਬੱਚਿਆਂ ਨੂੰ ਘਰੋਂ ਤੋਰਨ ਲੱਗਿਆਂ ਦਿਲ ਡਰ ਜਾਂਦਾ ਬਾਹਲਾ
ਹਾਸੇ ਵਿੱਚ ਕੋਈ ਕਹਿ ਨਾ ਦੇਵੇ ਤੂੰ ਵੀ ਭੋਰਾ ਖਾ ਲਾ
ਨਸ਼ਿਆਂ ਦੇ ਇਸ ਝੱਖੜ ਅੱਗੇ ਬੇਵਸ ਆਲਾ-ਦੁਆਲਾ

ਕੁੱਝ ਨਸ਼ੇ ਦੇ ਦੈਂਤ ਨੇ ਨਿਗਲੇ,ਕਈ ਪਏ ਵਿੱਚ ਲੜਾਈਆਂ
ਗੁਰੂਆਂ ਪੀਰਾਂ ਦੀ ਧਰਤੀ ਤੇ ਕਹਿਰ ਹੋ ਰਹੇ ਨੇ ਸਾਈਆਂ
ਖੌਰੇ ਕਦ ਪੰਜਾਬ ਮੇਰੇ ਤੋਂ ਦੌਰ ਟਲੂ ਇਹ ਕਾਲ਼ਾ
ਨਸ਼ਿਆਂ ਦੇ ਇਸ ਝੱਖੜ ਅੱਗੇ ਬੇਵਸ ਆਲਾ-ਦੁਆਲਾ

ਮਾਪਿਆਂ ਦੇ ਦੁੱਖ ਸੁਣੇ ਨਾ ਜਾਂਦੇ ਰੋ-ਰੋ ਪਾਗਲ ਹੋਏ
ਬੱਚਿਆਂ ਦੀ ਬੁਰੀ ਹਾਲਤ ਤੱਕ ਕੇ ਜੀਂਦੇ ਜੀ ਹੀ ਮੋਏ
ਕੀਹਦੇ ਕੋਲੇ ਦੁੱਖੜੇ ਰੋਵਣ ਸਭ ਵੱਟ ਗਏ ਨੇ ਟਾਲਾ
ਨਸ਼ਿਆਂ ਦੇ ਇਸ ਝੱਖੜ ਅੱਗੇ ਬੇਵਸ ਆਲਾ-ਦੁਆਲਾ

ਉਂਜ ਤਾਂ ਉਹ ਵੀ ਸਾਡੇ ਵਿੱਚੋਂ ਵੰਡਦੇ ਨਸ਼ੇ ਨੇ ਜਿਹੜੇ
ਪਤਾ ਨਹੀਂ ਕਿਉਂ ਭੁੱਲ ਬੈਠੇ ਨੇ ਰਸਤੇ ਪੈ ਗਏ ਕਿਹੜੇ
ਪਾਪ ਕਮਾ ਕੇ ਕਿੰਝ ਸੌਂ ਜਾਂਦੇ ਕਰਨ ਜੋ ਘਾਲਾ-ਮਾਲਾ
ਨਸ਼ਿਆਂ ਦੇ ਇਸ ਝੱਖੜ ਅੱਗੇ ਬੇਵਸ ਆਲਾ-ਦੁਆਲਾ

ਰੋਗਾਂ ਦੁੱਖਾਂ ਨੇ ਘੇਰੇ ਸਭ ਕਰਜ਼ੇ ਵਿੱਚ ਕਿਰਸਾਨੀ
ਫਿਰੇ ਉਦਾਸੀ ਦੇ ਆਲਮ ਵਿੱਚ ਬੇਰੁਜ਼ਗਾਰ ਜਵਾਨੀ
ਫਿਰ ਵੀ ਮੈਨੂੰ ਆਸ ਹੈ 'ਰਾਜੀ' ਮਾਰੂ ਖ਼ੂਨ ਉਬਾਲਾ
ਨਸ਼ਿਆਂ ਦੇ ਇਸ ਝੱਖੜ ਅੱਗੇ ਬੇਵਸ ਆਲਾ-ਦੁਆਲਾ

**ਲੇਖਕ : ਕਰਮਜੀਤ ਸਿੰਘ ਗਰੇਵਾਲ**

## ਪੰਜਾਬ

ਖ਼ਤਮ ਹੋ ਗਿਆ ਭਾਈਚਾਰਾ,
ਵੱਧਦਾ ਹਰ ਬੰਦੇ ਦਾ ਪਾਰਾ,
ਵੇਖ ਤਰੱਕੀ ਕਰਦੇ ਆ ਸਾੜਾ,
ਬੱਸ ਬੇੜਾ ਬਹਿ ਗਿਆ ਏ।
ਇਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।
ਪੂਰੀ ਜ਼ੋਰ ਤੇ ਰਿਸ਼ਵਤ ਖੋਰੀ,
ਲੱਗੀ ਹੋਣ ਖੇਤਾਂ ਵਿੱਚ ਚੋਰੀ,
ਚਾਰੇ ਪਾਸੇ ਹੋਗੀ ਠੱਗਾ ਠੋਰੀ,
ਬੇਈ ਮਾਨਾਂ ਰਹਿ ਗਿਆ ਏ।
ਇੱਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।
ਕਿੱਥੋਂ ਆਊ ਦੇਸੀ ਘਿਓ ਦੀ ਚੂਰੀ,
ਕਿੱਥੇ ਹਰ ਕਿਲੇ ਤੇ ਰਹਿਗੀ ਬੂਰੀ,
ਪਈ ਮਾਪਿਆਂ ਦੀ ਬੱਚੇ ਕੋਲੋਂ ਦੂਰੀ,
ਪੈਰ ਕੈਨੇਡਾ ਵੱਲੇ ਪੈ ਗਿਆ ਏ।
ਇੱਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।
ਪੈਂਦੀ ਆ ਚਾਰ ਸੋਆਂ ਦੀ ਦਿਆੜੀ,
ਮਹਿੰਗਾਈ ਆਸਮਾਨ ਤੇ ਚਾੜ੍ਹੀ,
ਚੋਰ ਤੇ ਕੁੱਤੀ ਬਣਗੇ ਆੜੀ ਆੜੀ,
ਬੇਚਾਰਾ ਗਰੀਬ ਢਹਿ ਗਿਆ ਏ।
ਇੱਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।
ਚੜ੍ਹਤ ਨੂੰ ਮੌਤ ਦਾ ਬੂਹਾ ਖੁੱਲਦਾ,
ਅੰਨਦਾਤਾ ਮੰਡੀ ਦੇ ਵਿੱਚ ਰੁੱਲਦਾ,
ਝੋਨਾ ਵੀ ਕਾਟ ਬਿਨਾਂ ਨੀ ਤੁਲਦਾ,
ਤਾਹੀਂ ਜੱਟ ਫਾਹੇ ਲੈ ਗਿਆ ਏ।
ਇੱਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।
ਸਤਿਗੁਰ ਨਾਨਕਾ ਫੇਰਾ ਪਾਜਾ,
ਦੋਵਾਰਾ ਫੇਰ ਪੰਜਾਬ ਬਣਾਜਾ,
ਸਾਡੀਆਂ ਜੜਾਂ ਉਖੜੀਆਂਲਾਜਾ,
ਕਲਯੁੱਗ ਭਾਰੀ ਪੈ ਗਿਆ ਏ।
ਇੱਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।
ਬਿੰਦਰਾ ਸੱਚ ਦੀ ਔਖੀ ਪੌੜੀ,
ਲੱਗੂ ਗੱਲ਼ ਕਈਆਂ ਨੂੰ ਕੌੜੀ,
ਮੀਰਪੁਰੀਆ ਭੰਨਤੀ ਤੌੜੀ,
ਸੱਚ ਝੂਠ ਨਾਂ ਖਹਿ ਗਿਆ ਏ।
ਇੱਥੇ ਨਾਂ ਸਿਸਟਮ ਕੋਈ ਢਾਂਚਾ,
ਨਾਮ ਦਾ ਬਸ ਪੰਜਾਬ ਰਹਿ ਗਿਆ ਏ।

**ਲੇਖਕ : ਬੰਦਰ ਮੀਰਪੁਰੀਆ**

## ਪਿੰਡ ਦੀ ਵਾਟ

ਐਥੋਂ ਮੇਰੇ ਪਿੰਡ ਦੀ ਤਾਂ ਵਾਟ ਬੜੀ ਘੱਟ ਏ
ਸੋਚਾਂ ਜੇ ਤੇ ਚਿੱਤ ਓਥੇ ਪਹੁੰਚ ਜਾਂਦਾ ਝੱਟ ਏ!
ਮੁੜਦਾ ਮੈ ਸ਼ਹਿਰੋਂ ਜਿਵੇਂ ਵਾਟ ਮਿੱਥਾਂ ਪਿੰਡ ਦੀ
ਰਾਹੇ ਦੇ ਵੀ ਓਵੇਂ ਜਾਣਾਂ ਟੋਏ ਕਿੱਥੋਂ ਤੱਕ ਨੇ,

ਰਸਤੇ ਤੇ ਤੁਰਿਆ ਸ਼ਹੀਦੀਂ ਪਹੁੰਚ ਜਾਂਨਾਂ ਜਦ
ਮੂੰਹੋਂ ਤਵਾਰੀਖ ਦੱਸੇ ਕਿੰਨਾ ਬਾਗ਼ੀ ਸਾਡਾ ਰੱਤ ਏ,

ਪਿੰਡ ਵਿੱਚ ਨਸ਼ਾ ਘੱਟ ਗਿਆ ਜਾਂ ਵਧੇਰੇ ਹੁਣ
ਗਰਾਊਂਡੋਂ ਦਿਆਂ ਦੱਸ ਕੀ ਲਾਈ ਚੋਬਰਾਂ ਨੇ ਲੱਤ ਏ,

ਨਿੱਕਲਾਂ ਗਰਾਊਂਡੋਂ ਤਾਂ ਸੁਸਾਇਟੀ ਦੱਸ ਦਿੰਦੀ
ਕਿੰਨੇ ਕਰਜ਼ੇ 'ਚ ਮੇਰੇ ਪਿੰਡਾਂ ਦਾ ਕੰਮੀਂ ਜੱਟ ਏ,

ਜਹਾਨ ਦੇ ਨਜ਼ਾਰੇ ਛੱਡ ਮਹਿਲ ਤੇ ਮੁਨਾਰੇ ਛੱਡ
ਟਾਹਲੀਆਂ ਦੇ ਕੋਲੋਂ ਕੂਕਾਂ ਜੀਣਾ ਝੂਠ ਮੌਤ ਸੱਚ ਏ,

ਫਿਰਨੀਓਂ ਚੜ੍ਹਦੇ ਨੂੰ ਹੋ ਕੇ ਪਹੁੰਚਾਂ ਗੁਰੂ-ਘਰ
ਗਿਆਨ ਹੁੰਦਾ ਵੰਡੀਆਂ ਤੋਂ ਪਿੰਡ ਹਾਲੀਂ ਰਿਹਾ ਬੱਚ ਏ,
ਪਿੰਡ ਨੂੰ ਮੈਂ ਘੁੰਮ ਲਵਾਂ ਮਿੱਟੀ ਏਹਦੀ ਚੁੰਮ ਲਵਾਂ
ਦੱਸਾਂ ਦੁਨੀਆਂ ਨੂੰ ਕੀ ਕੀ ਲਿਆ ਮੈਂ ਐਥੋਂ ਖੱਟ ਏ,

ਸਿੱਖਿਆ ਨਾਂ ਭੁੱਲਦਾ ਤੇ ਖੇਡਿਆ ਨਾਂ ਭੁੱਲਦਾ
ਉਂਗਲਾਂ ਤੇ ਨਾਂ ਸਕਾਂ ਗਿਣ ਕੀ ਕੀ ਲਈ ਐਥੋਂ ਮੱਤ ਏ,

ਵਗਦੇ ਮੈ ਪੂਰੇ ਨੂੰ ਤਾਂ ਛੋਹ ਕੇ ਹੀ ਮਾਪ ਲਵਾਂ
ਨਮੀ ਤੋਂ ਲੈ ਦੱਸ ਦਿਆਂ ਮੀਂਹ ਹੈ ਵੀ ਜਾਂ ਨਾਂ ਕੱਖ ਏ,

ਸਿੰਜਣਾ ਸਵਾਰਨਾ ਤੇ ਬੀਜਣਾ ਜੇ ਫਸਲਾਂ ਨੂੰ
ਠੁੱਡਾ ਮਾਰ ਦੱਸਾਂ ਪੈਲੀ ਰੜ੍ਹੀ ਪਈ ਏ ਜਾਂ ਵੱਤ ਏ,

ਪਰ੍ਹੇ ਪੰਚਾਇਤ ਵਿੱਚ ਪੈਂਦੇ ਰੌਲੇ ਤੋਂ ਈ ਦੱਸਾਂ
ਬਹੁਤੇ ਮੋਹਤਬਾਰ ਲੈਂਦੇ ਕਿਹਦਾ ਕਾਹਤੋਂ ਪੱਖ ਨੇ,

ਪੋਟਿਆਂ ਤੇ ਗਿਣਕੇ ਤੇ ਇੱਕੋ ਸਾਹੇ ਦੱਸ ਦਿਆਂ
ਐਤਕਾਂ ਦੀ ਵਾਰੀ ਸੰਮਤੀ ਕਰਾਈ ਕਿਹਨਾਂ ਰੱਦ ਏ,

ਕਾਮਯਾਬ ਬੰਦਿਆਂ ਦੇ ਐਬ ਰੱਬ ਉਤੇ ਛੱਡਾਂ
ਕਰਾਂ ਇਮਦਾਦ ਜੇ ਅਜੇ ਕੱਚੀ ਕਿਸੇ ਦੀ ਵੀ ਛੱਤ ਏ,
ਓਮਰਾਂ ਦੇ ਰੌਲੇ ਸਭ ਦੌੜ੍ਹ ਲੋੜਾਂ ਦੀ ਏ ਵਿਰਕਾ
ਰਹਿੰਦਾ ਬਚਪਨ ਚੰਗਾ ਹੁੰਦਾ ਵੱਧ ਨਾਂ ਕੋਈ ਘੱਟ ਏ।

**ਲੇਖਕ : ਸ਼ਰਨ ਵਿਰਕ**

## ਅੱਜਕੱਲ੍ਹ ਦੇ ਰਿਸ਼ਤੇ

ਅੱਜਕੱਲ੍ਹ ਰਿਸ਼ਤੇ ਕੱਚੀਆਂ ਤੰਦਾਂ ਜਿਹੇ
ਘਰ ਵਿੱਚ ਉਸਰੀਆਂ ਕੰਧਾਂ ਜਿਹੇ
ਬੜਾ ਜੋੜ ਘਟਾਓ ਕਰਨ ਲੱਗੇ
ਕੁਝ ਰਿਸ਼ਤੇ ਮੁੱਲ ਦੇ ਸਾਕ ਅੰਗਾਂ ਜਿਹੇ

ਅੱਜਕੱਲ੍ਹ ਦੇ ਰਿਸ਼ਤੇ ਕੱਚੀਆਂ ਤੰਦਾਂ ਜਿਹੇ
ਕੁਝ ਰਿਸ਼ਤੇ ਮਾਘ ਦੀ ਧੁੱਪ ਜਿਹੇ

ਕਿਸੇ ਡੂੰਘੀ ਧਾਰੀ ਚੁੱਪ ਜਿਹੇ
ਛਣਕਾ ਕੇ ਚੁੱਪਾਂ ਤੋੜ ਦਿੰਦੀ

ਕੁਝ ਰਿਸ਼ਤੇ ਉਹਦੀਆਂ ਵੰਗਾਂ ਜਿਹੇ
ਅੱਜਕੱਲ੍ਹ ਦੇ ਰਿਸ਼ਤੇ ਕੱਚੀਆਂ ਤੰਦਾਂ ਜਿਹੇ
ਕੁਝ ਰਿਸ਼ਤੇ ਭੈਣ ਭਰਾਵਾਂ ਦੇ
ਗਲ ਨੂੰ ਆਈਆਂ ਭੱਜੀਆਂ ਬਾਹਾਂ ਦੇ

ਖ਼ੂਨ ਦੇ ਜ਼ਰੀਏ ਸਭ ਸੁਖ ਦੁੱਖ ਦੱਸ ਦਿੰਦੇ
ਦਿਲ ਨਾਲ ਜੁੜੀਆਂ ਤਰੰਗਾਂ ਜਿਹੇ

ਅੱਜਕੱਲ੍ਹ ਦੇ ਰਿਸ਼ਤੇ ਕੱਚੀਆਂ ਤੰਦਾਂ ਜਿਹੇ
ਕੁਝ ਰਿਸ਼ਤੇ ਸੁੱਚੇ ਮੋਤੀਆਂ ਜਿਹੇ
ਅੰਦਰੋਂ ਬਾਹਰੋਂ ਰੂਹਾਂ ਧੋਤੀਆਂ ਜਿਹੇ
ਬਾਪੂ ਦੀ ਪਗੜੀ ਵੀਰੇ ਦੀ ਰੱਖੜੀ ਦੀ ਲੱਜ ਰੱਖ ਲੈਂਦੇ

ਕੁਝ ਰਿਸ਼ਤੇ ਕੁੜੀਆਂ ਚਿੜੀਆਂ ਦੀਆਂ ਸੰਗਾਂ ਜਿਹੇ
ਅੱਜਕੱਲ੍ਹ ਦੇ ਰਿਸ਼ਤੇ ਕੱਚੀਆਂ ਤੰਦਾਂ ਜਿਹੇ

ਕੁਝ ਰਿਸ਼ਤੇ ਠੰਢੀਆਂ ਛਾਵਾਂ ਜਿਹੇ
ਰੱਬ ਦਾ ਰੂਪ ਮਾਵਾਂ ਜਿਹੇ
ਹਰ ਵੇਲੇ ਰਹਿਣ ਅਸੀਸਾਂ ਦਿੰਦੀਆਂ
ਵਿੱਛ ਵਿੱਚ ਗਮ ਦੀਆਂ ਗੰਢਾਂ ਲਏ

ਅੱਜਕੱਲ੍ਹ ਦੇ ਰਿਸ਼ਤੇ ਕੱਚੀਆਂ ਤੰਦਾਂ ਜਿਹੇ
ਕੁਝ ਰਿਸ਼ਤੇ ਅਣਹੋਇਆਂ ਵਰਗੇ ਨੇ

ਬੱਸ ਜਿਉਂਦੇ ਮੋਇਆਂ ਵਰਗੇ ਨੇ
ਦਿਲ 'ਤੇ ਬੜਾ ਹੀ ਬੋਝ ਪਾਉਂਦੇ ਨੇ
ਕੁਝ ਰਿਸ਼ਤੇ ਭਾਰੀਆਂ ਪੰਡਾਂ ਜਿਹੇ
ਅੱਜਕੱਲ ਦੇ ਰਿਸ਼ਤੇ ਕੱਚੀਆਂ ਤੰਦਾਂ ਜਿਹੇ।

**ਲੇਖਕ : ਸਤਨਾਮ ਸਮਾਲਸਰੀਆ,**
**ਸੰਪਰਕ: 99142-98580**

## ਬਹਿਸ

ਕੇਰਾਂ ਇੱਕ ਗਧਾ ਤੇ ਚੀਤਾ, ਬੈਠੇ ਜੰਗਲ ਵਿਚਾਲੇ।
ਆਪੋ ਵਿੱਚੀ ਬਹਿਸਣ ਲੱਗੇ, ਬਾਕੀ ਖੜ੍ਹੇ ਦੁਆਲੇ।
ਗਧਾ ਆਖਦਾ: ਕਾਲੇ ਰੰਗ ਦਾ, ਹੁੰਦਾ ਏ ਅਸਮਾਨ।
ਚੀਤੇ ਕੱਟੀ ਗੱਲ ਗਧੇ ਦੀ, ਦੇਣ ਲੱਗਾ ਵਿਖਿਆਨ।
ਨੀਲਾ ਰੰਗ ਅਸਮਾਨ ਦਾ ਹੁੰਦਾ, ਦੇਖ ਖੋਹਲ ਕੇ ਅੱਖਾਂ।
ਕਾਲਾ ਕਿਸੇ ਨਾ ਕਿਹਾ ਅੱਜ ਤੱਕ, ਤੁਰਗੇ ਹੋ ਕੇ ਲੱਖਾਂ।
ਗਧਾ ਇੱਕ ਨਾ ਮੰਨਿਆ, ਆਪਣੀ ਹਿੰਡ 'ਤੇ ਪੱਕਾ।
'ਤੂੰ-ਤੂੰ, ਮੈਂ-ਮੈਂ' ਵਧਗੀ ਵਾਹਵਾ, ਹੋ ਗਏ ਧੱਕ-ਮਧੱਕਾ।
ਆਖਰ ਦੋਵੇਂ ਪਹੁੰਚ ਗਏ, ਸ਼ੇਰ ਬਾਦਸ਼ਾਹ ਕੋਲ।
ਦੋਹਾਂ ਦੀ ਗੱਲ ਸੁਣ ਕੇ ਸ਼ੇਰ ਨੇ, ਹੁਕਮ ਸੁਣਾਇਆ ਬੋਲ।
'ਛੇ ਮਹੀਨੇ ਵਿੱਚ ਜੇਲ੍ਹ ਦੇ, ਚੀਤਾ ਕਰ ਦਿਓ ਬੰਦ।'
ਸੁਣ ਕੇ ਹੁਕਮ ਇਲਾਹੀ ਯਾਰੋ! ਸਭ ਦੇ ਜੁੜ ਗਏ ਦੰਦ।
ਚੀਤੇ ਦੇ ਖਾਨਿਓਂ ਗਈਆਂ, ਕਰਨ ਲੱਗਾ ਵਿਰਲਾਪ।
'ਮੈਨੂੰ ਸਜ਼ਾ ਕਾਸਤੋਂ? ਮੈਂ ਤਾਂ ਸੱਚ ਕਿਹਾ ਮਾਈ-ਬਾਪ!
ਜਿਨ੍ਹੂੰ ਮਰਜ਼ੀ ਪੁੱਛ ਦੇਖ ਲੋ, ਅਸਮਾਨ ਹੁੰਦਾ ਏ ਨੀਲਾ।'
ਅੱਗੋਂ ਗਰਜਿਆ ਸ਼ੇਰ ਬਾਦਸ਼ਾਹ, ਹੋ ਕੇ ਕਾਲਾ-ਪੀਲਾ।
'ਅਸਮਾਨ ਕਾਲਾ ਜਾਂ ਨੀਲਾ ਹੁੰਦਾ, ਕੀ ਸੱਚ ਕੀ ਝੂਠ?
ਕੀ ਠੀਕ ਕੀ ਗਲਤ ਹੁੰਦਾ, ਕੀ ਸੁੱਚਾ ਕੀ ਜੂਠ?
ਤੈਨੂੰ ਸਜ਼ਾ ਕਾਸਤੋਂ ਦਿੱਤੀ, ਵਰਤ ਕੇ ਉੱਤਮ ਨੀਤੀ।
ਤੇਰਾ ਦੋਸ਼, ਤੂੰ ਗਧੇ ਨਾਲ ਦੱਸ! ਬਹਿਸ ਕਾਸਤੋਂ ਕੀਤੀ।
ਏਹੀ ਤੇਰਾ ਗੁਨਾਹ ਏ ਮਿੱਤਰਾ! ਭੁਗਤ ਸਜ਼ਾ ਮਨ ਲਾ ਕੇ।'
ਗਧਿਆਂ ਨਾਲ ਬਹਿਸ ਨਾ ਕਰਿਓ, 'ਭੁੱਲੜ' ਸਭ ਨੂੰ ਆਖੇ।

**ਸੁਖਦੇਵ ਸਿੰਘ ਭੁੱਲੜ, ਸੰਪਰਕ: 94170-46117**

## ਇਹ ਨੇਰ੍ਹੇ

ਇਹ ਨੇਰ੍ਹੇ ਦਾ ਜਾਦੂ ਇਕ ਦਿਨ ਟੁੱਟੇਗਾ ।
ਮੇਰੇ ਜੁੱਸੇ ਵਿੱਚੋਂ ਸੂਰਜ ਫੁੱਟੇਗਾ ।
ਹੁਣ ਤੇ ਸਾਹ ਵੀ ਟਾਵਾਂ-ਟਾਵਾਂ ਆਉਂਦਾ ਏ,
ਰੂਹ ਦਾ ਪੰਛੀ ਪਿੰਜਰੇ ਵਿੱਚੋਂ ਛੁੱਟੇਗਾ ।
ਰਸਮਾਂ ਦੇ ਇਸ ਭਰਵੇਂ-ਭਰਵੇਂ ਮੇਲੇ ਚੋਂ,
ਸੋਚ ਰਿਹਾ ਵਾਂ ਕਿਹੜਾ ਝੰਡੀ ਪੁੱਟੇਗਾ ।
ਚੜ੍ਹਿਆ ਫਿਰਦਾ ਏਂ ਤੂੰ ਤਖ਼ਤਾਂ-ਤਾਜਾਂ ਤੇ,
ਇਕ ਦਿਨ ਵੇਲਾ ਤੈਨੂੰ ਹੇਠਾਂ ਸੁੱਟੇਗਾ ।
ਗ਼ਮ ਦੀ ਜੰਞ ਚੜ੍ਹੀ ਏ ਬਾਜੇ-ਗਾਜੇ ਨਾਲ,
ਕਿਹੜਾ ਪਲਕਾਂ ਉੱਤੋਂ ਹੀਰੇ ਲੁੱਟੇਗਾ ।
ਮੈਂ ਜੀਹਨੂੰ ਪਰਵਾਜ਼ਾਂ ਦਿੱਤੀਆਂ ਅੰਤ ਦੀਆਂ,
ਪਤਾ ਨਹੀਂ ਸੀ ਮੈਨੂੰ ਅੰਬਰੋਂ ਸੁੱਟੇਗਾ ।
ਮੈਂ ਗਲਘੋਟੂ ਦਿੱਤੇ ਜਿਸਰਾਂ ਸੱਧਰਾਂ ਨੂੰ,
ਮੇਰੇ ਵਾਂਗੂੰ ਕਿਹੜਾ ਸਾਹਵਾਂ ਪੁੱਟੇਗਾ ।
ਰਾਹ ਇਕਲਾਪੇ ਦਾ ਮੈਂ 'ਅਕਰਮ' ਛੋਹਿਆ ਏ,
ਰਸਤਾ ਆਪੇ ਮੈਨੂੰ ਵੇਖ ਕੇ ਹੁੱਟੇਗਾ ।

**ਲੇਖਕ : ਅਕਰਮ ਬਾਜਵਾ**

# ਨਾਰੀ ਸੰਸਾਰ



# ਸਹਿਣਸ਼ੀਲਤਾ

## ਔਰਤ ਦਾ ਅਸਲੀ ਗਹਿਣਾ

ਲੇਖਕ : ਗੁਰਬਚਨ ਕੌਰ

ਸਹਿਣਸ਼ੀਲਤਾ ਇਕ ਅਜਿਹਾ ਸ਼ਬਦ ਹੈ, ਜਿਸ ਬਾਰੇ ਮਨ ਵਿਚ ਕੁਝ ਸੋਚਦੇ ਹਾਂ ਤਾਂ ਠੰਢਕ ਜਿਹੀ ਮਹਿਸੂਸ ਹੁੰਦੀ ਹੈ। ਇਹ ਇਕ ਉੱਤਮ ਨੈਤਿਕ ਗੁਣ ਹੈ। ਇਸ ਦਾ ਭਾਵ ਹੈ ਕਿਸੇ ਗੱਲ ਨੂੰ ਸਹਾਰਨ ਦੀ ਸ਼ਕਤੀ। ਅੱਜ ਸਾਡੇ ਨਿੱਕੇ-ਮੋਟੇ ਝਗੜਿਆਂ ਦਾ ਕਾਰਨ ਸ਼ਾਇਦ ਇਹੀ ਹੈ ਕਿ ਸਾਡੇ ਅੰਦਰ ਸਹਾਰਨ ਸ਼ਕਤੀ ਘਟ ਗਈ ਹੈ। ਅਸੀਂ ਆਪਣੇ-ਆਪ ਨੂੰ ਉੱਚਾ ਸਮਝਦੇ ਹਾਂ। ਹਉਮੈ ਤੇ ਹੰਕਾਰ ਨੇ ਮਨੁੱਖੀ ਮਨਾਂ ਨੂੰ ਕੁਰਾਹੇ ਪਾ ਦਿੱਤਾ ਹੈ। ਨਿਮਰਤਾ ਤੇ ਮਿਠਾਸ ਦੂਰ ਦੀ ਗੱਲ ਹੋ ਗਈ ਹੈ।

ਸਹਿਣਸ਼ੀਲਤਾ ਪੁਰਸ਼ ਅਤੇ ਨਾਰੀ ਦੋਵਾਂ ਲਈ ਬਹੁਤ ਜ਼ਰੂਰੀ ਹੈ। ਦੋਵੇਂ ਸਮਾਜ ਦੇ ਥੰਮ੍ਹ ਹਨ, ਜਿਨ੍ਹਾਂ ਆਸਰੇ ਸਮਾਜ ਮਜ਼ਬੂਤ ਹੈ ਪਰ ਫਿਰ ਵੀ ਇੰਜ ਲਗਦਾ ਹੈ ਕਿ ਨਾਰੀ ਸਮਾਜ ਦੀ ਜਣਨੀ ਹੋਣ ਕਰਕੇ ਸੁਖਾਵੇਂ ਸਮਾਜ ਦੀ ਸਿਰਜਣਾ ਲਈ ਵਧੇਰੇ ਜ਼ਿੰਮੇਵਾਰ ਹੈ। ਇਹ ਜ਼ਿੰਮੇਵਾਰੀ ਤਾਂ ਹੀ ਨਿਭਾਈ ਜਾ ਸਕਦੀ ਹੈ ਜੇ ਔਰਤ ਸਹਿਣਸ਼ੀਲ ਹੋਵੇ। ਔਰਤ ਘਰ ਦੀ ਨੀਂਹ ਵੀ ਹੈ। ਸਬਰ, ਸੰਤੋਖ, ਪਿਆਰ, ਮੁਹੱਬਤ ਅਜਿਹੇ ਗੁਣ ਹਨ, ਜੋ ਇਸ ਨੂੰ ਸਹਿਣਸ਼ੀਲ ਬਣਾਉਂਦੇ ਹਨ।

ਇਕਹਿਰੀ ਪਰਿਵਾਰ ਪ੍ਰਣਾਲੀ ਦਾ ਪ੍ਰਚਲਨ ਅਸਹਿਣਸ਼ੀਲਤਾ ਕਰਕੇ ਹੈ। ਪਰਿਵਾਰਕ ਜੀਅ ਇਕ-ਦੂਜੇ ਦੀ ਗੱਲ ਸੁਣ ਕੇ ਰਾਜ਼ੀ ਨਹੀਂ। ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ। ਬਜ਼ੁਰਗਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਜਵਾਨ ਪੀੜ੍ਹੀ ਬਰਦਾਸ਼ਤ ਨਹੀਂ ਕਰਦੀ। ਬੱਚਿਆਂ ਨੂੰ ਆਪਣੇ ਪੜ੍ਹੇ-ਲਿਖੇ ਹੋਣ ਤੇ ਨਵੀਂ ਤਕਨੀਕ ਤੋਂ ਜਾਣੂ ਹੋਣ ਦਾ ਮਾਣ ਹੈ। ਟੋਕਾ-ਟਾਕੀ ਬਿਲਕੁਲ ਪਸੰਦ ਨਹੀਂ। ਮਾਪੇ ਟੋਕਾ-ਟਾਕੀ ਨਹੀਂ ਕਰਦੇ, ਸਗੋਂ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਾਉਂਦੇ ਹਨ। ਮਾਂ, ਭੈਣ, ਪਤਨੀ, ਔਰਤ ਦੇ ਵੱਖ-ਵੱਖ ਰੂਪ ਹਨ। ਇਨ੍ਹਾਂ ਸਾਰੇ ਰੂਪਾਂ ਵਿਚ ਹੀ ਔਰਤ ਸਹਿਜਤਾ ਨਾਲ, ਠਰ੍ਹੰਮੇ ਨਾਲ ਘਰ-ਪਰਿਵਾਰ ਚਲਾਉਣ ਦਾ ਯਤਨ ਕਰਦੀ ਹੈ।

ਔਰਤ ਨੂੰ ਪਰਮਾਤਮਾ ਦੀ ਸਭ ਤੋਂ ਖ਼ੂਬਸੂਰਤ ਰਚਨਾ ਮੰਨਿਆ ਗਿਆ ਹੈ। ਇਹ ਇਕ ਵੱਡੀ ਸ਼ਕਤੀ ਵੀ ਹੈ ਤੇ ਕੋਮਲ-ਭਾਵੀ ਵੀ ਹੈ। ਬੱਚੇ ਨੂੰ ਜਨਮ ਦੇਣਾ, ਪਾਲਣਾ, ਆਪ ਭੁੱਖੇ ਰਹਿ ਕੇ ਬੱਚੇ ਦਾ ਢਿੱਡ ਭਰਨਾ, ਗਿੱਲੇ 'ਤੇ ਸੌਂ ਕੇ ਸੁੱਕੇ ਥਾਂ ਬੱਚੇ ਨੂੰ ਪਾਉਣਾ, ਬਜ਼ੁਰਗ ਮਾਂ-ਬਾਪ, ਸੱਸ-ਸਹੁਰੇ ਦੀ ਸੇਵਾ ਕਰਨੀ, ਵੱਡਿਆਂ ਅੱਗੇ ਸਖ਼ਤ ਸ਼ਬਦ ਨਾ ਬੋਲਣਾ ਬਹੁਤ ਸਾਰੀਆਂ ਸਹਿਣਸ਼ੀਲ ਔਰਤਾਂ ਦੇ ਹਿੱਸੇ ਆਉਂਦਾ ਹੈ। ਅਜਿਹੇ ਘਰਾਂ ਵਿਚ ਕਲੇਸ਼ ਨਹੀਂ ਹੁੰਦਾ। ਸੁੱਖ-ਸ਼ਾਂਤੀ ਰਹਿੰਦੀ ਹੈ। ਘਰ-ਪਰਿਵਾਰ ਉਨਤੀ ਦੇ ਰਾਹ ਤੁਰਦੇ ਹਨ। ਜੀਵਨ ਖ਼ੁਸ਼ਹਾਲ ਤੇ ਸੁਖਾਵਾਂ ਬਣਦਾ ਹੈ। ਅਸਹਿਣਸ਼ੀਲ ਔਰਤਾਂ ਦੇ ਘਰਾਂ ਵਿਚ ਸੁੱਖ-ਚੈਨ ਨਹੀਂ ਹੁੰਦਾ। ਪਰਿਵਾਰਕ ਮਾਹੌਲ ਕਦੇ ਸੁਖਾਵਾਂ ਨਹੀਂ ਰਹਿੰਦਾ। 'ਕਲਾ ਕਲੇਸ਼ ਵੱਸੇ ਤੇ ਘੜਿਓਂ ਪਾਣੀ ਨੱਸੇ' ਵਾਲੀ ਗੱਲ ਹੋ ਨਿਬੜਦੀ ਹੈ।

ਜੇ ਔਰਤ ਸਹਿਣਸ਼ੀਲਤਾ ਦਾ ਪੱਲਾ ਫੜਨਾ ਚਾਹੁੰਦੀ ਹੈ ਤਾਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਦਾ ਖ਼ਿਆਲ ਰੱਖੇ। ਬਿਮਾਰ ਤੇ ਦੁਖੀ ਇਨਸਾਨ ਬਹੁਤਾ ਸਹਿਣਸ਼ੀਲ ਨਹੀਂ ਰਹਿ ਸਕਦਾ। ਚੰਗਾ ਭੋਜਨ, ਨਿਯਮਤ ਕਸਰਤ ਮਾਨਸਿਕ ਤੇ ਸਰੀਰਕ ਸਿਹਤ ਲਈ ਬਹੁਤ ਉਪਯੋਗੀ ਹਨ। ਖ਼ੁਸ਼ ਰਹਿਣ ਨਾਲ ਸ਼ਖ਼ਸੀਅਤ ਨੂੰ ਚਾਰ ਚੰਨ ਲਗਦੇ ਹਨ। ਪਰਿਵਾਰ ਵਿਚ ਖ਼ੁਸ਼ੀਆਂ ਤੇ ਖੇੜਿਆਂ ਦਾ ਨਿਵਾਸ ਹੁੰਦਾ ਹੈ। ਸਹਿਣਸ਼ੀਲਤਾ ਦਾ ਗੁਣ ਧਾਰਨ ਲਈ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਦੂਰੀ ਬਣਾਉਣੀ ਜ਼ਰੂਰੀ ਹੈ।

ਪਰਮਾਤਮਾ ਨੇ ਔਰਤ ਨੂੰ ਬਹੁਤ ਵੱਡਾ ਦਿਲ ਦਿੱਤਾ ਹੈ। ਹਰ ਤਰ੍ਹਾਂ ਦਾ ਦੁੱਖ-ਸੁੱਖ ਸਹਾਰਨ ਦੀ ਸ਼ਕਤੀ ਦਿੱਤੀ ਹੈ। ਸਹਿਣਸ਼ੀਲਤਾ ਦਾ ਭਾਵ ਸਭ ਕੁਝ ਮਾੜਾ-ਚੰਗਾ ਸਹਾਰਨਾ ਹੀ ਨਹੀਂ, ਆਪਣੇ ਹੱਕਾਂ ਦੀ ਰਾਖੀ ਕਰਨੀ, ਖ਼ੁਦ ਲਈ ਜਿਊਣਾ ਵੀ ਹੈ, ਤਾਂ ਹੀ ਸਹਿਣਸ਼ੀਲਤਾ ਨੂੰ ਔਰਤ ਦਾ ਗਹਿਣਾ ਮੰਨਿਆ ਜਾ ਸਕਦਾ ਹੈ।

---

## ਸ਼ਿਸ਼ਟਤਾ ਦਾ ਸ਼ੀਸ਼ਾ ਹਨ

# ਟੇਬਲ ਮੈਨਰਸ



- ਖਾਣਾ ਖਾਂਦੇ ਸਮੇਂ ਨੈਪਕਿਨ ਨੂੰ ਗਲੇ ਦੇ ਕੋਲ ਜਾਂ ਲੱਤਾਂ 'ਤੇ ਫੈਲਾ ਕੇ ਰੱਖੋ ਤਾਂ ਕਿ ਖਾਣੇ ਨਾਲ ਤੁਹਾਡੇ ਕੱਪੜੇ ਗੰਦੇ ਨਾ ਹੋਣ। ਬੱਚਿਆਂ ਨੂੰ ਨੈਪਕਿਨ ਗਲੇ 'ਤੇ ਫੈਲਾ ਕੇ ਖਾਣੇ ਦੀ ਆਦਤ ਪਾਓ।
- ਮੇਜ਼ 'ਤੇ ਰੱਖੇ ਹੋਏ ਖਾਣੇ ਨੂੰ ਆਰਾਮ ਨਾਲ ਆਪਣੀਆਂ ਪਲੇਟਾਂ ਵਿਚ ਪਾਓ। ਜੇ ਕੋਈ ਹੋਰ ਸਰਵਿੰਗ ਬਾਊਲ ਨਾਲ ਕੁਝ ਲੈ ਰਿਹਾ ਹੋਵੇ ਤਾਂ ਥੋੜ੍ਹੀ ਉਡੀਕ ਕਰੋ।
- ਖਾਣਾ ਪਲੇਟ ਵਿਚ ਓਨਾ ਹੀ ਪਾਓ, ਜਿੰਨਾ ਤੁਸੀਂ ਖ਼ਤਮ ਕਰ ਸਕਦੇ ਹੋ। ਜੂਠਾ ਖਾਣਾ ਨਾ ਛੱਡੋ। ਇਹ ਸ਼ਿਸ਼ਟਤਾ 'ਤੇ ਦਾਗ ਲਗਾਉਂਦਾ ਹੈ।
- ਰੋਟੀ ਨੂੰ ਛੋਟੀ ਪਲੇਟ ਵਿਚ ਰੱਖੋ। ਵੱਡੀ ਪਲੇਟ ਵਿਚ ਸਬਜ਼ੀ ਲਓ। ਦਹੀਂ ਵੱਖਰੀ ਕੌਲੀ ਵਿਚ ਹੀ ਲਓ।
- ਮੇਜ਼ 'ਤੇ ਖਾਣਾ ਖਾਂਦੇ ਸਮੇਂ ਉਂਗਲੀਆਂ ਨਾਲ, ਚਮਚ ਨਾਲ ਜਾਂ ਕਿਸੇ ਖਾਣੇ ਦੀ ਚੀਜ਼ ਨਾਲ ਨਾ ਖੇਡੋ, ਨਾ ਹੀ ਕੋਈ ਆਵਾਜ਼ ਪੈਦਾ ਕਰੋ।
- ਨੈਪਕਿਨ ਹੱਥ ਪੂੰਝਣ ਲਈ ਹੀ ਵਰਤੋਂ ਵਿਚ ਲਿਆਓ। ਉਸ ਨੂੰ ਨੱਕ ਜਾਂ ਪਸੀਨਾ ਪੂੰਝਣ ਲਈ ਨਾ ਵਰਤੋ।
- ਗਰਮ ਖਾਣੇ ਨੂੰ ਫੂਕ ਮਾਰ ਕੇ ਠੰਢਾ ਨਾ ਕਰੋ। ਉਹ ਮੇਜ਼ 'ਤੇ ਫੈਲ ਸਕਦਾ ਹੈ। ਠੰਢਾ ਹੋਣ ਦੀ ਉਡੀਕ ਕਰੋ।
- ਮਹਿਮਾਨਾਂ ਨੂੰ ਖਾਣੇ ਲਈ ਮਜਬੂਰ ਨਾ ਕਰੋ, ਕਿਉਂਕਿ ਇਹ ਸ਼ਿਸ਼ਟਾਚਾਰ ਦੇ ਵਿਰੁੱਧ ਹੁੰਦਾ ਹੈ।
- ਮੇਜ਼ਬਾਨ ਨੂੰ ਕਦੇ ਵੀ ਆਪਣੇ ਖਾਣੇ ਦੀ ਖ਼ੁਦ ਤਾਰੀਫ਼ ਜਾਂ ਆਲੋਚਨਾ ਨਹੀਂ ਕਰਨੀ ਚਾਹੀਦੀ।
- ਖਾਣਾ ਖਾਂਦੇ ਸਮੇਂ ਹਲਕਾ-ਫੁਲਕਾ ਹਾਸਾ-ਮਜ਼ਾਕ ਭਰਿਆ ਵਾਤਾਵਰਨ ਬਣਾਈ ਰੱਖੋ। ਕਿਸੇ ਦੀ ਖਿਚਾਈ ਨਾ ਕਰੋ, ਨਾ ਹੀ ਗੰਭੀਰ ਵਿਸ਼ਿਆਂ 'ਤੇ ਚਰਚਾ ਕਰੋ।
- ਬਜ਼ੁਰਗਾਂ ਦੀ ਸਰਵ ਕਰਨ ਵਿਚ ਮਦਦ ਕਰੋ ਜਾਂ ਜੋ ਥੋੜ੍ਹਾ ਸਰਵਿੰਗ ਬਾਊਲ ਤੋਂ ਦੂਰ ਬੈਠਾ ਹੈ, ਉਸ ਦੀ ਮਦਦ ਕਰੋ।
- ਖਾਣੇ ਵਾਲੀ ਮੇਜ਼ 'ਤੇ ਦੰਦ ਆਦਿ ਸਾਫ਼ ਨਾ ਕਰੋ। ਜੇ ਦੰਦਾਂ ਵਿਚ ਕੁਝ ਫਸ ਜਾਂਦਾ ਹੈ ਤਾਂ ਅਜਿਹੀ ਹਾਲਤ ਵਿਚ ਆਪਣੇ ਇਕ ਹੱਥ ਨਾਲ ਢਕ ਕੇ ਕਰੋ।
- ਜਿਥੇ ਨੌਕਰ ਆਦਿ ਨਾ ਹੋਣ, ਪਲੇਟਾਂ ਖ਼ੁਦ ਲੈ ਕੇ ਖਾਣੇ ਦਾ ਸਾਮਾਨ ਪਾਓ।
- ਮਾਸਾਹਾਰੀ ਭੋਜਨ ਖਾਂਦੇ ਸਮੇਂ ਹੱਡੀਆਂ, ਕੰਡੇ ਧਿਆਨ ਨਾਲ ਕੱਢ ਕੇ ਖ਼ਾਲੀ ਅਲੱਗ ਪਲੇਟ ਵਿਚ ਰੱਖੋ। ਜੇ ਕੋਈ ਪਲੇਟ ਨਾ ਰੱਖੀ ਹੋਵੇ ਤਾਂ ਇਕ ਪਾਸੇ ਆਪਣੀ ਪਲੇਟ ਵਿਚ ਹੀ ਰੱਖੋ, ਮੇਜ਼ 'ਤੇ ਨਾ ਰੱਖੋ।
- ਫੋਰਕ ਅਤੇ ਨਾਈਫ ਦੀ ਸਹੀ ਵਰਤੋਂ ਕਰੋ। ਨਾਈਫ ਨਾਲ ਕੱਟੋ ਅਤੇ ਫੋਰਕ ਨਾਲ ਖਾਓ। ਜੇ ਸਹੀ ਰੂਪ ਨਾਲ ਵਰਤਣਾ ਨਾ ਆਉਂਦਾ ਹੋਵੇ ਤਾਂ ਨਾ ਵਰਤੋ। ਕਿਸੇ ਨੂੰ ਮਜ਼ਾਕ ਉਡਾਉਣ ਦਾ ਮੌਕਾ ਨਾ ਦਿਓ।
- ਇਸ ਤਰ੍ਹਾਂ ਖਾਣੇ ਵਾਲੀ ਮੇਜ਼ 'ਤੇ ਟੇਬਲ ਮੈਨਰਜ਼ ਦਾ ਧਿਆਨ ਰੱਖਣਾ ਸ਼ਿਸ਼ਟਤਾ ਦੀ ਪਛਾਣ ਹੁੰਦਾ ਹੈ। – ਸੁਨੀਤਾ ਗਾਬਾ

---

## ਸਬਜ਼ੀ ਦੇ ਬੇਕਾਰ ਹਿੱਸੇ ਤੋਂ ਉਗਾਓ

# ਨਵੀਆਂ ਸਬਜ਼ੀਆਂ

ਲਿਖਤ : ਅਨੁ ਆਰ

ਪਿਆਜ਼, ਸ਼ਿਮਲਾ ਮਿਰਚ, ਲਸਣ, ਗਾਜਰ, ਸ਼ਲਗਮ ਇਸ ਤਰ੍ਹਾਂ ਦੀਆਂ ਸਬਜ਼ੀਆਂ ਨੂੰ ਅਸੀਂ ਬਣਾਉਣ ਲਈ ਜਦੋਂ ਚੀਰਦੇ ਹਾਂ ਤਾਂ ਇਨ੍ਹਾਂ ਦੇ ਸਿਰਿਆਂ ਅਤੇ ਬੀਜਾਂ ਨੂੰ ਕੱਢ ਕੇ ਅਸੀਂ ਕੂੜੇਦਾਨ ਵਿਚ ਸੁੱਟ ਦਿੰਦੇ ਹਾਂ। ਤੁਹਾਨੂੰ ਇਹ ਪਤਾ ਨਹੀਂ ਹੈ ਕਿ ਸਬਜ਼ੀਆਂ ਦੇ ਇਨ੍ਹਾਂ ਸਿਰਿਆਂ ਅਤੇ ਬੀਜਾਂ ਨਾਲ ਕਿਵੇਂ ਘਰ ਦੀ ਹਰਿਆਲੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

### ਆਲੂ

ਆਲੂ ਨੂੰ ਅਸੀਂ ਲੰਬੇ ਸਮੇਂ ਤੱਕ ਨਾ ਵਰਤੋਂ ਕਰੀਏ ਤਾਂ ਇਸ ਦੀਆਂ ਅੱਖਾਂ ਦੀ ਜਗ੍ਹਾ ਨਵੇਂ ਪੌਦੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਬੇਕਾਰ ਸਮਝ ਕੇ ਅਸੀਂ ਅਕਸਰ ਇਨ੍ਹਾਂ ਨੂੰ ਸੁੱਟ ਦਿੰਦੇ ਹਾਂ ਜਾਂ ਉਸ ਹਿੱਸੇ ਨੂੰ ਕੱਟ ਕੇ ਬਾਕੀ ਹਿੱਸੇ ਦੀ ਵਰਤੋਂ ਕਰ ਲੈਂਦੇ ਹਾਂ। ਹੁਣ ਇਸ ਵਾਰ ਉਸ ਨੂੰ ਸੁੱਟੋ ਨਾ, ਆਲੂ ਦੇ ਜਿਸ ਹਿੱਸੇ ਵਿਚ ਅੱਖ ਨਿਕਲਦੀ ਨਜ਼ਰ ਆਵੇ, ਉਨ੍ਹਾਂ ਟੁਕੜਿਆਂ ਨੂੰ ਚੰਗੀ ਤਰ੍ਹਾਂ ਧੁੱਪ ਵਿਚ ਸੁਕਾਓ। ਆਲੂ ਦੇ ਇਨ੍ਹਾਂ ਟੁਕੜਿਆਂ ਨੂੰ ਮਿੱਟੀ ਅਤੇ ਖਾਦ ਦਾ ਮਿਸ਼ਰਣ ਬਣਾ ਕੇ ਗਮਲੇ ਵਿਚ 8 ਇੰਚ ਡੂੰਘਾ ਬੀਜ ਦਿਓ। ਅੱਖ ਦਾ ਹਿੱਸਾ ਉੱਪਰ ਵੱਲ ਰੱਖੋ। ਜਿਵੇਂ ਹੀ ਆਲੂ ਦੀ ਉਪਰਲੀ ਸਤਹ ਵਿਚ ਵਧਦੀ ਹੋਈ ਜੜ੍ਹ ਦਿਸਣੀ ਸ਼ੁਰੂ ਹੋਵੇ, ਉਸ 'ਤੇ ਥੋੜ੍ਹੀ ਹੋਰ ਮਿੱਟੀ ਪਾ ਕੇ ਹਲਕੇ ਹੱਥਾਂ ਨਾਲ ਇਸ ਨੂੰ ਦਬਾਅ ਦਿਓ।

### ਲਸਣ

ਲਸਣ ਦੀਆਂ ਸਾਬਤ ਕਲੀਆਂ ਨੂੰ ਬਿਨਾਂ ਛਿੱਲੇ ਇਕ ਗਮਲੇ ਵਿਚ ਜੇ ਗੱਡ ਦਿੱਤਾ ਜਾਵੇ ਤਾਂ ਇਸ ਨਾਲ ਲਸਣ ਦੇ ਹਰੇ ਪੱਤਿਆਂ ਦੀ ਵਰਤੋਂ ਤਾਂ ਕੀਤੀ ਹੀ ਜਾ ਸਕਦੀ ਹੈ, ਨਾਲ ਹੀ ਘਰ ਦੀ ਹਰਿਆਲੀ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ। ਇਨ੍ਹਾਂ ਕਲੀਆਂ ਨੂੰ 2-2 ਇੰਚ ਦੀ ਦੂਰੀ 'ਤੇ ਗੱਡ ਦਿਓ ਅਤੇ ਮਿੱਟੀ ਵਿਚ ਸਿੰਚਾਈ ਕਰਕੇ ਧੁੱਪ ਵਾਲੀ ਜਗ੍ਹਾ 'ਤੇ ਰੱਖ ਦਿਓ।

### ਅਦਰਕ

ਅਦਰਕ ਵਿਚ ਜਦੋਂ ਅੱਖ ਨਿਕਲਦੀ ਦਿਖਾਈ ਦੇਵੇ ਤਾਂ ਇਸ ਨੂੰ ਗਮਲੇ ਵਿਚ ਗੱਡ ਕੇ ਗਮਲੇ ਨੂੰ ਧੁੱਪ ਵਾਲੀ ਜਗ੍ਹਾ 'ਤੇ ਰੱਖ ਦੇਣਾ ਚਾਹੀਦਾ ਹੈ। ਕੁਝ ਹੀ ਦਿਨਾਂ ਵਿਚ ਸੁੰਦਰ ਪੌਦਾ ਉੱਗ ਜਾਂਦਾ ਹੈ। ਪੈਦਾ ਹੋਏ ਅਦਰਕ ਨਾਲ ਦੁਬਾਰਾ ਅਦਰਕ ਉਗਾਇਆ ਜਾ ਸਕਦਾ ਹੈ।

### ਸ਼ਿਮਲਾ ਮਿਰਚ

ਅਕਸਰ ਅਸੀਂ ਸ਼ਿਮਲਾ ਮਿਰਚ ਨੂੰ ਕੱਟਣ ਤੋਂ ਬਾਅਦ ਉਸ ਦੇ ਬੀਜ ਵਾਲੇ ਹਿੱਸੇ ਨੂੰ ਪੂਰੀ ਤਰ੍ਹਾਂ ਬੇਕਾਰ ਸਮਝ ਕੇ ਕੂੜੇ ਵਿਚ ਸੁੱਟ ਦਿੰਦੇ ਹਾਂ। ਇਨ੍ਹਾਂ ਬੀਜਾਂ ਨੂੰ ਜੇ ਗਮਲੇ ਵਿਚ ਬੀਜ ਦਿੱਤਾ ਜਾਵੇ ਤਾਂ ਇਸ ਵਿਚੋਂ ਨਿਕਲੇ ਪੌਦੇ ਸੁੰਦਰ ਲਗਦੇ ਹਨ। ਹਾਲਾਂਕਿ ਇਨ੍ਹਾਂ ਨੂੰ ਗਮਲੇ ਵਿਚ ਲਗਾਉਣ ਤੋਂ ਬਾਅਦ ਜ਼ਿਆਦਾ ਵਧੀਆ, ਉੱਤਮ, ਕਵਾਲਿਟੀ ਦੀ ਮਿਰਚ ਨਹੀਂ ਮਿਲਦੀ ਪਰ ਘਰ ਵਿਚ ਹਰਿਆਲੀ ਜ਼ਰੂਰ ਹੁੰਦੀ ਹੈ।



### ਟਮਾਟਰ

ਸੜੇ ਹੋਏ ਟਮਾਟਰ ਨੂੰ ਸੁੱਟਣ ਦੀ ਬਜਾਏ ਉਸ ਦੇ ਗੁੱਦੇ ਨੂੰ ਕੱਢ ਕੇ ਧੁੱਪ ਵਿਚ ਸੁਕਾਓ ਅਤੇ ਇਨ੍ਹਾਂ ਨੂੰ ਗਮਲੇ ਵਿਚ ਬੀਜ ਦਿਓ। ਟਮਾਟਰ ਉਗਾਉਣ ਲਈ ਵੈਸੇ ਵੀ ਇਨ੍ਹਾਂ ਦੇ ਟੁਕੜਿਆਂ ਨੂੰ ਜ਼ਮੀਨ ਵਿਚ ਦੱਬ ਕੇ ਸਹੀ ਖਾਦ, ਪਾਣੀ ਅਤੇ ਦੇਖਭਾਲ ਨਾਲ ਟਮਾਟਰ ਦੇ ਪੌਦੇ ਉਗਾਏ ਜਾ ਸਕਦੇ ਹਨ।

### ਪੁਦੀਨਾ


ਪੁਦੀਨੇ ਦੇ ਪੱਤਿਆਂ ਨੂੰ ਵਰਤਣ ਤੋਂ ਬਾਅਦ ਅਸੀਂ ਇਨ੍ਹਾਂ ਦੀਆਂ ਡੰਡੀਆਂ ਨੂੰ ਸੁੱਟ ਦਿੰਦੇ ਹਾਂ। ਇਸ ਵਾਰ ਇਨ੍ਹਾਂ ਨੂੰ ਸੁੱਟਣ ਦੀ ਬਜਾਏ ਇਕ ਛੋਟੇ ਗਮਲੇ ਵਿਚ ਖਾਦ ਅਤੇ ਮਿੱਟੀ ਮਿਲਾ ਕੇ ਭਰ ਕੇ ਇਨ੍ਹਾਂ ਡੰਡਲਾਂ ਨੂੰ ਇਨ੍ਹਾਂ ਦੇ ਸ਼ੂਟ ਵੱਲ ਮਿੱਟੀ ਵਿਚ ਥੋੜ੍ਹਾ ਗੱਡ ਕੇ ਖੜ੍ਹਾ ਰੱਖੋ ਅਤੇ ਇਨ੍ਹਾਂ 'ਤੇ ਪਾਣੀ ਪਾ ਕੇ ਇਨ੍ਹਾਂ ਨੂੰ ਘੱਟ ਧੁੱਪ ਅਤੇ ਰੌਸ਼ਨੀ ਵਾਲੀ ਜਗ੍ਹਾ 'ਤੇ ਰੱਖੋ।

### ਪਿਆਜ਼

ਹਰਾ ਪਿਆਜ਼ ਕੱਟਣ ਤੋਂ ਬਾਅਦ ਉਸ ਦੇ ਪੱਤਿਆਂ ਨੂੰ ਵਰਤੋਂ ਵਿਚ ਲਿਆ ਕੇ ਹੇਠਲੇ ਸਿਰੇ ਨੂੰ ਅਸੀਂ ਅਕਸਰ ਕੂੜੇ ਵਿਚ ਹੀ ਸੁੱਟਦੇ ਹਾਂ। ਇਨ੍ਹਾਂ ਦੀ ਵੀ ਵਰਤੋਂ ਹੋ ਸਕਦੀ ਹੈ। ਹੇਠਲੇ ਸਿਰਿਆਂ ਨੂੰ ਪਾਣੀ ਨਾਲ ਭਰੇ ਕੱਚ ਦੇ ਭਾਂਡੇ ਵਿਚ ਰੱਖ ਕੇ ਇਨ੍ਹਾਂ ਤੋਂ ਨਵੇਂ ਪਿਆਜ਼ ਪ੍ਰਾਪਤ ਕਰ ਸਕਦੇ ਹਾਂ। ਬਸ ਧਿਆਨ ਇਹ ਰੱਖਣਾ ਹੈ ਕਿ ਹੇਠਲਾ ਸਿਰਾ ਪਾਣੀ ਵਿਚ ਤੈਰਦਾ ਰਹੇ, ਪਾਣੀ ਨੂੰ ਹਰ 2-3 ਦਿਨ ਬਾਅਦ ਬਦਲਦੇ ਰਹੋ। ਵਿਚ-ਵਿਚ ਇਸ ਨੂੰ ਧੁੱਪ ਨੂੰ ਲਵਾਉਂਦੇ ਰਹੋ। ਕੁਝ ਹੀ ਦਿਨਾਂ ਬਾਅਦ ਇਨ੍ਹਾਂ ਦੀਆਂ ਜੜ੍ਹਾਂ ਵਿਚੋਂ ਨਵੇਂ ਪੱਤੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਤਾਜ਼ੇ, ਮਹਿਕਦੇ, ਘਰ ਦੇ ਬਣੇ ਪਿਆਜ਼ ਦੇ ਪੱਤਿਆਂ ਦੀ ਵਰਤੋਂ ਸਬਜ਼ੀ, ਸਲਾਦ ਅਤੇ ਚਾਈਨੀਜ਼ ਡਿਸ਼ ਵਿਚ ਕੀਤੀ ਜਾ ਸਕਦੀ ਹੈ।



# CLASSIFIEDS & MATRIMONIALS



## GROOM WANTED

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਲੜਕੀ ਉਮਰ 27 ਸਾਲ ਕੱਦ 5 ਫੁੱਟ 5 ਇੰਚ, ਕੈਸ਼ੀਅਰ ਦੀ ਜੌਬ, ਵੈਸ਼ਨੂੰ ਪੜ੍ਹੀ ਲਿਖੀ ਲੜਕੀ ਲਈ ਪੜ੍ਹੇ ਲਿਖੇ ਵੈਸ਼ਨੂੰ ਲੜਕੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਕੈਨੇਡਾ ਰਹਿ ਰਹੇ ਲੜਕੇ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਣ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-861-3162 ਅਤੇ 604-593-7978 RS 26-07

...........................................

Jat Sikh Groom wanted for beautiful, 31 year old 5ft 3" Girl Canadian Citizen, Bachleor of Law (India) Master in HR Management (Vancouver), Working as a Conveyancer. Ideal candidate must be Jat Sikh, either a Permanent Resident or a Citizen, well educated. For more information, please call Harmit Virk at 604-537-5806 BH 12-05

...........................................

Family Oriented Canadian Born Jatt Sikh Girl, living in Greater Vancouver, age 31 years, height 5 feet 2 inches, holding 2 university degrees, looking for a hard working, educated, Canadian Born or raised in Canada boy. Contact : 604-657-6533 RS 23-03

...........................................

Jat Sikh Gill family seeks a suitable match for their daughter, Canadian born, 34 yrs. old, 5'6" tall, Degree in Law, working with law firm, beautiful, family oriented. The boy should be born or raised in Canada, professionally educated and employed, well settled and form Jat Sikh family. Call : 1-604-832-7232 or 1-604-615-8088 RS 23-03


# NOW HIRING

## Painter, Construction Job

**Position:**

» 2-year term employment
» Wage: $30/hour
» Surrey, BC Job Locations

**Requirements:**

» 1-year painting experience
» Must speak English
» No minimum education required

**Job Responsibilities (But not limited to):**

» Prep surfaces: clean, scrape, sand, and fill holes.
» Apply paint with brushes, rollers, or sprayers for a quality finish.
» Inspect work to meet quality standards.

## Carpenter, Construction Job

**Position:**

» 2-year term employment
» Wage: $30/hour
» Surrey, BC Job Locations

**Requirements:**

» 1-year Carpentry experience
» Must speak English
» No minimum education required

**Job Responsibilities (But not limited to):**

» Measure, cut, and shape materials.
» Assemble, install, or repair structures.
» Read blueprints for construction.

# » Apply Now! «

**Email Resume to setforfuture@gmail.com**

# Join Natt Star Homes Ltd.

**9328 127 Street, Surrey, BC**


## BRIDE WANTED

ਵਿਜ਼ਟਰ ਵੀਜ਼ੇ 'ਤੇ ਅਮਰੀਕਾ ਆਏ ਉਮਰ 40 ਸਾਲ ਕੱਦ 6 ਫੁੱਟ ਸ਼ਰਮਾ ਲੜਕਾ ਵਾਸਤੇ ਅਮਰੀਕਾ ਜਾਂ ਕੈਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ । ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਹੋਰ ਵਧੇਰੇ ਜਾਣਕਾਰੀ ਲਈ 604-825-4512 ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ। BH 30-08

...........................................

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769 AP 12-03

...........................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

...........................................

ਸਿੱਖ ਟਾਂਕ-ਕਸ਼ਤਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 7 ਇੰਚ, ਆਪਣਾ ਚੰਗਾ ਕਾਰੋਬਾਰ, ਮੰਗਲੀਕ ਰਹਿਤ ਲਈ ਚੰਗੀ ਪੜ੍ਹੀ ਲਿਖੀ ਲੜਕੀ ਦੀ ਭਾਲ ਹੈ ਸੰਪਰਕ ਕਰੋ : 98553-02896

...........................................

ਸਰੀ ਕੈਨੇਡਾ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਪੜ੍ਹੇ ਲਿਖੇ ਹਿੰਦੂ ਪਰਿਵਾਰ ਦੇ ਲੜਕੇ ਲਈ ਕੈਨੇਡਾ ਵਿੱਚ ਟੈਪਰੇਰੀ ਵੀਜ਼ਾ ਜਾਂ ਵਰਕ ਪਰਮਿਟ ਹੋਲਡਰ ਜਾਂ ਇਮੀਗਰਾਂਟ, ਯੋਗ ਲੜਕੀ ਦੀ ਭਾਲ ਹੈ। ਲੜਕਾ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਤ-ਪਾਤ ਦਾ ਕੋਈ ਵੀ ਬੰਧਨ ਨਹੀਂ। ਸੰਪਰਕ ਕਰੋ : 778-321-0986 RS 01-08

...........................................

ਕੇਸਾਧਾਰੀ ਕੈਨੇਡੀਅਨ ਜੰਮਪਲ, ਉਮਰ 37 ਸਾਲ ਅਣ ਵਿਆਹਿਆ, ਕੱਦ 5 ਫੁੱਟ 10 ਇੰਚ, ਮਾਈਕਰੋਸਾਫ਼ਟ ਵਿੱਚ ਚੰਗੀ ਨੌਕਰੀ 'ਤੇ ਕੰਮ ਕਰ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ, ਸੰਪਰਕ ਕਰੋ : 604-368-3600 AP 29-12

...........................................

Professionally Qualified, 29 years, Handsome, 5 ft 11" Rajput Canadian PR Boy settled in BC belonging to upper middle class family seeks suitable match preferably from British Columbia. Upper caste no bar. Contact +1 (236) 500-0059 RS 23-03

...........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

...........................................

Sikh Ramgarhia well settled family in canada looking for a suitable match for their 32 year old son, doing business in ontario and winnipeg. Canadian citizen,5-10, Active in real estate and financing business. Call at 204-510-7658 or 437-881-7282. AP 22-08

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਢਾਈ ਦਿਨ ਦਾ ਸੈਸ਼ਨ ਅਤੇ ਵਧ ਰਹੇ ਕਰਜ਼ੇ ਦਾ ਮਸਲਾ

**ਵਲੋਂ : ਨਵਕਿਰਨ ਸਿੰਘ ਪੱਤੀ**

ਭਾਰਤੀ ਸੰਸਦ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਲਈ ਮਾਨਸੂਨ ਇਜਲਾਸ ਅਹਿਮ ਮੰਨਿਆ ਜਾਂਦਾ ਹੈ ਪਰ ਪੰਜਾਬ ਵਿਧਾਨ ਸਭਾ ਦਾ ਮਾਨਸੂਨ ਇਜਲਾਸ ਜਿਵੇਂ ਕਾਹਲੀ-ਕਾਹਲੀ ਮਹਿਜ਼ ਢਾਈ ਦਿਨ ਵਿਚ ਨਿਬੇੜ ਦਿੱਤਾ ਗਿਆ, ਉਸ ਤੋਂ 'ਆਪ' ਸਰਕਾਰ ਦੀ ਲੋਕ ਮਸਲਿਆਂ ਲਈ ਸੁਹਿਰਦਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

2 ਸਤੰਬਰ ਨੂੰ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਇਆ ਸੈਸ਼ਨ 4 ਸਤੰਬਰ ਨੂੰ ਉਠਾ ਦਿੱਤਾ। ਢਾਈ ਦਿਨਾਂ ਦੌਰਾਨ ਪੰਜਾਬ ਦੇ ਕਿਸੇ ਵੀ ਮਾਮਲੇ ਉਪਰ ਸੁਹਿਰਦਤਾ ਨਾਲ ਨਿੱਠ ਕੇ ਚਰਚਾ ਕਰਨਾ ਤਾਂ ਦੂਰ ਦੀ ਗੱਲ, ਕਿਸੇ ਮਾਮਲੇ ਨੂੰ ਢੰਗ ਨਾਲ ਛੂਹਿਆ ਵੀ ਨਹੀਂ ਜਾ ਸਕਿਆ। ਵਿਰੋਧੀ ਧਿਰ ਵਿਚ ਹੁੰਦਿਆਂ 'ਆਪ' ਮੰਗ ਕਰਦੀ ਰਹੀ ਹੈ ਕਿ ਸੈਸ਼ਨ ਲੰਮੇ ਹੋਣੇ ਚਾਹੀਦੇ ਹਨ ਪਰ ਹੁਣ ਇਹ ਦੋ-ਦੋ, ਤਿੰਨ-ਤਿੰਨ ਦਿਨ ਦੇ ਸੈਸ਼ਨ ਬੁਲਾ ਕੇ ਡੰਗ ਟਪਾ ਰਹੀ ਹੈ। ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦਰਮਿਆਨ ਵੀ ਸੂਬੇ ਅੰਦਰ ਫ਼ਿਰੋਜ਼ਪੁਰ ਵਿਚ ਦੋ ਚਚੇਰੇ ਭੈਣ-ਭਰਾਵਾਂ ਸਮੇਤ ਤਿੰਨ ਨੌਜਵਾਨਾਂ ਦੇ ਕਤਲ ਵਰਗੀਆਂ ਕਈ ਵਾਰਦਾਤਾਂ ਹੋਈਆਂ ਪਰ ਇਸ ਸਭ ਦੇ ਬਾਵਜੂਦ ਵਿਧਾਨ ਸਭਾ ਨੇ ਅਮਨ-ਕਾਨੂੰਨ ਦੇ ਮੁੱਦੇ 'ਤੇ ਚਰਚਾ ਕਰਨੀ ਮੁਨਾਸਿਫ ਨਹੀਂ ਸਮਝੀ।

ਸੈਸ਼ਨ ਦੌਰਾਨ ਪੰਜਾਬ ਦੇ ਦਹਿ-ਹਜ਼ਾਰਾਂ ਕਿਸਾਨ ਚੰਡੀਗੜ੍ਹ ਵਿਚ ਰੋਸ ਪ੍ਰਦਰਸ਼ਨ ਕਰਦੇ ਰਹੇ ਲੇਕਿਨ ਵਿਧਾਨ ਸਭਾ ਦੇ ਸਿਫਰ ਕਾਲ ਵਿਚ ਕਿਸਾਨੀ ਮੁੱਦਿਆਂ ਉਪਰ ਮਾਮੂਲੀ ਸਵਾਲ-ਜਵਾਬ ਤੋਂ ਬਿਨਾ ਖੇਤੀ ਖੇਤਰ ਨਾਲ ਸਬੰਧਿਤ ਮੁੱਦਿਆਂ ਨੂੰ ਛੂਹਿਆ ਤੱਕ ਨਹੀਂ ਗਿਆ। ਕਿਸਾਨ ਜਥੇਬੰਦੀਆਂ ਸੂਬੇ ਦੀਆਂ ਠੋਸ ਹਾਲਤਾਂ ਦੇ ਹਿਸਾਬ ਨਾਲ ਖੇਤੀ ਨੀਤੀ ਦੀ ਮੰਗ ਕਰ ਰਹੀਆਂ ਹਨ। ਖੇਤੀ ਨੀਤੀ ਤਿਆਰ ਕਰਨ ਲਈ ਸਰਕਾਰ ਵੱਲੋਂ ਨਿਯੁਕਤ ਕਮੇਟੀ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਚੁੱਕੀ ਹੈ ਤਾਂ ਸਰਕਾਰ ਉਸ ਰਿਪੋਰਟ ਨੂੰ ਚਰਚਾ ਲਈ ਵਿਧਾਨ ਸਭਾ ਵਿਚ ਰੱਖ ਸਕਦੀ ਸੀ।

ਸਰਕਾਰ ਨੇ ਢਾਈ ਦਿਨ ਦੇ ਸੈਸ਼ਨ ਦਾ ਇਕੋ-ਇਕ ਕੇਂਦਰੀ ਨੁਕਤਾ ਇਹ ਉਭਾਰਿਆ ਕਿ ਸਰਕਾਰ ਨੇ ਪਲਾਟਾਂ ਦੀ ਰਜਿਸਟਰੀ ਸਮੇਂ ਮੰਗੀ ਜਾਣ ਵਾਲੀ ਐੱਨ.ਓ.ਸੀ. ਦੀ ਸ਼ਰਤ ਖਤਮ ਕਰ ਦਿੱਤੀ ਹੈ ਹਾਲਾਂਕਿ ਪਿਛਲੇ ਕਰੀਬ ਇਕ ਸਾਲ ਤੋਂ ਸੂਬਾ ਸਰਕਾਰ ਕਈ ਵਾਰ ਕੁਝ ਕਾਲੋਨੀਆਂ ਵਿਚਲੇ ਪਲਾਟਾਂ ਦੀ ਐੱਨ.ਓ.ਸੀ. ਵਾਲੀ ਲਾਈ ਸ਼ਰਤ ਖਤਮ ਕਰਨ ਦਾ ਪ੍ਰਾਪੇਗੰਡਾ ਕਰ ਕੇ ਸਿਆਸੀ ਲਾਭ ਲੈ ਚੁੱਕੀ ਹੈ। ਐੱਨ.ਓ.ਸੀ. ਵਾਲੀ ਸ਼ਰਤ ਲਾਈ ਕਿਸ ਨੇ ਸੀ ਤੇ ਕਦ ਲਾਈ ਸੀ? ਜਦ ਤੱਕ ਗੈਰ-ਕਾਨੂੰਨੀ ਕਾਲੋਨੀਆਂ ਕੱਟਣ ਵਾਲਿਆਂ ਖਿਲਾਫ ਕਾਰਵਾਈ ਨਹੀਂ ਹੁੰਦੀ, ਤਦ ਤੱਕ ਇਹ ਕਾਲੋਨੀਆਂ ਕੱਟਣ ਦਾ ਸਿਲਸਿਲਾ ਬੰਦ ਹੋਣਾ ਮੁਸ਼ਕਿਲ ਹੈ।

ਪੰਜਾਬ ਇਸ ਸਮੇਂ ਬੇਰੁਜ਼ਗਾਰੀ, ਨਸ਼ੇ, ਬੇਲੋੜੇ ਪਰਵਾਸ ਵਰਗੇ ਗੰਭੀਰ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਬਣਦਾ ਇਹ ਸੀ ਕਿ ਪੰਜਾਬ ਵਿਧਾਨ ਸਭਾ ਵਿਚ ਇਹਨਾਂ ਮੁੱਦਿਆਂ ਉਪਰ ਚਰਚਾ ਹੁੰਦੀ ਲੇਕਿਨ ਵਿਧਾਨ ਸਭਾ ਨੇ ਇਹਨਾਂ ਮੁੱਦਿਆਂ ਨੂੰ ਛੂਹਿਆ ਤੱਕ ਨਹੀਂ। ਸੈਸ਼ਨ ਦੌਰਾਨ 'ਆਪ' ਦੇ ਕੁੰਵਰ ਵਿਜੇ ਪ੍ਰਤਾਪ ਵਰਗੇ ਕੁਝ ਵਿਧਾਇਕਾਂ ਨੇ ਸਰਕਾਰ ਨੂੰ ਸਵਾਲ ਜ਼ਰੂਰ ਕੀਤੇ ਪਰ ਵਿਰੋਧੀ ਧਿਰ ਦੇ ਵਿਧਾਇਕ ਸਰਕਾਰ ਨੂੰ ਘੇਰਨ ਵਿਚ ਅਸਫਲ ਸਿੱਧ ਹੋਏ। ਕਾਂਗਰਸ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਅਤੇ ਪ੍ਰਤਾਪ ਸਿੰਘ ਬਾਜਵਾ ਸੈਸ਼ਨ ਦੌਰਾਨ ਕਈ ਮਾਮਲਿਆਂ ਉਪਰ ਸੱਤਾਧਾਰੀ ਆਗੂਆਂ ਨਾਲ ਖਹਿਬੜਦੇ ਨਜ਼ਰ ਆਏ ਪਰ ਉਹਨਾਂ ਦਾ ਅੰਦਾਜ਼ ਸਰਕਾਰ ਨੂੰ ਘੇਰਨ ਨਾਲੋਂ 'ਆਪਾ' ਚਮਕਾਊ ਵੱਧ ਲੱਗਿਆ। ਵਿਰੋਧੀ ਧਿਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਸੂਬੇ ਦੇ ਹਿੱਤਾਂ ਲਈ ਸਮੁੱਚੇ ਵਿਰੋਧੀ ਕੈਂਪ ਨੂੰ ਇਕਜੁਟ ਕਰ ਕੇ ਲੋਕ ਮੁੱਦਿਆਂ ਉਪਰ ਸਰਕਾਰ ਨੂੰ ਘੇਰਦੇ ਪਰ ਬਾਜਵਾ, ਖਹਿਰਾ ਵਰਗੇ ਆਗੂ ਸਿਰਫ ਮੀਡੀਆ ਵਿਚ ਛਾ ਜਾਣ ਤੱਕ ਹੀ ਬਿਆਨਬਾਜ਼ੀ ਕਰਦੇ ਰਹੇ। ਕੁੱਲ ਮਿਲਾ ਕੇ ਵਿਰੋਧੀ ਧਿਰ, 'ਦੋਸਤਾਨਾ' ਲਹਿਜੇ ਵਿਚ ਪਾਸ ਦੇ ਕੇ ਹੀ ਚੱਲ ਰਹੀ ਸੀ। ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਤਾਂ ਹੋਂਦ ਹੀ ਖਤਰੇ ਵਿਚ ਨਜ਼ਰ ਆ ਰਹੀ ਹੈ ਕਿਉਂਕਿ ਉਸ ਦੇ ਤਿੰਨ ਵਿਧਾਇਕਾਂ ਵਿਚੋਂ ਇਕ ਸੁਖਵਿੰਦਰ ਸੁੱਖੀ 'ਆਪ' ਵਿਚ ਚਲਾ ਗਿਆ ਹੈ; ਦੂਜੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਮੁੱਖ ਮੰਤਰੀ ਨੇ 'ਤਾਰੀਫ' ਹੀ ਐਨੀ ਕਰ ਦਿੱਤੀ ਕਿ ਉਹ ਸਰਕਾਰ ਨੂੰ ਘੇਰੇ ਕਿਵੇਂ, ਤੇ ਤੀਜੀ ਵਿਧਾਇਕ ਗਨੀਵ ਕੌਰ ਮਜੀਠੀਆ ਸਿਆਸੀ ਤੌਰ 'ਤੇ ਬਹੁਤੀ ਸਰਗਰਮ ਨਜ਼ਰ ਨਹੀਂ ਆ ਰਹੀ।

ਮੁੱਖ ਮੰਤਰੀ ਭਗਵੰਤ ਮਾਨ ਸਦਾ ਵਾਂਗ ਇਸ ਸੈਸ਼ਨ ਵਿਚ ਵੀ ਆਪਣੀ ਕਮੇਡੀ ਨਾਲ ਹਾਜ਼ਿਰ ਸੀ। ਉਹਨਾਂ ਕੁੰਵਰ ਵਿਜੇ ਪ੍ਰਤਾਪ ਵਰਗੇ ਸਾਥੀ ਵਿਧਾਇਕਾਂ ਦੇ ਸਵਾਲ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤੇ; ਕਾਂਗਰਸੀ ਵਿਧਾਇਕ ਪਰਗਟ ਸਿੰਘ ਨੂੰ 'ਭਾਅ ਜੀ' ਕਹਿੰਦੇ ਰਹੇ ਅਤੇ ਮਨਪ੍ਰੀਤ ਸਿੰਘ ਇਯਾਲੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੇ ਰਹੇ ਹਾਲਾਂਕਿ ਬੇਅਦਬੀਆਂ ਸਮੇਤ ਕਈ ਮੁੱਦੇ ਉਠਾਉਂਦਿਆਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸੂਬੇ ਵਿਚ ਮਾਫੀਆ ਰਾਜ ਹੋਣ ਤੱਕ ਦੀਆਂ ਗੱਲਾਂ ਕਹੀਆਂ ਸਨ।

ਅਸਲ ਵਿਚ ਵਿਧਾਨ ਸਭਾ ਦੀ ਕਾਰਵਾਈ ਦਾ ਮਿਆਰ ਦੇਖ ਕੇ ਮਹਿਸੂਸ ਹੀ ਨਹੀਂ ਹੋਇਆ ਕਿ ਇਹ ਕਿਸੇ ਸੂਬੇ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਚਰਚਾ ਹੈ ਬਲਕਿ ਬਹਿਸ ਦਾ ਪੱਧਰ ਬਹੁਤ ਨੀਵਾਂ ਸੀ। ਸਭ ਨੂੰ ਪਤਾ ਹੈ ਕਿ ਪੁਲਿਸ ਵਿਚ ਏ.ਐੱਸ.ਆਈ. ਦਾ ਅਹੁਦਾ ਕੋਈ ਬਹੁਤਾ ਵੱਡਾ ਅਹੁਦਾ ਨਹੀਂ ਬਲਕਿ ਇਸ ਰੈਂਕ ਦੇ ਮੁਲਾਜ਼ਮ ਤਾਂ ਮੰਤਰੀਆਂ ਦੀ ਸੁਰੱਖਿਆ ਵਿਚ ਲੱਗੇ ਹੋਏ ਹਨ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਥਾਣਾ ਸਿਟੀ ਕੋਟਕਪੂਰਾ 'ਚ ਏ.ਐੱਸ.ਆਈ. ਬੋਹੜ ਸਿੰਘ ਖਿਲਾਫ ਦਰਜ ਕੇਸ ਦੇ ਹਵਾਲੇ ਦੇ ਕੇ ਇਸ ਮਾਮਲੇ 'ਚ ਡੀ.ਜੀ.ਪੀ. ਤੋਂ ਰਿਪੋਰਟ ਤਲਬ ਕਰਨ ਲਈ ਸਦਨ ਦੀ ਸਹਿਮਤੀ ਲਈ। ਜੇ ਸਪੀਕਰ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਉਣ ਲਈ ਜ਼ਿੰਮੇਵਾਰ ਕਿਸੇ ਆਈ.ਪੀ.ਐੱਸ. ਅਫਸਰ ਖਿ਼ਲਾਫ ਕਾਰਵਾਈ ਦੀ ਗੱਲ ਕਰਦੇ ਤਾਂ ਗੱਲ ਸਮਝ ਪੈਂਦੀ ਪਰ ਕਿੰਨੀ ਹਾਸੋਹੀਣੀ ਗੱਲ ਹੈ ਕਿ ਵਿਧਾਨ ਸਭਾ ਦਾ ਸਪੀਕਰ ਕਿਸੇ ਏ.ਐੱਸ.ਆਈ. ਖਿਲਾਫ ਕਾਰਵਾਈ ਲਈ ਵਿਧਾਨ ਸਭਾ ਵਿਚ ਚਰਚਾ ਛੇੜ ਰਿਹਾ ਹੈ!

ਸੈਸ਼ਨ ਦੌਰਾਨ ਪੰਜਾਬ ਪੁਲਿਸ ਖਾਸਕਰ ਪੁਲਿਸ ਵਿਚਲੀਆਂ ਕਾਲੀਆਂ ਭੇਡਾਂ ਦਾ ਜ਼ਿਕਰ ਤਾਂ ਹੁੰਦਾ ਰਿਹਾ ਪਰ ਇਕ 'ਛੋਟੇ ਠਾਣੇਦਾਰ' ਤੋਂ ਬਿਨਾਂ ਕਿਸੇ ਵੀ ਪੁਲਿਸ ਅਫਸਰ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ ਗਿਆ। ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਮੁਹਾਲੀ ਜ਼ਿਲ੍ਹੇ ਵਿਚ ਹੋਣ ਦਾ ਤੱਥ ਸਾਹਮਣੇ ਆਉਣ ਦੇ ਬਾਵਜੂਦ ਇਸ ਮਾਮਲੇ ਦੀ ਚਰਚਾ ਅਤੇ ਮਾਮਲੇ ਵਿਚ ਸ਼ਾਮਲ ਅਫਸਰਾਂ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕੀਤਾ ਗਿਆ।

ਸਭ ਤੋਂ ਅਹਿਮ ਗੱਲ, ਪੰਜਾਬ ਦੀ ਹਕੀਕਤ ਪੇਸ਼ ਕਰਦੀ ਕੈਗ ਰਿਪੋਰਟ ਉਪਰ ਚਰਚਾ ਕਰਨ ਤੋਂ ਵਿਧਾਨ ਸਭਾ ਨੇ ਟਾਲਾ ਵੱਟੀ ਰੱਖਿਆ। ਸੈਸ਼ਨ ਦੌਰਾਨ ਪੇਸ਼ ਸਾਲ 2022-23 ਦੀ ਕੈਗ ਰਿਪੋਰਟ ਦਰਸਾਉਂਦੀ ਹੈ ਕਿ ਸੂਬੇ ਦੀਆਂ ਵਿੱਤੀ ਪ੍ਰਾਪਤੀਆਂ ਅਤੇ ਖਰਚਿਆਂ ਵਿਚ ਖੱਪਾ ਲਗਾਤਾਰ ਵਧ ਰਿਹਾ ਹੈ; ਮਾਲੀਆ ਪ੍ਰਾਪਤੀ 10.76 ਫ਼ੀਸਦੀ ਸਾਲਾਨਾ ਦੀ ਔਸਤ ਵਿਕਾਸ ਦਰ ਨਾਲ ਵਧੀ, ਦੂਜੇ ਪਾਸੇ ਸੂਬੇ ਦੇ ਖ਼ਰਚੇ 13 ਫ਼ੀਸਦੀ ਦੀ ਦਰ ਨਾਲ ਵਧੇ ਹਨ। ਰਿਪੋਰਟ ਅਨੁਸਾਰ, ਮਾਲੀਆ ਘਾਟਾ 2018-19 ਵਿਚ 13135 ਕਰੋੜ ਰੁਪਏ ਤੋਂ ਵਧ ਕੇ 2022-23 ਵਿਚ 26045 ਕਰੋੜ ਰੁਪਏ ਹੋ ਗਿਆ। ਪਿਛਲੇ ਕਈ ਸਾਲਾਂ ਤੋਂ ਸੂਬੇ ਦੀ ਆਮਦਨ ਦੇ ਮੁਕਾਬਲੇ ਖਰਚਿਆਂ ਦਾ ਲਗਾਤਾਰ ਵਧਦੇ ਜਾਣਾ ਕੋਈ ਆਮ ਗੱਲ ਨਹੀਂ। 'ਬਦਲਾਅ' ਵਾਲੀ ਸਰਕਾਰ ਦੀ ਇਹ ਪਹਿਲੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਵਿਧਾਨ ਸਭਾ ਵਿਚ ਕੈਗ ਰਿਪੋਰਟ ਉਪਰ ਚਰਚਾ ਕਰਵਾਉਂਦੇ। ਜਦ ਅਜਿਹੇ ਗੰਭੀਰ ਮਾਮਲਿਆਂ ਨੂੰ ਵਿਧਾਨ ਸਭਾ ਵਿਚ ਲਿਜਾਣਾ ਨਹੀਂ ਅਤੇ ਇਹਨਾਂ ਮਾਮਲਿਆਂ ਉਪਰ ਚਰਚਾ ਨਹੀਂ ਕਰਨੀ ਤਾਂ ਵਿਧਾਨ ਸਭਾ ਸੈਸ਼ਨ ਦੀ ਅਹਿਮੀਅਤ ਉਪਰ ਪ੍ਰਸ਼ਨ ਚਿੰਨ੍ਹ ਲੱਗਣਾ ਸੁਭਾਵਿਕ ਹੈ। ਸੂਬਾ ਸਰਕਾਰ ਵਿਧਾਨ ਸਭਾ ਸੈਸ਼ਨ ਵਿਚ ਮਾਮਲਾ ਰੱਖਣ ਦੀ ਬਜਾਇ 5 ਸਤੰਬਰ ਨੂੰ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਮਾਮਲਾ ਲੈ ਗਈ ਅਤੇ ਸੂਬਾ ਸਰਕਾਰ ਨੇ ਚਾਲੂ ਵਿੱਤੀ ਸਾਲ ਲਈ ਆਪਣੀ ਕਰਜ਼ਾ ਹੱਦ ਵਿਚ 10 ਹਜ਼ਾਰ ਕਰੋੜ ਦੇ ਵਾਧੇ ਦੀ ਮੰਗ ਲਈ ਕੇਂਦਰੀ ਵਿੱਤ ਮੰਤਰਾਲੇ ਨੂੰ ਪੱਤਰ ਭੇਜ ਦਿੱਤਾ। ਹਕੀਕਤ ਇਹ ਹੈ ਕਿ ਪੰਜਾਬ ਸਰਕਾਰ ਆਪਣੇ ਖਰਚੇ ਘਟਾਉਣ ਦੀ ਥਾਂ ਹੋਰ ਕਰਜ਼ਾ ਚੁੱਕ ਕੇ ਆਪਣੇ ਖਰਚਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ। ਹਾਲ ਇਹ ਹੈ ਕਿ 2024-25 ਲਈ ਪੰਜਾਬ ਦੀ ਕਰਜ਼ਾ ਹੱਦ 30464.92 ਕਰੋੜ ਰੁਪਏ ਵਿਚੋਂ ਸੂਬਾ ਸਰਕਾਰ ਜੁਲਾਈ ਤੱਕ ਹੀ 13094 ਕਰੋੜ ਦਾ ਕਰਜ਼ਾ ਲੈ ਚੁੱਕੀ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਆਰ.ਡੀ.ਐੱਫ. ਸਮੇਤ ਕਈ ਤਰ੍ਹਾਂ ਦੇ ਫੰਡ ਰੋਕਣ ਕਾਰਨ ਵੀ ਆਰਥਿਕ ਹਾਲਤ ਡਾਵਾਂਡੋਲ ਹੋਈ ਹੈ ਪਰ ਇਸ ਸਭ ਦੇ ਬਾਵਜੂਦ ਪੰਜਾਬ ਦੀ ਆਰਥਿਕ ਹਾਲਤ ਦੇ ਹਿਸਾਬ ਨਾਲ ਖਰਚੇ ਘਟਾਉਣ ਦੇ ਸਰਕਾਰ ਕੋਲ ਹੋਰ ਵੀ ਬਹੁਤ ਸਾਰੇ ਰਾਹ ਹਨ- ਜਿਵੇਂ ਮੁੱਖ ਮੰਤਰੀ ਨੂੰ ਜਹਾਜ਼ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਅਫਸਰਸ਼ਾਹੀ ਦਾ ਬੇਲੋੜਾ ਬੋਝ ਘਟਾਉਣਾ ਚਾਹੀਦਾ ਹੈ; ਮੰਤਰੀਆਂ, ਵਿਧਾਇਕਾਂ ਦੇ ਖਰਚਿਆਂ/ਭੱਤਿਆਂ ਉਪਰ ਕੱਟ ਲਾਉਣਾ ਚਾਹੀਦਾ ਹੈ। ਸਬਸਿਡੀਆਂ ਨੂੰ ਤਰਕਸੰਗਤ ਬਣਾਉਂਦਿਆਂ ਹਰ ਕਿਸੇ ਨੂੰ ਸਬਸਿਡੀ ਦੇਣ ਦੀ ਥਾਂ ਸਿਰਫ ਲੋੜਵੰਦਾਂ ਨੂੰ ਸਬਸਿਡੀਆਂ ਦੇਣ ਦਾ ਰਾਹ ਅਖਤਿਆਰ ਕੀਤਾ ਜਾ ਸਕਦਾ ਹੈ ਲੇਕਿਨ ਸਰਕਾਰ ਨੇ ਖ਼ੁਦ ਦੇ ਖਰਚੇ ਘਟਾਉਣ ਦੀ ਥਾਂ ਉਲਟਾ ਪੈਟਰੋਲ, ਡੀਜ਼ਲ ਅਤੇ ਘਰੇਲੂ ਬਿਜਲੀ ਦਰਾਂ ਵਿਚ ਵਾਧਾ ਕਰ ਕੇ ਆਮ ਲੋਕਾਂ ਉਪਰ ਬੋਝ ਪਾ ਦਿੱਤਾ ਹੈ ਤੇ ਕੇਂਦਰ ਸਰਕਾਰ ਤੋਂ ਹੋਰ ਕਰਜ਼ਾ ਮੰਗ ਲਿਆ ਹੈ।

ਪੰਜਾਬ ਸਿਰ ਲਗਾਤਾਰ ਵਧ ਰਿਹਾ ਕਰਜ਼ਾ ਚਿੰਤਾ ਦਾ ਵਿਸ਼ਾ ਹੈ ਪਰ ਢਾਈ ਦਿਨ ਦਾ ਸੈਸ਼ਨ ਮਹਿਜ਼ ਖਾਨਾਪੂਰਤੀ ਹੋ ਨਿੱਬੜਿਆ ਹੈ। ਹੁਣ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸੂਬੇ ਦੀ ਹਕੀਕੀ ਆਰਥਿਕ ਹਾਲਤ ਲੋਕਾਂ ਸਾਹਮਣੇ ਰੱਖੇ ਅਤੇ ਉਸ ਉਪਰ ਸੂਬੇ ਦੇ ਹੱਕਾਂ ਲਈ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੀ ਸ਼ਮੂਲੀਅਤ ਵਾਲੀ ਸਰਬ ਪਾਰਟੀ ਮੀਟਿੰਗ ਬੁਲਾ ਕੇ ਮਸਲੇ ਦੇ ਸਥਾਈ ਹੱਲ ਲਈ ਉਪਰਾਲੇ ਕਰਨ ਦਾ ਰਾਹ ਅਖਤਿਆਰ ਕੀਤਾ ਜਾਵੇ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Christine Dear**
christine@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Erin McNab**
erin@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਯੂਕਰੇਨ ਨਾਲ ਜੰਗ ਵਿਚ 66,000 ਤੋਂ ਵੱਧ ਰੂਸੀ ਫੌਜੀਆਂ ਦੀ ਹੋਈ ਮੌਤ

## ਰੂਸੀ ਮੀਡੀਆ ਨੇ ਕੀਤਾ ਵੱਡਾ ਖੁਲਾਸਾ, ਪਿਛਲੇ ਚਾਰ ਹਫਤਿਆਂ ਵਿਚ ਹੀ 4600 ਫੌਜੀਆਂ ਦੀ ਹੋਈ ਮੌਤ

ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਪੁਤਿਨ ਦੀ ਫੌਜ ਨੂੰ ਵੱਡਾ ਝਟਕਾ ਲੱਗਾ ਹੈ। ਇਹ ਜੰਗ ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਹੈ। ਇਸ ਦੌਰਾਨ ਖ਼ਬਰ ਆਈ ਹੈ ਕਿ ਇਸ ਜੰਗ ਵਿੱਚ 66,000 ਤੋਂ ਵੱਧ ਰੂਸੀ ਸੈਨਿਕ ਮਾਰੇ ਗਏ ਹਨ। ਸੁਤੰਤਰ ਰੂਸੀ ਮੀਡੀਆ ਆਉਟਲੈਟ ਮੀਡੀਆ ਜ਼ੋਨਾ ਦਾ ਅੰਦਾਜ਼ਾ ਹੈ ਕਿ ਯੂਕਰੇਨ ਵਿੱਚ ਜੰਗ ਦੌਰਾਨ 66,000 ਤੋਂ ਵੱਧ ਰੂਸੀ ਫੌਜੀ ਮਾਰੇ ਗਏ ਹਨ। ਮੀਡੀਆ ਜ਼ੋਨਾ ਓਪਨ ਸੋਰਸ ਡੇਟਾ ਦੀ ਵਰਤੋਂ ਨਾਲ ਬੀਬੀਸੀ ਰੂਸੀ ਸੇਵਾ ਦੇ ਨਾਲ ਮਿਲਕੇ ਜਾਣੇ-ਪਛਾਣੇ ਫੌਜੀਆਂ ਦੀ ਮੌਤਾਂ ਬਾਰੇ ਸੂਚੀ ਤਿਆਰ ਕਰ ਰਿਹਾ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ ਉਸਨੇ ਐਲਾਨ ਕੀਤਾ ਸੀ ਕਿ ਉਸਨੂੰ ਮਾਰੇ ਗਏ 50,000 ਤੋਂ ਵੱਧ ਰੂਸੀਆਂ ਦੇ ਨਾਮ ਮਿਲੇ ਹਨ।

ਮੀਡੀਆ ਜ਼ੋਨਾ ਅਨੁਸਾਰ 30 ਅਗਸਤ ਤੱਕ, ਉਹ ਯੁੱਧ ਵਿੱਚ ਮਾਰੇ ਗਏ 66,471 ਰੂਸੀ ਸੈਨਿਕਾਂ ਦੇ ਨਾਮ ਜਾਣਦੇ ਹਾਨ। ਪਿਛਲੇ ਚਾਰ ਹਫ਼ਤਿਆਂ ਵਿੱਚ ਇਸ ਸੂਚੀ ਵਿੱਚ 4600 ਤੋਂ ਵੱਧ ਨਵੇਂ ਨਾਂ ਸ਼ਾਮਲ ਹੋਏ ਹਨ। ਰਿਪੋਰਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇਹ ਕੋਈ ਪੱਕਾ ਅੰਕੜਾ ਨਹੀਂ ਹੈ, ਕਿਉਂਕਿ ਬਹੁਤ ਸਾਰੇ ਸੈਨਿਕਾਂ ਦੀਆਂ ਮੌਤਾਂ ਨੂੰ ਜਨਤਕ ਨਹੀਂ ਕੀਤਾ ਗਿਆ ਹੈ। ਮੀਡੀਆ ਜ਼ੋਨਾ ਦੀ ਪੱਤਰਕਾਰ ਅਨਾਸਤਾਸੀਆ ਅਲੈਕਸੀਏਵਾ ਨੇ ਕਿਹਾ ਕਿ ਅੰਕੜਿਆਂ ਵਿੱਚ ਵਧੇ ਹੋਏ ਨਵੇਂ ਨਾਂ ਰੂਸ ਦੇ ਕੁਰਸਕ ਖੇਤਰ ਵਿੱਚ ਯੂਕਰੇਨ ਦੇ ਹਮਲਿਆਂ ਨਾਲ ਜੁੜੇ ਹੋਏ ਨਹੀਂ ਹਨ। ਕਿਉਂਕਿ ਖੋਜਕਾਰ ਅਜੇ ਵੀ ਪੁਰਾਣੀਆਂ ਮੌਤਾਂ 'ਤੇ ਕੰਮ ਕਰ ਰਹੇ ਹਨ।

### ਯੂਕਰੇਨ ਨੇ 150 ਡਰੋਨਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ

ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਬੀਤੇ ਐਤਵਾਰ ਰਾਤੋ ਰਾਤ 158 ਯੂਕਰੇਨੀ ਡਰੋਨਾਂ ਨੂੰ ਡੇਗ ਦਿੱਤਾ ਸੀ, ਜਿਸ ਵਿੱਚ ਮਾਸਕੋ ਸ਼ਹਿਰ ਵਿੱਚ ਦੋ ਅਤੇ ਮਾਸਕੋ ਦੇ ਆਲੇ




ਦੁਆਲੇ ਖੇਤਰ ਵਿਚ ਨੌਂ ਸ਼ਾਮਲ ਹਨ।

ਸੋਮਵਾਰ ਦੀ ਰਾਤ ਦੌਰਾਨ ਯੂਕਰੇਨ ਵੱਲੋਂ ਕੀਤੇ ਗਏ ਡਰੋਨ ਹਮਲੇ ਨੂੰ ਯੂਕਰੇਨ ਵੱਲੋਂ ਹੁਣ ਤੱਕ ਦਾ ਸਭ ਤੋਂ ਵੱਡਾ ਡਰੋਨ ਹਮਲਾ ਦੱਸਿਆ ਜਾ ਰਿਹਾ ਹੈ। ਕੁਰਸਕ ਖੇਤਰ ਵਿੱਚ ਚਾਲੀ-ਛਿਆਲੀ ਡਰੋਨ ਨਸ਼ਟ ਕਰ ਦਿੱਤੇ ਗਏ ਸਨ, ਜਿੱਥੇ ਯੂਕਰੇਨ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੂਸੀ ਧਰਤੀ ਉੱਤੇ ਸਭ ਤੋਂ ਵੱਡੇ ਹਮਲੇ ਵਿੱਚ ਸੈਨਿਕ ਭੇਜੇ ਹਨ। ਬ੍ਰਾਇੰਸਕ ਖੇਤਰ ਵਿੱਚ 34 ਹੋਰ ਡਰੋਨ ਨਸ਼ਟ ਕੀਤੇ ਗਏ ਸਨ, ਵੋਰੋਨੇਜ਼ ਖੇਤਰ ਵਿੱਚ 28 ਹੋਰ ਡਰੋਨ ਤਬਾਹ ਕੀਤੇ ਗਏ ਅਤੇ ਯੂਕਰੇਨ ਦੀ ਸਰਹੱਦ ਨਾਲ ਲੱਗਦੇ ਬੇਲਗੋਰੋਡ ਖੇਤਰ ਵਿੱਚ 14 ਡਰੋਨ ਨਸ਼ਟ ਕੀਤੇ ਗਏ ਸਨ।

ਰੂਸ ਦੇ ਅੰਦਰੂਨੀ ਹਿੱਸੇ ਵਿੱਚ ਡਰੋਨ ਵੀ ਨਸ਼ਟ ਕੀਤੇ ਗਏ,ਜਿਨ੍ਹਾਂ ਵਿਚ ਇਕ ਇਕ ਡਰੋਨ ਉੱਤਰ-ਪੱਛਮੀ ਮਾਸਕੋ ਦੇ ਤਵੇਰ ਖੇਤਰ ਅਤੇ ਉੱਤਰ-ਪੂਰਬੀ ਮਾਸਕੋ ਦੇ ਇਵਾਨੋਵੋ ਖੇਤਰ ਵਿੱਚ ਇੱਕ-ਇੱਕ ਡਰੋਨ ਨਸ਼ਟ ਕੀਤੇ ਗਏ। ਯੂਕਰੇਨ ਵੱਲੋਂ ਕੀਤੇ ਗਏ ਇਨ੍ਹਾਂ ਡਰੋਨ ਹਮਲਿਆਂ ਕਾਰਨ ਇਹ ਲੜਾਈ ਹੁਣ ਰੂਸ ਦੀ ਰਾਜਧਾਨੀ ਤੱਕ ਪਹੁੰਚ ਗਈ ਹੈ। ਇਸ ਸਾਲ ਦੀ ਸ਼ੁਰੂਆਤ ਤੋਂ, ਯੂਕਰੇਨ ਨੇ ਰੂਸੀ ਜ਼ਮੀਨ 'ਤੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ ਅਤੇ ਇਸ ਦੀਆਂ ਰਿਫਾਇਨਰੀਆਂ ਅਤੇ ਤੇਲ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਹੈ। ਯੂਕਰੇਨੀ ਹਵਾਈ ਸੈਨਾ ਦੇ ਅਨੁਸਾਰ, ਰੂਸ ਦੁਆਰਾ ਯੂਕਰੇਨ ਵਿੱਚ ਲਾਂਚ ਕੀਤੇ ਗਏ 11 ਵਿੱਚੋਂ ਅੱਠ ਡਰੋਨ ਨਸ਼ਟ ਹੋ ਗਏ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਦੇ ਉੱਤਰ-ਪੂਰਬੀ ਖਾਰਕੀਵ ਖੇਤਰ 'ਚ ਹੋਏ ਬੰਬ ਧਮਾਕੇ ਵਿਚ ਪੰਜ ਲੋਕ ਜ਼ਖਮੀ ਹੋ ਗਏ ਸਨ।

ਇਹ ਜੰਗ ਰੁਕਣ ਦਾ ਨਾਮ ਨਹੀਂ ਲੈ ਰਹੀ।ਭਾਵੇਂ ਭਾਰਤ ਵਲੋਂ ਸ਼ਾਂਤੀ ਦੇ ਯਤਨ ਹੋ ਰਹੇ ਹਨ।ਪਰ ਅਮਰੀਕਾ ਦੀ ਪਾਲਿਸੀ ਰੂਸ ਨੂੰ ਜੰਗ ਵਿਚ ਉਲਝਾਉਣ ਦੀ ਹੈ।ਯੂਰਪ ਯੂਕਰੇਨ ਦੀ ਪੂਰੀ ਫੌਜੀ ਸਹਾਇਤਾ ਕਰ ਰਿਹਾ ਹੈ।ਉੱਤਰੀ ਕੋਰੀਆ ਤੋਂ ਇਲਾਵਾ ਰੂਸ ਨੂੰ ਆਪਣੇ ਅਸਲ੍ਹੇ ਅਤੇ ਹਥਿਆਰਾਂ ਦੇ ਜ਼ਖੀਰੇ ਬਰਕਰਾਰ ਰੱਖਣ ਲਈ ਬੇਲਾਰੂਸ, ਚੀਨ ਅਤੇ ਇਰਾਨ ਤੋਂ ਵੀ ਮਦਦ ਮਿਲ ਰਹੀ ਹੈ।ਯੂਕਰੇਨ ਅਤੇ ਇਸ ਦੇ ਯੂਰੋਪੀਅਨ ਹਮਾਇਤੀਆਂ ਨੂੰ ਫ਼ੌਜੀ ਸਾਜ਼ੋ-ਸਾਮਾਨ ਦੀ ਪੂਰਤੀ ਦੇ ਮੁੱਦਿਆਂ ਕਰ ਕੇ ਜੰਗ ਛੇਤੀ ਖਤਮ ਹੋਣ ਦੀ ਉਮੀਦ ਨਹੀਂ ਕਰਨੀ ਚਾਹੀਦੀ।ਯੂਕਰੇਨ ਜੰਗ ਕਰ ਕੇ ਆਲਮੀ ਸੁਰੱਖਿਆ ਦੇ ਹਾਲਾਤ ਖਰਾਬ ਹੋ ਜਾਣ ਨਾਲ ਅਮਰੀਕੀ ਹਥਿਆਰਾਂ ਦੀ ਵਿਕਰੀ ਵਿਚ ਭਾਰੀ ਵਾਧਾ ਹੋਇਆ ਹੈ। ਪਿਛਲੇ ਸਾਲ ਅਮਰੀਕੀ ਰੱਖਿਆ ਕੰਪਨੀਆਂ ਨੇ ਏਸ਼ੀਆ, ਯੂਰੋਪ ਅਤੇ ਅਫਰੀਕਾ ਵਿਚ ਆਪਣੇ ਗਾਹਕਾਂ ਨੂੰ ਹਥਿਆਰ ਅਤੇ ਰੱਖਿਆ ਪਲੈਟਫਾਰਮ ਵੇਚ ਕੇ ਭਾਰੀ ਮੁਨਾਫ਼ੇ ਕਮਾਏ ਹਨ। ਤਾਜ਼ਾਤਰੀਨ ਅੰਕੜਿਆਂ ਮੁਤਾਬਕ 2022 ਵਿਚ ਹਥਿਆਰਾਂ ਦੀ ਵਿਕਰੀ ਵਿਚ 51.9 ਅਰਬ ਡਾਲਰ ਦਾ ਇਜ਼ਾਫ਼ਾ ਹੋਇਆ ਹੈ। ਜ਼ਿਆਦਾਤਰ ਹਥਿਆਰ ਰੂਸ-ਯੂਕਰੇਨ ਜੰਗ ਕਰ ਕੇ ਵਿਕੇ ਹਨ ਜਿਸ ਵਿਚ ਅਮਰੀਕਾ ਵਲੋਂ ਯੂਕਰੇਨ ਦੀ ਮਦਦ ਕੀਤੀ ਜਾ ਰਹੀ ਹੈ।ਯੂਕਰੇਨ ਜੰਗ ਕਰ ਕੇ ਜਰਮਨੀ, ਪੋਲੈਂਡ ਅਤੇ ਸਪੇਨ ਜਿਹੇ ਯੂਰੋਪੀਅਨ ਦੇਸ਼ਾਂ ਅੰਦਰ ਅਸੁਰੱਖਿਆ ਦਾ ਮਾਹੌਲ ਹੈ ਜਿਸ ਕਰ ਕੇ ਇਨ੍ਹਾਂ ਨੇ ਆਪੋ-ਆਪਣੀ ਸੁਰੱਖਿਆ ਦੀ ਮਜ਼ਬੂਤੀ ਲਈ ਰੂਸ ਤੋਂ ਡਰਦਿਆਂ ਹਥਿਆਰ ਖਰੀਦਣੇ ਸ਼ੁਰੂ ਕੀਤੇ ਹਨ। ਇਨ੍ਹਾਂ ਨੂੰ ਡਰ ਹੈ ਕਿ ਜੇ ਯੂਕਰੇਨ ਜੰਗ ਲੰਮਾ ਸਮਾਂ ਚਲਦੀ ਰਹੀ ਤਾਂ ਇਸ ਦਾ ਅਸਰ ਉਨ੍ਹਾਂ ਦੀਆਂ ਸਰਹੱਦਾਂ 'ਤੇ ਵੀ ਹੋ ਸਕਦਾ ਹੈ।

### ਰੂਸ ਦੀ ਅਮਰੀਕਾ ਨੂੰ ਚਿਤਾਵਨੀ

ਯੂਕਰੇਨ-ਰੂਸ ਜੰਗ ਦੇ ਵਿਚਕਾਰ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅਮਰੀਕਾ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੱਛਮੀ ਦੇਸ਼ਾਂ ਨੇ ਯੂਕਰੇਨ ਨੂੰ ਰੂਸ ਦੇ ਅੰਦਰ ਹਮਲਾ ਕਰਨ ਲਈ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਤਾਂ ਮੁਸੀਬਤਾਂ ਦਾ ਪਹਾੜ ਟੁੱਟ ਸਕਦਾ ਹੈ ਅਤੇ ਦੁਨੀਆਂ ਤੀਜੀ ਦੁਨੀਆਂ ਵੱਲ ਵਧ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਇਹ ਅਟਕਲਾਂ ਸੁਣ ਰਹੇ ਹਾਂ ਕਿ ਅਮਰੀਕਾ ਨੇ ਨਾ ਸਿਰਫ਼ ਸਟੌਰਮ ਸ਼ੈਡੋ, ਸਗੋਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਦੀ ਇਜਾਜ਼ਤ ਦਿੱਤੀ ਹੈ।

# ਕਿਉਂ ਨਹੀਂ ਵਿਚਾਰੇ ਜਾਂਦੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੰਜਾਬ ਦੇ ਮਸਲੇ

## ਸਤਾ ਪਖੀ ਤੇ ਵਿਰੋਧੀ ਧਿਰਾਂ ਦੀ ਨੂਰਾ ਕੁਸ਼ਤੀ ਤੇ ਸਰਧਾਂਜਲੀਆਂ ਦਾ ਕੇਂਦਰ ਬਣ ਰਹੀ ਏ ਵਿਧਾਨ ਸਭਾ

ਚੰਗੀਗੜ੍ਹ : ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਸੁੰਗੜਦੇ ਜਾ ਰਹੇ ਹਨ ਤੇ ਇਹ ਪੰਜਾਬ ਦੇ ਮਸਲਿਆਂ ਦਾ ਹੱਲ ਕਰਨ ਵਿਚ ਅਸਮਰਥ ਰਹੇ ਹਨ। ਸ਼ਾਇਦ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਸਾਡੇ ਨੇਤਾਵਾਂ ਨੇ ਆਲੋਚਨਾ ਤੋਂ ਬਚਣ ਦਾ ਰਾਹ ਲੱਭ ਲਿਆ ਹੈ ਤੇ ਸਰਕਾਰ ਜਵਾਬਦੇਹੀ ਤੋਂ ਬਚਣ ਲਈ ਸਾਲ ਵਿਚ ਤਿੰਨ ਵਾਰ ਸੰਖੇਪ ਸੈਸ਼ਨ ਸੱਦ ਕੇ ਕਾਰਵਾਈ ਪੂਰੀ ਕਰਨ ਦੇ ਰਾਹ ਤੁਰ ਪਈਆਂ ਹਨ।

ਇਸ ਪੱਖ ਤੋਂ ਆਮ ਆਦਮੀ ਪਾਰਟੀ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਰਿਕਾਰਡ ਤੋੜਨ ਲੱਗੀ ਹੋਈ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਗੱਲ ਕਰੀਏ ਤਾਂ ਇਹ ਕੇਵਲ ਤਿੰਨ ਦਿਨਾਂ ਲਈ ਬੁਲਾਇਆ ਗਿਆ ਹੈ। ਸਰਕਾਰ ਵਲੋਂ ਦੋ ਤੋਂ ਚਾਰ ਸਤੰਬਰ ਤੱਕ ਸੈਸ਼ਨ ਸੱਦਿਆ ਗਿਆ ਹੈ। ਸੈਸ਼ਨ ਦੇ ਪਹਿਲੇ ਦਿਨ ਸ਼ਰਧਾਂਜਲੀਆਂ ਭੇਟ ਕਰਕੇ ਸਦਨ ਉਠਾ ਦਿੱਤਾ ਜਾਵੇਗਾ। ਆਖਰੀ ਦਿਨ ਆਮ ਕਰਕੇ ਬਿੱਲਾਂ ਨੂੰ ਪ੍ਰਵਾਨਗੀ ਦੇਣ 'ਚ ਲੰਘ ਜਾਵੇਗਾ। ਇਕ ਦਿਨ ਸੈਸ਼ਨ ਵਿਚ ਸਰਕਾਰ ਅਤੇ ਵਿਰੋਧੀ ਧਿਰ ਕਿਹੜਾ ਮਾਅਰਕਾ ਮਾਰ ਲਵੇਗੀ, ਸਰਕਾਰਾਂ ਦੀ ਪੁਰਾਣੀ ਕਾਰਗੁਜ਼ਾਰੀ ਇਸ ਦੀ ਮੂੰਹ ਬੋਲਦੀ ਤਸਵੀਰ ਹੈ।



ਵਿਧਾਨ ਸਭਾ ਦਾ ਸਪੀਕਰ ਚਾਹੇ ਹਾਊਸ ਦਾ ਕਸਟੋਡੀਅਨ ਮੰਨਿਆ ਜਾਂਦਾ ਹੈ ਪਰ ਸਾਰੇ ਸਪੀਕਰਾਂ 'ਤੇ ਹਾਕਮ ਧਿਰ ਦੀ ਬੋਲੀ ਬੋਲਣ ਦੇ ਦੋਸ਼ ਲਗਦੇ ਰਹੇ ਹਨ। ਇਸ ਵਿਚ ਵੀ ਦੋ ਰਾਵਾਂ ਨਹੀਂ ਕਿ ਸਪੀਕਰ ਦੀ ਕੋਸ਼ਿਸ਼ ਹਮੇਸ਼ਾ ਵਿਰੋਧੀ ਧਿਰ ਨੂੰ ਵਧੇਰੇ ਦਬਾ ਕੇ ਰੱਖਣ ਦੀ ਰਹਿੰਦੀ ਹੈ। ਵਿਰੋਧੀਆਂ ਵਲੋਂ ਦਿੱਤੇ ਜਾ ਰਹੇ ਤਰਕਾਂ 'ਵਿਚ ਸਰਕਾਰ ਦੱਬਦੀ ਦਿਸੇ ਜਾਂ ਉਹ ਕਿਸੇ ਮੁੱਦੇ 'ਤੇ ਜ਼ਿਆਦਾ ਰੋਸ ਪ੍ਰਗਟ ਕਰਨ ਤਾਂ ਸਪੀਕਰ ਵਲੋਂ ਮਾਰਸ਼ਲਾਂ ਦੀ ਮਦਦ ਨਾਲ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਰਿਹਾ ਹੈ। ਵਿਰੋਧੀ ਧਿਰ ਨੇ ਆਪਣੀ ਗੱਲ ਰੱਖਣ ਲਈ ਵਿਧਾਨ ਸਭਾ ਦੇ ਬਾਹਰ ਬਰਾਬਰ ਦਾ ਹਾਊਸ ਚਲਾਉਣ ਦਾ ਢੰਗ ਵੀ ਲੱਭ ਲਿਆ ਹੈ। ਸੱਤਾ ਧਿਰ ਦੇ ਵਿਧਾਇਕਾਂ ਦਾ ਬਹੁਤੀ ਵਾਰ ਇਹ ਰੁਝਾਨ ਰਿਹਾ ਹੈ ਕਿ ਉਹ ਵਿਧਾਨ ਸਭਾ 'ਚ ਬੋਲਣ ਲਈ ਘਰੋਂ ਤਿਆਰੀ ਕਰਕੇ ਨਹੀਂ ਆਉਂਦੇ। ਨਾ ਠੋਸ ਸਵਾਲ ਪੁੱਛੇ ਜਾਂਦੇ ਹਨ ਅਤੇ ਨਾ ਹੀ ਮੰਤਰੀਆਂ ਕੋਲ ਕੋਈ ਦਲੀਲ ਨਾਲ ਜਵਾਬ ਦੇਣ ਦੀ ਸਮਰੱਥਾ ਹੁੰਦੀ ਹੈ।

ਕਈ ਚਿਰਾਂ ਤੋਂ ਸਦਨ ਦੀ ਕਾਰਵਾਈ ਨੂੰ ਲਾਈਵ ਦਿਖਾਉਣ ਦੀ ਮੰਗ ਉੱਠ ਰਹੀ ਸੀ। ਆਮ ਆਦਮੀ ਪਾਰਟੀ ਨੇ ਹਾਊਸ ਦੀ ਕਾਰਵਾਈ ਲਾਈਵ ਤਾਂ ਕਰ ਦਿੱਤੀ ਪਰ ਵਿਰੋਧੀ ਧਿਰ ਨੂੰ ਹਿਰਖ ਹੈ ਕਿ ਉਨ੍ਹਾਂ ਵੱਲ ਕੈਮਰੇ ਦਾ ਮੂੰਹ ਹੀ ਨਹੀਂ ਕੀਤਾ ਜਾਂਦਾ ਜਾਂ ਫਿਰ ਜਦੋਂ ਉਹ ਸਰਕਾਰ ਨੂੰ ਘੇਰਨ ਦੇ ਰਾਹ ਤੁਰਦੇ ਹਨ ਤਾਂ ਉਨ੍ਹਾਂ ਦੇ ਮਾਈਕ ਬੰਦ ਕਰ ਦਿੱਤੇ ਜਾਂਦੇ ਹਨ। ਅਜਿਹਾ ਲੋਕਤੰਤਰ ਵਿਚ ਕਿਸੇ ਵੀ ਸਰਕਾਰ ਨੂੰ ਸ਼ੋਭਦਾ ਨਹੀਂ ਹੈ।

ਵਿਧਾਨ ਸਭਾ ਦੀ ਨਿਯਮਾਂਵਲੀ ਮੁਤਾਬਿਕ ਵੀ ਸਰਕਾਰ ਨੇ ਪਿਛਲਾ ਬਜਟ ਇਜਲਾਸ ਜੋ 10 ਮਾਰਚ ਨੂੰ ਖਤਮ ਹੋ ਗਿਆ ਸੀ, ਨੂੰ ਪੰਜ ਮਹੀਨੇ ਬਾਅਦ ਵਿਧੀਵੱਧ ਉਠਾਉਣ ਵਾਸਤੇ ਸਾਬਕਾ ਗਵਰਨਰ ਬਨਵਾਰੀ ਲਾਲ ਪੁਰੋਹਿਤ ਕੋਲ ਫਾਈਲ ਨਹੀਂ ਸੀ ਭੇਜੀ ਪਰ ਨਵੇਂ ਰਾਜਪਾਲ ਕੋਲੋਂ ਇਸ ਸੰਬੰਧੀ 12 ਅਗਸਤ ਨੂੰ ਫਾਈਲ ਭੇਜ ਕੇ ਪ੍ਰਵਾਨਗੀ ਲੈ ਲਈ ਗਈ ਸੀ। ਇਸ ਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਿੱਘੇ ਸੰਬੰਧਾਂ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਪ੍ਰਾਪਤ ਅੰਕੜਿਆ ਮੁਤਾਬਿਕ ਸਾਲ 2024 'ਚ 1 ਮਾਰਚ ਤੋਂ ਸ਼ੁਰੂ ਹੋਏ ਬਜਟ ਸੈਸ਼ਨ ਦੌਰਾਨ 12 ਦਿਨਾਂ ਵਿਚ ਸੱਤ ਬੈਠਕਾਂ ਹੋਈਆਂ ਸਨ ਅਤੇ ਦੋ ਸਤੰਬਰ ਤੋਂ ਚਾਰ ਤੱਕ ਤਿੰਨ ਬੈਠਕਾਂ ਹੋਰ ਹੋ ਜਾਣਗੀਆਂ ਤੇ ਅਜੇ ਤਕ ਇਸ ਸਾਲ ਦੌਰਾਨ ਕੁੱਲ 10 ਬੈਠਕਾਂ ਹੋਈਆਂ ਹਨ। ਪਿਛਲੇ ਸਾਲ 2023 ਵਿਚ ਕੇਵਲ 12 ਬੈਠਕਾਂ ਕੀਤੀਆਂ ਗਈਆਂ ਸਨ। ਅਤੇ 2022 'ਚ 'ਆਪ' ਦੀ ਨਵੀਂ ਸਰਕਾਰ ਬਣਨ ਤੋਂ ਬਾਅਦ 17 ਬੈਠਕਾਂ ਹੋਈਆਂ ਸਨ। ਇਸ ਸਾਲ ਦੇ ਬਾਕੀ ਸਮੇਂ ਵਿਚ ਵਿਧਾਨ ਸਭਾ ਦਾ ਸੈਸ਼ਨ ਬੁਲਾਇਆ ਜਾਂਦਾ ਹੈ ਜਾਂ ਨਹੀਂ ਦੇਖਣ ਵਾਲੀ ਗੱਲ ਹੋਵੇਗੀ।

1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਹੀ ਦੀਆਂ ਬੈਠਕਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਸੀ ਅਤੇ ਇਹ ਗਿਣਤੀ ਘਟ ਕੇ ਦੋ ਦਰਜਨ 'ਤੇ ਆ ਡਿੱਗੀ ਸੀ। ਸਾਲ 1970 ਤੋਂ 80ਵੇਂ ਤੱਕ ਹਾਊਸ 15 ਤੋਂ 18 ਵਾਰ ਜੁੜਦਾ ਰਿਹਾ ਅਤੇ ਉਸ ਤੋਂ ਬਾਅਦ ਇਹ ਗਿਣਤੀ ਆ ਕੇ ਸੱਤ ਤੋਂ ਅੱਠ ਤੱਕ ਹੀ ਰਹਿ ਗਈ। ਭਾਵੇਂ 1981 ਅਤੇ 1982 'ਚ ਪੰਜਾਬ ਵਿਧਾਨ ਸਭਾ ਨੇ ਘੱਟੋ-ਘੱਟ 40 ਬੈਠਕਾਂ ਕਰਨ ਦਾ ਪ੍ਰਸਤਾਵ ਪਾਸ ਕੀਤਾ ਸੀ ਪਰ ਇਹ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ।

ਸਿਆਸਤ 'ਚ ਆ ਰਹੇ ਨਿਘਾਰ ਲਈ ਕਿਸੇ ਇਕ ਪਾਰਟੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਸਰਕਾਰ ਅਕਾਲੀਆਂ ਦੀ ਰਹੀ ਹੋਵੇ ਜਾਂ ਫਿਰ ਕਾਂਗਰਸ ਦੀ ਅਤੇ ਹੁਣ ਆਮ ਆਦਮੀ ਪਾਰਟੀ ਦੀ। ਸਾਰੇ ਹੀ ਵਿਰੋਧੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਤੋਂ ਝਿਜਕਦੇ ਆ ਰਹੇ ਹਨ। ਦੁੱਖ ਤਾਂ ਉਦੋਂ ਹੁੰਦਾ ਹੈ, ਜਦੋਂ ਵਿਰੋਧੀ ਧਿਰ 'ਚ ਰਹਿ ਕੇ ਲੰਮੇ ਸੈਸ਼ਨ ਦੀ ਮੰਗ ਕਰਨ ਵਾਲੇ ਸੱਤਾ ਵਿਚ ਆਉਂਦਿਆਂ ਹੀ ਪਹਿਲੀਆਂ ਸਰਕਾਰਾਂ ਵਾਲੇ ਰਸਤੇ ਤੁਰ ਪੈਂਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਜਿਹੜੇ ਕਿ 'ਮਿੱਠੀਆਂ ਮਿਰਚਾਂ' ਅਤੇ ਕਮੇਡੀ ਕਰਨ ਸਮੇਂ 'ਕੁਲਫੀ ਗਰਮਾ ਗਰਮ' ਵੇਚਦੇ ਰਹੇ ਹਨ, ਹੁਣ ਉਨ੍ਹਾਂ ਦੀਆਂਵੀ ਯੁਗਤਾਂ ਚੱਲਣ ਤੋਂ ਹਟ ਗਈਆਂ ਹਨ। ਉਨ੍ਹਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਨਿਬੇੜੇ ਅਮਲਾਂ ਨਾਲ ਹੋਣੇ ਹਨ।ਪੰਜਾਬ ਦਾ ਕੁਝ ਸੰਵਾਰਨਗੇ ਤਾਂ ਗਲ ਬਣੇਗੀ।

# ਹੈਲਥ ਕੈਨੇਡਾ ਨੇ ਕੈਨੇਡੀਅਨ ਬਰਾਂਡ JAMP ਫਾਰਮਾਂ ਦੀਆਂ ਕੁਝ ਦਵਾਈਆਂ ਸਬੰਧੀ ਚੇਤਾਵਨੀ ਕੀਤੀ ਜਾਰੀ




ਸਰੀ, (ਸਿਮਰਨਜੀਤ ਸਿੰਘ): ਹੈਲਥ ਕੈਨੇਡਾ ਵਲੋਂ ਕੈਨੇਡੀਅਨ ਬਰਾਂਡ ਝਅੰਫ ਫਾਰਮਾਂ ਦੀਆਂ ਕੁਝ ਦਵਾਈਆਂ ਸਬੰਧੀ ਚੇਤਾਵਨੀ ਕੀਤੀ ਜਾਰੀ ਕੀਤੀ ਗਈ ਹੈ।

ਇਸ ਚੇਤਾਵਨੀ ਵਿੱਚ ਦੱਸਿਆ ਗਿਆ ਹੈ ਕਿ, "ਇਸ ਬਰਾਂਡ ਦੀਆਂ ਕੁਝ ਦਵਾਈਆਂ ਦੇ ਲੌਟਸ ਵਾਪਸ ਮੰਗਵਾਏ ਜਾ ਰਹੇਹਨ ਜਿਨਾਂ 'ਚ JAMP ਦੀ ਵਿੱਟਾਮਿਨ D3 ਦੀ 10000 ਯੂਨਿਟ ਗੋਲੀਆਂ ਵੀ ਸ਼ਾਮਲ ਹਨ। ਇਸ ਨਾਲ ਸੰਬੰਧਿਤ ਲੌਟ ਨੰਬਰ ਵੀ ਜਾਰੀ ਕੀਤੇ ਗਏ ਹਨ EG24CHH002, EG24CHI001, EG24CHI002 ਅਤੇ EG24CHI003। ਇਸ ਦੇ ਨਾਲ ਹੀ, JAMP ਦੀ ਐਸੀਟਾਮਿਨੋਫਨ, ਜੋ 325 ਮਿ.ਗ੍ਰਾ ਅਤੇ ਐਕਸਟਰਾਂ ਸਟ੍ਰੇਂਥ 500 ਮਿ.ਗ੍ਰਾ ਗੋਲੀਆਂ ਦੇ ਰੂਪ ਵਿੱਚ ਮਿਲਦੀ ਹੈ, ਨੂੰ ਵੀ ਰੀਕਾਲ ਕੀਤਾ ਜਾ ਰਿਹਾ ਹੈ।

ਐਸੀਟਾਮਿਨੋਫਨ, ਜਿਸਨੂੰ ਕਈ ਦੇਸ਼ਾਂ ਵਿੱਚ ਪੈਰਾਸਿਟਾਮੋਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਰਦ ਅਤੇ ਬੁਖ਼ਾਰ ਦੇ ਲੱਛਣਾਂ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਹੈ। ਇਹ ਦਵਾਈ ਸਿਰਦਰਦ ਜਾਂ ਆਸਟੀਓਆਰਥਰਾਈਟਿਸ ਜਿਵੇਂ ਰੋਗਾਂ ਨਾਲ ਪੀੜਤ ਲੋਕਾਂ ਦੁਆਰਾ ਵੀ ਵਰਤੀ ਜਾਂਦੀ ਹੈ।

ਇਸਦੇ ਇਲਾਵਾ, ਕੰਪਨੀ ਦੀ ਟੈਲਮਿਸਾਰਟਨ 40 ਮਿ.ਗ੍ਰਾ ਅਤੇ 80 ਮਿ.ਗ੍ਰਾ ਗੋਲੀਆਂ ਨੂੰ ਵੀ ਰਿਕਾਲ ਕੀਤਾ ਗਿਆ ਹੈ। ਟੈਲਮਿਸਾਰਟਨ ਆਮ ਤੌਰ 'ਤੇ ਹਲਕੇ ਤੋਂ ਦਰਮਿਆਨੇ ਖ਼ੂਨ ਦੇ ਦਬਾਅ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਹੈ ਜਾਂ ਕਈ ਕੇਸਾਂ ਵਿੱਚ ਦਿਲ ਦੇ ਦੌਰੇ ਜਾਂ ਫਾਲਜ ਨਾਲ ਹੋਣ ਵਾਲੀ ਮੌਤ ਦੇ ਖ਼ਤਰੇ ਨੂੰ ਘਟਾਉਣ ਲਈ ਵਰਤੀ ਜਾਂਦੀ ਹੈ।

ਹੈਲਥ ਕੈਨੇਡਾ ਵੱਲੋਂ ਉਪਭੋਗਤਾਵਾਂ ਨੂੰ ਆਪਣੀ ਦਵਾਈ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ ਕਿ ਕੀ ਜੇਕਰ ਕਿਸੇ ਨੇ ਉਪਰੋਕਤ ਲੌਟਸ 'ਚੋਂ ਦਵਾਈਆਂ ਖਰੀਆਂ ਹਨ ਤਾਂ ਉਹ ਇਨਾਂ ਦੀ ਵਰਤੋਂ ਨਾ ਕਰਨ ਇਸ ਤੋਂ ਇਲਾਵਾ ਕਿਸੇ ਵੀ ਸਿਹਤ ਸਮੱਸਿਆ ਸਬੰਧੀ ਪਹਿਲਾਂ ਪ੍ਰੋਫ਼ੈਸ਼ਨਲ ਸਲਾਹ ਲੈਣ ਲਈ ਵੀ ਕਿਹਾ ਗਿਆ ਹੈ।

ਜੇਕਰ ਕਿਸੇ ਨੂੰ ਇਸ ਰਿਕਾਲ ਬਾਰੇ ਹੋਰ ਸਵਾਲ ਹਨ, ਤਾਂ ਉਨ੍ਹਾਂ ਨੂੰ ਸਿੱਧੇ ਤੌਰ ਤੇ ਝਅੰਫ ਫਾਰਮਾ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਗਈ ਹੈ। ਹੈਲਥ ਕੈਨੇਡਾ ਨੇ ਇਹ ਵੀ ਕਿਹਾ ਹੈ ਕਿ ਕਿਸੇ ਵੀ ਸਾਈਡ ਇਫੈਕਟ ਜਾਂ ਸ਼ਿਕਾਇਤਾਂ ਨੂੰ ਹੈਲਥ ਕੈਨੇਡਾ ਨੂੰ ਰਿਪੋਰਟ ਕੀਤਾ ਜਾ ਸਕਦਾ ਹੈ।

ਇਸ ਰਿਕਾਲ ਨੇ ਵੱਡੇ ਪੱਧਰ ਤੇ ਲੋਕਾਂ ਵਿੱਚ ਚਿੰਤਾ ਜਤਾਈ ਹੈ, ਖਾਸ ਕਰਕੇ ਉਹ ਲੋਕ ਜਿਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਜਾਂ ਉੱਚਾ ਖ਼ੂਨ ਦਾ ਦਬਾਅ ਸਬੰਧੀ ਸਮੱਸਿਆਵਾਂ ਹਨ ਕਿਉਂਕਿ ਉਨ੍ਹਾਂ 'ਚੋਂ ਬਹੁਤੇ ਲੋਕ ਇਨ੍ਹਾਂ ਦਵਾਈਆਂ ਦਾ ਹੀ ਸੇਵਨ ਕਰਦੇ ਹਨ। This report was written by Simranjit Singh as part of the Local Journalism Initiative.

# ਕੈਨੇਡਾ ਦੇ ਉੱਜਲ ਭਵਿੱਖ ਲਈ ਮਿਲ ਕੇ ਕੰਮ ਕਰਨ ਦੀ ਲੋੜ : ਜਸਟਿਨ ਟਰੂਡੋ









ਸਰੀ, (ਸੰਦੀਪ ਸਿੰਘ ਧੰਜੂ): ਲਿਬਰਲ ਪਾਰਟੀ ਦੀ ਅਗਵਾਈ ਹੇਠ ਸਾਡੀ ਸਰਕਾਰ ਨੇ ਕੈਨੇਡਾ ਦੀ ਤਰੱਕੀ ਅਤੇ ਮਜ਼ਬੂਤੀ ਵਾਸਤੇ ਬਹੁਤ ਕੁਝ ਕੀਤਾ ਹੈ ਤੇ ਇਸਦੇ ਉੱਜਲ ਭਵਿਖ ਲਈ ਮਿਲਕੇ ਹੋਰ ਕੰਮ ਕਰਨ ਦੀ ਲੋੜ ਹੈ।" ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਰੀ-ਨਿਊਟਨ ਤੋਂ ਲਿਬਰਲ ਐਮ ਪੀ ਸੁਖ ਧਾਲੀਵਾਲ ਵਲੋਂ ਸਰੀ ਵਿੱਚ ਕੀਤੀ ਗਈ ਬਾਰਬੀਕਿਊ ਪਾਰਟੀ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਉਹਨਾਂ ਦੱਸਿਆ ਕਿ ਅੱਜ ਕੈਨੇਡਾ ਜੀ-7 ਦੇਸ਼ਾਂ ਦੇ ਗਰੁੱਪ ਵਿਚ ਸਭ ਤੋਂ ਮਜ਼ਬੂਤ ਮੁਲਕ ਹੈ ਅਤੇ ਸਾਡੀ ਸਰਕਾਰ ਦੌਰਾਨ ਦੇਸ਼ ਵਿਚ ਵਿਦੇਸ਼ੀ ਨਿਵੇਸ਼ ਦਾ 60 ਪ੍ਰਤੀਸ਼ਤ ਵਾਧਾ ਹੋਇਆ ਹੈ। ਭਰਵੇਂ ਇਕੱਠ ਨੂੰ ਸੰਬੋਧਿਤ ਹੁੰਦਿਆਂ ਟਰੂਡੋ ਨੇ 2025 ਵਿੱਚ ਹੋ ਰਹੀਆਂ ਆਮ ਚੋਣਾਂ ਦੇ ਮੱਦੇਨਜ਼ਰ ਲਿਬਰਲ ਪਾਰਟੀ ਵਿਰੋਧੀਆਂ ਦੀਆਂ ਵੰਡ ਪਾਊ ਨੀਤੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

ਇਸਤੋਂ ਪਹਿਲਾਂ ਲਿਬਰਲ ਐਮ ਪੀ ਸੁੱਖ ਧਾਲੀਵਾਲ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਜਨਤਾ ਨੂੰ ਆਗਾਮੀ ਚੋਣਾਂ ਵਿਚ ਉਹਨਾਂ ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਉਹਨਾਂ ਨਾਲ ਸਰੀ-ਸੈਂਟਰ ਤੋਂ ਐਮ ਪੀ ਰਣਦੀਪ ਸਿੰਘ ਸਰਾਏ ਵੀ ਹਾਜ਼ਰ ਸਨ। ਪ੍ਰਧਾਨ ਮੰਤਰੀ ਟਰੂਡੋ ਦੇ ਭਾਸ਼ਣ ਦਾ ਹਾਜਰ ਇਕੱਠ ਨੇ ਤਾੜੀਆਂ ਦੀ ਗੂੰਜ ਵਿਚ ਸਵਾਗਤ ਕੀਤਾ ਤੇ ਉਹਨਾਂ ਨੂੰ ਸਮਰਥਨ ਦਾ ਪੂਰਨ ਭਰੋਸਾ ਦਿੱਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਐਮ ਪੀ ਜਤੀ ਸਿੱਧੂ, ਸਾਬਕਾ ਮੰਤਰੀ ਗੁਲਜਾਰ ਸਿੰਘ ਚੀਮਾ, ਸਰੀ ਮੇਅਰ ਬਰੈਂਡਾ ਲੌਕ, ਕੌਂਸਲਰ ਲਿੰਡਾ ਐਨਿਸ, ਸਾਬਕਾ ਚੇਅਰਮੈਨ ਅਜਮੇਰ ਸਿੰਘ ਢਿੱਲੋਂ, ਸਤਬੀਰ ਸਿੰਘ ਚੀਮਾ ਸੀਈਓ ਪਿਕਸ ਅਤੇ ਹੋਰ ਕਈ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿਚ ਲਿਬਰਲ ਪਾਰਟੀ ਸਮਰਥਕ ਹਾਜ਼ਰ ਸਨ।

# ਵਿਕਟੋਰੀਆ ਦੇ ਡਾਊਨਟਾਊਨ ਵਿਖੇ ਰਿਹਾਇਸ਼ੀ ਕੈਂਪ ਚੁੱਕਣ ਲਈ ਅਗਲੀ ਯੋਜਨਾ ਤਿਆਰ




ਸਰੀ, (ਸਿਮਰਨਜੀਤ ਸਿੰਘ): ਵਿਕਟੋਰੀਆ ਪੁਲਿਸ ਨੇ ਕਿਹਾ ਹੈ ਕਿ ਸ਼ਹਿਰ ਦੇ ਡਾਊਨਟਾਊਨ ਵਿਚ ਸਥਿਤ ਬੇਹੱਦ ਮਸ਼ਹੂਰ ਰਿਹਾਇਸ਼ੀ ਕੈਂਪਾਂ ਨੂੰ ਖਤਮ ਕਰਨ ਦੇ ਲਈ ਜੋ "ਸੁਰੱਖਿਆ ਯੋਜਨਾ" ਤਿਆਰ ਕੀਤੀ ਗਈ ਹੈ, ਉਸ ਦਾ ਅਗਲਾ ਚਰਨ ਸਾਰੇ ਢਾਂਚਿਆਂ ਨੂੰ ਹਟਾਉਣ ਅਤੇ ਉਥੇ ਰਹਿਣ ਵਾਲੇ ਲੋਕਾਂ ਨੂੰ ਅਸਥਾਈ ਜਾਂ ਸਥਾਈ ਰਹਾਇਸ਼ ਮੁਹੱਈਆ ਕਰਵਾਉਣ ਦਾ ਹੈ।

ਪੈਂਡੋਰਾ ਐਵੇਨਿਊ ਦੇ 900 ਬਲਾਕ ਦੇ ਨੇੜੇ ਵੱਡੀ ਗਿਣਤੀ 'ਚ ਅਜਿਹੇ ਲੋਕ ਦੇਖੇ ਜਾ ਸਕਦੇ ਹਨ ਜੋ ਅਸਥਾਈ ਕੈਂਪਾਂ 'ਚ ਰਹਿ ਰਹੇ ਹਨ। ਵਿਕਟੋਰੀਆ ਫਾਇਰ ਡਿਪਾਰਟਮੈਂਟ ਅਤੇ ਬੀ.ਸੀ. ਐਮਰਜੈਂਸੀ ਹੈਲਥ ਸਰਵਿਸਜ਼ ਨੇ ਕਿਹਾ ਸੀ ਕਿ ਕੁਝ ਹਫ਼ਤੇ ਪਹਿਲਾਂ ਉਹਨਾਂ ਨੂੰ ਹੁਣ ਪੁਲਿਸ ਦੀ ਲੋੜ ਨਹੀਂ ਰਹੀ। ਹਾਲਾਂਕਿ ਪੁਲਿਸ ਨੇ ਕਿਹਾ ਕਿ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਪੱਕਾ ਹੱਲ ਲੋੜੀਂਦਾ ਹੈ।

ਵਿਕਟੋਰੀਆ ਪੁਲਿਸ ਦੇ ਡਿਪਟੀ ਚੀਫ਼ ਜੇਮੀ ਮਕਰੇ ਨੇ ਬੁਧਵਾਰ ਨੂੰ ਕਿਹਾ, "ਸਾਡਾ ਮੁੱਖ ਟੀਚਾ ਸੁਰੱਖਿਆ ਨੂੰ ਸੁਧਾਰਣਾ ਅਤੇ ਸੜਕਾਂ 'ਤੇ ਵਿਘਟਨ ਨੂੰ ਨਿਯੰਤ੍ਰਿਤ ਕਰਨਾ ਹੈ, ਤਾਂ ਜੋ ਖਤਰਨਾਕ ਵਿਅਕਤੀਆਂ ਨੂੰ ਰੋਕਿਆ ਜਾ ਸਕੇ। ਉਹਨਾਂ ਨੇ ਕਿਹਾ ਕਿ ਇਹ "ਚਰਨ 3" ਕਈ ਏਜੰਸੀਆਂ ਦੀ ਸਹਿਯੋਗ 'ਤੇ ਨਿਰਭਰ ਕਰੇਗਾ ਜੋ ਸਿਹਤ ਅਤੇ ਰਹਾਇਸ਼ ਲਈ ਵਿਕਲਪ ਪ੍ਰਦਾਨ ਕਰਨਗੇ। ਪੁਲਿਸ ਇਸ ਚਰਨ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕਰੇਗੀ।

ਜੁਲਾਈ 19 ਤੋਂ ਸਤੰਬਰ 6 ਤੱਕ, ਵਿਕਟੋਰੀਆ ਪੁਲਿਸ ਨੇ ਕੈਂਪ ਖੇਤਰ ਤੋਂ 50 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਵਿੱਚ 17 ਛੁਰੀਆਂ, 4 ਬੀਅਰ ਸਪਰੇ ਦੇ ਡੱਬੇ, 2 ਪਿਸਤੌਲਾਂ, 1 ਏਅਰਸਾਫਟ ਰਾਈਫਲ ਅਤੇ 1 ਰਾਈਫਲ ਸਕੋਪ ਸਹਿਤ ਹੋਰ ਹਥਿਆਰ ਜ਼ਬਤ ਕੀਤੇ ਗਏ।

ਅਧਿਕਾਰੀਆਂ ਨੇ ਕਿਹਾ, "ਅਸੀਂ ਖੇਤਰ ਵਿੱਚ ਬਹੁਤ ਸਾਰੇ ਹਥਿਆਰ ਪਹਿਲਾਂ ਹੀ ਜਬਤ ਕੀਤੇ ਹਨ। ਇਸ ਨਾਲ ਸਿਰਫ ਪਹਿਲੀ ਕਾਰਵਾਈ ਕਰਨ ਵਾਲੇ ਲੋਕਾਂ ਲਈ ਸੁਰੱਖਿਆ ਵਿੱਚ ਸੁਧਾਰ ਹੋਵੇਗਾ, ਬਲਕਿ ਉਥੇ ਰਹਿਣ ਵਾਲੇ ਨਾਜ਼ੁਕ ਨਾਗਰਿਕਾਂ ਅਤੇ ਇਸ ਖੇਤਰ ਦੇ ਆਲੇ-ਦੁਆਲੇ ਦੇ ਕਮਿਊਨਿਟੀ ਲਈ ਵੀ ਸੁਰੱਖਿਅਤ ਮਾਹੌਲ ਮਿਲੇਗਾ।"This report was written by Simranjit Singh as part of the Local Journalism Initiative.

SABZI MANDI SUPERMARKET
Serving our Community since 2003

# NEW LOCATION IN KELOWNA OPENING SOON!!!

HOT PRICE
INDIAN KARELA
ਦੇਸੀ ਕਰੇਲੇ
1.69 /lb

HOT PRICE
BC HOT CHILI
ਹਰੀਆਂ ਮਿਰਚਾਂ
1.99 /lb

HOT PRICE
SIZE 9 JUMBO CAULIFLOWER
ਗੋਭੀ
3.49 ea

HOT PRICE
FRESH CILANTRO
ਧਨੀਆਂ
Bunch
2 for 1.29

PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
6.99 ea

ALMOND OIL
ਬਦਾਮ ਤੇਲ
1L
12.99 ea

US#1 WALNUT HALVES
ਅਖਰੋਟ
6.99 /lb

HAPPY DAIRY PANEER
ਹੈਪੀ ਡੇਰੀ ਪਨੀਰ
300g
4.49 ea

ALOKOZAY CANOLA OIL
ਅੇਲੋਕੋਜ਼ੇ ਕਨੋਲਾ ਤੇਲ
3L
11.99 ea

UNBEATABLE DEAL
TATA TEA AGNI TEA
ਟਾਟਾ ਟੀ ਅੱਗਣੀ ਚਾਇ
1kg
8.99 ea

ROSHNI SOYA CHAAP
ਰੋਸ਼ਨੀ ਸੋਯਾ ਚਾਪ
850g
3.99 ea

TATA SALT
ਟਾਟਾ ਲੂਨ
1kg
1.99 ea

HEER CHAKKI ATTA
ਹੀਰ ਚੱਕੀ ਆਟਾ
20lb
12.99 ea

INDIAN ROOH AFZA
ਰੂਹ ਅਫਜ਼ਾ
750ml
3.99 ea

MERI CHAI TEA
ਮੇਰੀ ਚਾਹ
216's
5.99 ea

ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea

PETHA KADDU
ਪੇਠਾ ਕੱਦੂ
88¢ /lb

COLORED PEPPERS
ਸ਼ਿਮਲਾ ਮਿਰਚਾਂ
Excludes Green Bell Peppers
1.49 /lb

US#1 POTATOES
ਆਲੂ
10lb
3.99 ea

PROUDLY CANADIAN • PROUDLY PUNJABI!

US#1 RAPINI
ਸਾਗ
Bunch
2.99 ea

BC GALA APPLES
ਬੀ ਸੀ ਗੈਲਾ ਸੇਬ
99¢ /lb

INDIAN EGGPLANT
ਦੇਸੀ ਵਤਾਊਂ
1.49 /lb

SEEDLESS WATERMELON
ਮਤੀਰਾ
79¢ /lb

PEELED GARLIC
ਲਸਣ
5lb Jar
11.99 ea

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. September 13, 2024 - Wed. September 18, 2024

MasterCard VISA American Express Interac
American Express accepted at three locations.

SABZI MANDI SUPERMARKET
STORES OPEN 7 DAYS A WEEK
Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

You can also visit us online at www.sabzimandicanada.com